# ਲਾਹੌਰ ਸਾਜ਼ਿਸ਼ ਕੇਸ

## ਪਹਿਲੇ ਸਪਲੀਮੈਂਟਰੀ ਕੇਸ ਦੀ
## ਸ਼ਹਾਦਤ ਸ਼ਤਾਬਦੀ 2016




ਸੰਪਾਦਕ: ਰਘਬੀਰ ਕੌਰ (ਡਾ.)

# ਲਾਹੌਰ ਸਾਜ਼ਿਸ਼ ਕੇਸ

*ਪਹਿਲੇ ਸਪਲੀਮੈਂਟਰੀ ਕੇਸ ਦੀ*
*ਸ਼ਹਾਦਤ ਸ਼ਤਾਬਦੀ–2016*

ਸੰਪਾਦਕ: ਰਘਬੀਰ ਕੌਰ (ਡਾ.)

2

# ਲਾਹੌਰ ਸਾਜ਼ਿਸ਼ ਕੇਸ

**ਪਹਿਲੇ ਸਪਲੀਮੈਂਟਰੀ ਕੇਸ ਦੀ**
**ਸ਼ਹਾਦਤ ਸ਼ਤਾਬਦੀ-2016**

**ਸੰਪਾਦਕ: ਰਘਬੀਰ ਕੌਰ (ਡਾ.)**
136 ਸੀ, ਗੁਰਜੀਤ ਨਗਰ
ਗੜ੍ਹਾ ਰੋਡ, ਜਲੰਧਰ
ਮੋਬਾ: 94172-25365

ਪਹਿਲੀ ਵਾਰ: ਜੂਨ 2016

ਮੁੱਲ: 40 ਰੁਪਏ

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1,2 ਦੇਸ਼ ਭਗਤ ਯਾਦਗਾਰ ਬਿਲਡਿੰਗ ਜੀ.ਟੀ. ਰੋਡ. ਜਲੰਧਰ
ਫ਼ੋਨ: 0181-2239181, ਮੋਬਾਇਲ: 98140-87063
5aabparkashan@gmail.com www. 5aabparkashan.com

**ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ**
e-maii: vac_comp@yahoo.com

**ਪ੍ਰਿੰਟਰਜ਼: ਪੰਜ ਆਬ ਪ੍ਰਿੰਟਰਜ਼, ਜਲੰਧਰ**

BVP-1647
18/9/17
36/41
h-2236

# ਸਮਰਪਿਤ

*.ਗਦਰੀ ਸ਼ਹੀਦਾਂ ਦੀ ਸ਼ਹਾਦਤ ਸ਼ਤਾਬਦੀ*
*(1916-2016)*
*ਮੌਕੇ ਉਨ੍ਹਾਂ ਅਣਗਿਣਤ ਸ਼ਹੀਦਾਂ*
*ਤੇ*
*ਦੇਸ਼ ਭਗਤਾਂ ਦੀ ਯਾਦ ਨੂੰ*
*ਤਾਜ਼ਾ ਕਰਨ ਲਈ*
*ਜਿਨ੍ਹਾਂ ਨੇ ਆਪਣੇ ਪਿਆਰੇ ਵਤਨ ਦੀ ਆਜ਼ਾਦੀ ਲਈ*
*ਆਪਣਾ ਤਨ-ਮਨ-ਧਨ ਸਭ ਕੁਝ ਕੁਰਬਾਨ ਕਰ ਦਿੱਤਾ*

੫

# ਤਤਕਰਾ


- ਪ੍ਰਵੇਸ਼ਿਕਾ/**ਸੰਪਾਦਕ** 05
- ਗ਼ਦਰ ਲਹਿਰ ਅਤੇ ਲਾਹੌਰ ਸਾਜ਼ਿਸ਼ ਕੇਸ/**ਡਾ. ਰਘਬੀਰ ਕੌਰ** 09

(ੳ) ਲਾਹੌਰ ਸਾਜ਼ਿਸ਼ ਕੇਸ 1915 12

(ਅ) ਪਹਿਲਾ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ 13

(ੲ) ਫਾਂਸੀ ਦੀਆਂ ਸਜ਼ਾਵਾਂ ਭੁਗਤਣ ਵਾਲੇ ਗ਼ਦਰੀ 15

(ਸ) ਗ਼ਦਰੀ ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ 16

(ਹ) ਗ਼ਦਰੀ ਸ਼ਹੀਦ ਭਾਈ ਰੂੜ ਸਿੰਘ ਤਲਵੰਡੀ ਭੰਗੇਰੀਆਂ 19

(ਕ) ਗ਼ਦਰੀ ਸ਼ਹੀਦ ਭਾਈ ਉੱਤਮ ਸਿੰਘ ਹਾਂਸ 22

(ਖ) ਗ਼ਦਰੀ ਸ਼ਹੀਦ ਭਾਈ ਬੀਰ ਸਿੰਘ ਬਾਹੋਵਾਲ 25

(ਗ) ਗ਼ਦਰੀ ਸ਼ਹੀਦ ਭਾਈ ਰੰਗਾ ਸਿੰਘ ਖੁਰਦਪੁਰ 27

(ਘ) ਉਮਰ ਕੈਦ ਤੇ ਜਾਇਦਾਦ ਜ਼ਬਤੀ ਦੀਆਂ ਸਜ਼ਾਵਾਂ ਵਾਲੇ ਗ਼ਦਰੀ: 30

(ਙ) ਉਮਰਕੈਦ ਤੋਂ ਘੱਟ ਸਜ਼ਾਵਾਂ ਵਾਲੇ ਗ਼ਦਰੀ: 32

- ਅਣਲਿਖਤ ਇਤਿਹਾਸ ਦੇ ਪੱਤਰੇ/ **ਡਾ. ਰਘਬੀਰ ਕੌਰ** 36
- ਗ਼ਦਰੀ ਸ਼ਹੀਦਾਂ ਦਾ ਬੇਮਿਸਾਲ ਕੁਰਬਾਨੀ ਭਰਿਆ ਇਤਿਹਾਸ/**ਪ੍ਰਿਥੀਪਾਲ ਮਾੜੀਮੇਘਾ** 41
- ਗ਼ਦਰ ਤਹਿਰੀਕ ਦੇ ਸਬ ਸੈਂਟਰ ਢੁੱਡੀਕੇ ਦੇ ਸੰਗਰਾਮੀ ਬਾਬੇ/**ਅਮਰਜੀਤ ਸਿੰਘ** 45
- ਗ਼ਦਰੀ ਸ਼ਹੀਦ ਬਾਬਾ ਈਸ਼ਰ ਸਿੰਘ/**ਅਮਰਜੀਤ ਸਿੰਘ** 48
- ਬਾਬਾ ਈਸ਼ਰ ਸਿੰਘ ਸ਼ਹੀਦ/**ਭਾਗ ਸਿੰਘ** 56
- ਗ਼ਦਰੀ ਬਾਬਿਆਂ ਦਾ ਪਿੰਡ ਢੁੱਡੀਕੇ/**ਹਰੀ ਸਿੰਘ ਢੁੱਡੀਕੇ** 59
- ਪਿੰਡ ਢੁੱਡੀਕੇ ਦੇ ਹੋਰ ਗ਼ਦਰੀ/**ਹਰੀ ਸਿੰਘ ਢੁੱਡੀਕੇ** 63

(ੳ) ਗ਼ਦਰੀ ਦੇਸ਼ ਭਗਤ ਬਾਬਾ ਪਾਲਾ ਸਿੰਘ ਢੁੱਡੀਕੇ 63

(ਅ) ਬਾਬਾ ਪਾਖਰ ਸਿੰਘ ਢੁੱਡੀਕੇ 66

(ੲ) ਬਾਬਾ ਪਾਲਾ ਸਿੰਘ (ਵੱਡਾ) 67

(ਸ) ਮਾਸਟਰ ਫੇਰਾ ਸਿੰਘ 68

(ਹ) ਬਾਬਾ ਅਤਰ ਸਿੰਘ 69

(ਕ) ਬਾਬਾ ਸੁੰਦਰ ਸਿੰਘ 69

(ਖ) ਬਾਬਾ ਸ਼ਾਮ ਸਿੰਘ 70

(ਗ) ਬਾਬਾ ਮਹਿੰਦਰ ਸਿੰਘ 70

- ਸ਼ਤਾਬਦੀ ਵਰ੍ਹਾ: 1916/**ਬਲਵਿੰਦਰ ਕੌਰ ਬਾਂਸਲ** 72

# ਪ੍ਰਵੇਸ਼ਿਕਾ

ਲੜੀਏ ਹਿੰਦ ਖਾਤਰ ਮਰੀਏ ਅਣਖ ਪਿੱਛੇ,
ਸੋਹਣੀ ਮੌਤ ਆਜ਼ਾਦੀ ਦੀ ਜੰਗ ਕਰੀਏ।
ਹੋਰ ਛੱਡੀਏ ਝੂਠਿਆਂ ਝੇੜਿਆਂ ਨੂੰ,
ਇਕ ਯੁਧ-ਆਜ਼ਾਦੀ ਆਰੰਭ ਕਰੀਏ।

ਹਿੰਦੋਸਤਾਨ ਨੂੰ ਅੰਗਰੇਜ਼ੀ ਸਾਮਰਾਜ ਤੋਂ ਮੁਕਤ ਕਰਾਉਣ ਲਈ ਗ਼ਦਰ ਪਾਰਟੀ ਵਲੋਂ ਕੀਤੇ ਗਏ ਸੰਗਰਾਮ ਦਾ ਇਤਿਹਾਸ ਬਹੁਤ ਕੁਰਬਾਨੀਆਂ ਭਰਪੂਰ ਹੈ। ਹਿੰਦੋਸਤਾਨ ਵਿਚ ਬਸਤੀਵਾਦੀ ਨਿਜ਼ਾਮ ਦੇ ਵਿਰੋਧ ਵਿਚ ਉੱਤਰੀ ਅਮਰੀਕਾ ਵਿਚ ਗ਼ਦਰ ਲਹਿਰ ਪੈਦਾ ਹੋਈ ਅਤੇ ਹਿੰਦੋਸਤਾਨ ਵਿਚ ਪ੍ਰਫੁਲਤ ਹੋਈ। ਗੁਲਾਮ ਭਾਰਤੀ ਲੋਕ ਬਦੇਸ਼ਾਂ ਵਿਚ ਗਏ ਤਾਂ ਰੁਜ਼ਗਾਰ ਦੀ ਭਾਲ 'ਚ ਸਨ ਪਰ ਉਨ੍ਹਾਂ ਨੇ ਆਪਣੀ ਰੋਟੀ ਰੋਜ਼ੀ ਨੂੰ ਲੱਤ ਮਾਰ ਕੇ ਦੇਸ਼ ਨੂੰ ਸੁਤੰਤਰ ਕਰਾਉਣ ਦਾ ਬੀੜਾ ਚੁੱਕਿਆ, ਪਰ ਹੁਣ ਸੁਆਲ ਇਹ ਉੱਠਦਾ ਹੈ ਕਿ ਉਹ ਕਿਹੜੀ ਅਲੋਕਾਰ ਗੱਲ ਸੀ ਜਿਸ ਗੱਲ ਨੇ ਉਨ੍ਹਾਂ ਨੂੰ ਇਸ ਪਾਸੇ ਮੋੜਿਆ।

ਗ਼ਦਰ ਲਹਿਰ ਦਾ ਇਤਿਹਾਸ ਪੜ੍ਹਨ ਉਪਰੰਤ ਦੋ ਨੁਕਤੇ ਉੱਭਰ ਕੇ ਸਾਹਮਣੇ ਆਉਂਦੇ ਹਨ। ਪਹਿਲਾ: ਨਿਰਾਦਰ ਸਹਿਣ ਤੋਂ ਮੁਨਕਰ ਹੋਣਾ। ਦੂਜਾ: ਬਦੇਸ਼ੀ ਤਾਂ ਆਪਣੇ ਦੇਸ਼ ਵਿਚ ਆਜ਼ਾਦੀ ਦਾ ਸੁੱਖ ਮਾਣ ਰਹੇ ਹਨ, ਅਸੀਂ ਆਜ਼ਾਦ ਹੋ ਕੇ ਅਜਿਹਾ ਸੁੱਖ ਕਿਉਂ ਨਹੀਂ ਮਾਣ ਸਕਦੇ। ਅਜਿਹਾ ਆਜ਼ਾਦੀ ਭਰਪੂਰ ਜੀਵਨ ਦਾ ਸੁੱਖ ਮਾਨਣ ਤੇ ਨਰੋਆ ਸਮਾਜ ਸਿਰਜਣ ਦਾ ਗ਼ਦਰੀਆਂ ਨੇ ਸੁਪਨਾ ਲਿਆ ਸੀ।

ਇਸ ਸੁਪਨੇ ਨੂੰ ਸਾਕਾਰ ਕਰਨ ਲਈ ਬਹੁਤ ਸਾਰੇ ਦੇਸ਼ ਭਗਤ ਆਪਣੇ ਘਰ, ਕਾਰੋਬਾਰ ਤੇ ਪੜ੍ਹਾਈ ਵਿਚੇ ਛੱਡ ਕੇ ਦੇਸ਼ ਨੂੰ ਮੁੜ ਆਏ ਸਨ। ਹਿੰਦੋਸਤਾਨੀ ਉਸ ਵੇਲੇ ਰਾਜਨੀਤਕ ਰੂਪ 'ਚ ਗੂੜ੍ਹੀ ਨੀਂਦ ਸੁੱਤੇ ਪਏ ਸਨ। ਅੰਗਰੇਜ਼ਾਂ ਦੇ ਝੋਲੀ ਚੁੱਕ ਕੁਝ ਸਾਡੇ ਆਪਣੇ ਹੀ ਮੋਹਤਬਰ ਲੋਕ ਅੰਗਰੇਜ਼ੀ ਹਕੂਮਤ ਦੀ ਮਦਦ ਕਰਨ ਲਈ ਅਪੀਲਾਂ ਕਰਦੇ ਸਨ। ਉਦੋਂ ਇਹ ਆਜ਼ਾਦੀ ਦੇ ਪਰਵਾਨੇ ਆਪਣੇ ਨਿੱਜੀ ਸੁੱਖਾਂ-ਆਰਾਮਾਂ ਨੂੰ ਤਿਆਗ ਕੇ ਸਿਰਾਂ 'ਤੇ ਕਫ਼ਨ ਬੰਨ੍ਹ ਕੇ ਸਿਰ ਧੜ ਦੀ ਬਾਜ਼ੀ ਲਾ ਕੇ ਭਾਰਤ ਨੂੰ ਪਰਤਣ ਸਮੇਂ ਗ਼ਦਰ ਦੀਆਂ ਕ੍ਰਾਂਤੀਕਾਰੀ ਸਰਗਰਮੀਆਂ ਵਿਚ ਹਿੱਸਾ ਲੈਣ ਦਾ ਹੋਕਾ ਦਿੰਦਿਆਂ ਕਿਹਾ ਸੀ:

ਚਲੋ ਚਲੀਏ ਦੇਸ਼ ਨੂੰ ਯੁੱਧ ਕਰਨੇ, ਇਹੋ ਆਖਰੀ ਬਚਨ ਫੁਰਮਾਨ ਹੋ ਗਏ।

ਇਹ ਆਜ਼ਾਦੀ ਸਾਨੂੰ ਸ਼ਾਂਤਮਈ ਅੰਦੋਲਨ ਨਾਲ ਨਹੀਂ ਮਿਲ ਗਈ ਸਗੋਂ ਇਸ

ਦੀਆਂ ਨੀਹਾਂ ਵਿਚ ਡੁੱਲ੍ਹਿਆ ਗ਼ਦਰੀ ਸ਼ਹੀਦਾਂ ਦਾ ਖ਼ੂਨ ਸਾਨੂੰ ਅੱਜ ਤੋਂ ਸੌ ਵਰ੍ਹੇ ਤੋਂ ਵੀ ਵੱਧ ਸਮੇਂ ਪਹਿਲਾਂ ਦੇਸ਼ ਦੀ ਆਜ਼ਾਦੀ ਲਈ ਗ਼ਦਰੀਆਂ ਦੀਆਂ ਕੀਤੀਆਂ ਕੁਰਬਾਨੀਆਂ ਦੀ ਯਾਦ ਤਾਜ਼ਾ ਕਰਾਉਂਦਾ ਹੈ। ਹਕੂਮਤ ਨੇ ਗ਼ਦਰੀਆਂ ਦੀਆਂ ਸਫ਼ਾਂ ਵਲੇਟਣ ਲਈ ਬਾਹਰੋਂ ਆਉਂਦੇ ਦੇਸ਼ ਭਗਤਾਂ ਨੂੰ ਬੰਦਰਗਾਹਾਂ ਤੋਂ ਹੀ ਗ੍ਰਿਫਤਾਰ ਕਰ ਲਿਆ ਸੀ। ਗ਼ਦਾਰਾਂ ਵਲੋਂ ਸੂਹ ਦੇਣ ਤੇ ਹਿੰਦੋਸਤਾਨ ਵਿਚੋਂ ਬਹੁਤ ਸਾਰੇ ਗ਼ਦਰੀ ਆਪਣੇ ਗੁਪਤ ਟਿਕਾਣਿਆਂ ਤੋਂ ਫੜੇ ਗਏ ਸੀ। ਇਨ੍ਹਾਂ ਫੜੇ ਗਏ ਗ਼ਦਰੀਆਂ ਨੂੰ ਵੱਖ-ਵੱਖ ਕੇਸਾਂ ਵਿਚ ਧਰ ਲਿਆ ਗਿਆ। ਇਨ੍ਹਾਂ ਵਿਚੋਂ ਇਕ 'ਲਾਹੌਰ ਸਾਜ਼ਿਸ਼ ਕੇਸ' ਹੈ ਅਤੇ ਇਸ ਦੇ ਅੱਗੋਂ ਚਾਰ ਸਪਲੀਮੈਂਟਰੀ ਕੇਸ ਹਨ।

ਇਹ ਸਾਲ (2016) ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੀ ਸ਼ਹਾਦਤ ਸ਼ਤਾਬਦੀ ਦਾ ਵਰ੍ਹਾ ਹੈ। ਪਿਛਲੇ ਸਾਲ ਲਾਹੌਰ ਸਾਜ਼ਿਸ਼ ਕੇਸ ਦੀ ਸ਼ਹਾਦਤ ਸ਼ਤਾਬਦੀ ਦਾ ਵਰ੍ਹਾ ਸੀ। 16 ਨਵੰਬਰ 1915 ਨੂੰ ਲਾਹੌਰ, ਸੈਂਟਰਲ ਜੇਲ੍ਹ ਵਿਚ ਗ਼ਦਰ ਪਾਰਟੀ ਦੇ ਬਾਲਾ ਜਰਨੈਲ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਹਰਨਾਮ ਸਿੰਘ ਸਿਆਲਕੋਟੀ, ਜਗਤ ਸਿੰਘ ਸੁਰ ਸਿੰਘ, ਸੁਰੈਣ ਸਿੰਘ ਛੋਟਾ ਗਿੱਲਵਾਲੀ, ਸੁਰੈਣ ਸਿੰਘ ਵੱਡਾ ਗਿੱਲਵਾਲੀ ਅਤੇ ਬਖਸ਼ੀਸ਼ ਸਿੰਘ ਗਿੱਲਵਾਲੀ ਨੂੰ ਫ਼ਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਸੀ। 18 ਜੂਨ 2016 ਨੂੰ ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੇ ਗ਼ਦਰੀਆਂ ਨੂੰ ਸ਼ਹੀਦ ਹੋਇਆਂ ਪੂਰੇ ਸੌ ਸਾਲ ਹੋ ਜਾਣਗੇ। ਗ਼ਦਰੀਆਂ ਦੇ ਲਹੂ ਨਾਲ ਰੰਗੀ ਲਾਹੌਰ ਸੈਂਟਰਲ ਜੇਲ੍ਹ ਵੀ ਹਿੰਦੋਸਤਾਨ ਦੇ ਇਤਿਹਾਸ ਵਿਚ ਇਕ ਅਹਿਮ ਸਥਾਨ ਰੱਖਦੀ ਹੈ। ਇਸ ਜੇਲ੍ਹ ਵਿਚ ਗ਼ਦਰੀਆਂ ਨੂੰ ਇਕ ਇਕ ਕਰਕੇ ਜਾਂ ਕਦੇ ਇਕੱਠੇ ਸੱਤ, ਪੰਜ, ਚਾਰ, ਤਿੰਨ, ਦੋ ਨੂੰ ਇਕੱਠਿਆਂ ਫ਼ਾਂਸੀ ਲਾਉਣ ਦਾ ਲੰਮਾ ਇਤਿਹਾਸ ਜੁੜਿਆ ਹੋਇਆ ਹੈ। ਗ਼ਦਰੀਆਂ ਦੀਆਂ ਸ਼ਹਾਦਤਾਂ ਨੇ ਸਮੁੱਚੀ ਭਾਰਤੀ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ। ਇਹ ਲੋਕ ਨਾਇਕ ਸ਼ਹਾਦਤਾਂ ਪਾ ਕੇ ਸਦਾ ਲਈ ਅਮਰ ਹੋ ਗਏ ਜੋ ਸਾਡਾ ਸਭ ਦਾ ਸਾਂਝਾ ਸਰਮਾਇਆ ਹੈ।

ਇਸ ਸਾਂਝੇ ਸਰਮਾਏ ਦੀ ਬਾਤ ਪਾਉਂਦਾ ਹੈ ਕਿਤਾਬਚਾ "ਲਾਹੌਰ ਸਾਜ਼ਿਸ਼ ਕੇਸ: ਪਹਿਲੇ ਸਪਲੀਮੈਂਟਰੀ ਕੇਸ ਦੀ ਸ਼ਹਾਦਤ ਸ਼ਤਾਬਦੀ 2016"। ਇਸ ਕਿਤਾਬਚੇ ਵਿਚ ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਬਾਰੇ, ਫ਼ਾਂਸੀ ਲਾਏ ਜਾਣ ਵਾਲੇ ਗ਼ਦਰੀਆਂ ਬਾਰੇ, ਉਮਰ ਕੈਦਾਂ ਤੇ ਘੱਟ ਸਜ਼ਾਵਾਂ ਵਾਲੇ ਗ਼ਦਰੀਆਂ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਗਈ ਹੈ। ਇਸ ਕੇਸ ਵਿਚ ਗ਼ਦਰੀਆਂ ਨੂੰ ਫਾਂਸੀ ਲਾਉਣ ਦੇ ਪਿਛੋਕੜ ਵਿਚ ਕਿਹੜੇ ਕਾਰਨ ਕਾਰਜਸ਼ੀਲ ਸਨ, ਉਨ੍ਹਾਂ ਤੇ ਕਿਹੜੇ-ਕਿਹੜੇ ਕੇਸ ਪਾਏ ਗਏ ਆਦਿ ਦਾ ਵੇਰਵਾ ਦਰਜ ਹੈ। ਇਸ ਕੇਸ ਦੇ ਸ਼ਹੀਦਾਂ ਦੀਆਂ ਮੀਟਿੰਗਾਂ ਦਾ ਮੁੱਖ ਕੇਂਦਰ ਢੁੱਡੀਕੇ ਸੀ। ਇਸ ਲਈ ਗ਼ਦਰੀਆਂ ਦੇ ਸਬ ਸੈਂਟਰ ਢੁੱਡੀਕੇ ਬਾਰੇ ਵੀ ਲੋੜ ਅਨੁਸਾਰ ਜਾਣਕਾਰੀ ਦਿੱਤੀ ਗਈ ਹੈ। ਢੁੱਡੀਕੇ ਕੇਂਦਰ ਦਾ ਜਿਥੇ ਭਾਈ ਈਸ਼ਰ ਸਿੰਘ ਆਗੂ ਮੰਨਿਆ ਗਿਆ ਹੈ, ਉਥੇ ਇਸੇ ਪਿੰਡ ਦੇ ਪੰਜ ਹੋਰ ਗ਼ਦਰੀ ਵੀ ਇਸੇ ਕੇਸ ਵਿਚ ਸ਼ਾਮਲ ਕੀਤੇ ਗਏ ਸਨ।

ਗ਼ਦਰੀਆਂ ਦੀਆਂ ਸ਼ਹਾਦਤਾਂ ਤੋਂ ਪਿੱਛੋਂ ਇਨ੍ਹਾਂ ਦੇ ਪਰਿਵਾਰਾਂ ਨਾਲ ਵਿਸ਼ੇਸ਼ ਤੌਰ ਤੇ ਔਰਤਾਂ ਨਾਲ ਕੀ ਬੀਤੀ ਉਨ੍ਹਾਂ ਬਾਰੇ ਵੀ ਇਸ ਕਿਤਾਬਚੇ ਵਿਚ **ਅਣਲਿਖਤ ਇਤਿਹਾਸ ਦੇ ਪੱਤਰੇ** ਸਿਰਲੇਖ ਅਧੀਨ ਇਕ ਛੋਟੀ ਜਿਹੀ ਬਾਤ ਪਾਉਣ ਦਾ ਯਤਨ ਕੀਤਾ ਗਿਆ ਹੈ।

ਸਭ ਤੋਂ ਪਹਿਲਾਂ ਮੈਂ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ ਹਰਿੰਦਰ ਸਿੰਘ ਦਾ ਧੰਨਵਾਦ ਕਰਨਾ ਆਪਣਾ ਪਰਮ ਧਰਮ ਸਮਝਦੀ ਹਾਂ ਜਿਨ੍ਹਾਂ ਦੇ ਗ਼ਦਰੀ ਸ਼ਹੀਦਾਂ ਬਾਰੇ ਲਿਖੇ ਲੇਖ ਅਤੇ ਕੇਸਾਂ ਦੀ ਜੱਜਮੈਂਟ ਸੰਬੰਧੀ ਸੰਪਾਦਿਤ ਪੁਸਤਕਾਂ ਵਿਚੋਂ ਪੜ੍ਹ ਕੇ ਨਰੋਈ ਜਾਣਕਾਰੀ ਹਾਸਲ ਕਰਨ ਦਾ ਲਾਭ ਉਠਾਇਆ ਹੈ। ਧੰਨਵਾਦ ਹੈ ਉਨ੍ਹਾਂ ਸਭ ਲੇਖਕਾਂ ਦਾ ਜਿਨ੍ਹਾਂ ਦੀਆਂ ਲਿਖੀਆਂ ਪੁਸਤਕਾਂ ਤੋਂ ਮਿਲੀ ਜਾਣਕਾਰੀ ਇਸ ਕੇਸ ਨੂੰ ਸਮਝਣ ਵਿਚ ਸਹਾਈ ਹੋਈ ਹੈ।

ਇਸ ਕਿਤਾਬਚੇ ਦੇ ਲੇਖਕਾਂ ਮਰਹੂਮ ਸ. ਭਾਗ ਸਿੰਘ ਸਪੁੱਤਰ ਗ਼ਦਰੀ ਸ਼ਹੀਦ ਈਸ਼ਰ ਸਿੰਘ ਢੁੱਡੀਕੇ, ਅਮਰਜੀਤ ਸਿੰਘ ਪੋਤਰਾ ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ, ਲੇਖਕ ਹਰੀ ਸਿੰਘ ਢੁੱਡੀਕੇ ਅਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ ਟਰੱਸਟੀ ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਕੇਸ ਨਾਲ ਸਬੰਧਤ ਅਤੇ ਇਸ ਕੇਸ ਦੇ ਸ਼ਹੀਦਾਂ ਬਾਰੇ ਲੇਖ ਲਿਖ ਕੇ ਕਿਤਾਬਚੇ ਵਿਚਲੀ ਜਾਣਕਾਰੀ ਨੂੰ ਅਮੀਰੀ ਪ੍ਰਦਾਨ ਕੀਤੀ। ਇਸ ਸਬੰਧੀ ਲੋੜੀਂਦੀ ਸਮੱਗਰੀ ਉਪਲੱਬਧ ਕਰਾਉਣ ਲਈ ਭਾਈ ਸੰਤੋਖ ਸਿੰਘ ਕਿਰਤੀ ਲਾਇਬਰੇਰੀ, ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਦੀ ਲਾਇਬਰੇਰੀਅਨ ਬਲਵਿੰਦਰ ਕੌਰ ਦੀ ਧੰਨਵਾਦੀ ਹਾਂ। ਕੰਪਿਊਟਰ ਡਿਜ਼ਾਇਨਰ ਗੁਰਦੀਪ ਸਿੰਘ ਨੇ ਇਸ ਕਿਤਾਬਚੇ ਵਿਚ ਲੱਗੀਆਂ ਫੋਟੋਆਂ ਉਪਲੱਬਧ ਕਰਵਾ ਕੇ ਪਾਠਕਾਂ ਨਾਲ ਗ਼ਦਰੀਆਂ ਦੀ ਸਾਂਝ ਤੇ ਪਛਾਣ ਬਣਾਉਣ ਲਈ ਬਹੁਤ ਸਹਿਯੋਗ ਦਿੱਤਾ ਹੈ। ਉਹ ਮੇਰੇ ਧੰਨਵਾਦ ਦਾ ਪਾਤਰ ਹੈ। ਧੰਨਵਾਦੀ ਹਾਂ ਕੇਸਰ ਸਿੰਘ, ਪੰਜ ਆਬ ਪ੍ਰਕਾਸ਼ਨ ਜਲੰਧਰ ਦੀ ਜਿਨ੍ਹਾਂ ਨੇ ਬੜੇ ਥੋੜ੍ਹੇ ਤੇ ਢੁਕਵੇਂ ਮੌਕੇ 'ਤੇ ਕਿਤਾਬਚਾ ਛਪਵਾਉਣ ਲਈ ਪੂਰਨ ਸਹਿਯੋਗ ਦਿੱਤਾ।

ਇਸ ਕਿਤਾਬਚੇ ਨੂੰ ਲਿਖਣ ਦੇ ਆਰੰਭ ਤੋਂ ਲੈ ਕੇ ਅੰਤਮ ਛੋਹਾਂ ਦੇਣ ਤੱਕ ਸੀਤਾ ਰਾਮ ਬਾਂਸਲ ਦੇ ਦਿੱਤੇ ਸਹਿਯੋਗ ਲਈ ਰਿਣੀ ਹਾਂ। ਦੇਸ਼ ਭਗਤ ਗ਼ਦਰੀ ਬਾਬੇ ਯਾਦਗਾਰੀ ਕਮੇਟੀ, ਢੁੱਡੀਕੇ (ਮੋਗਾ) ਦੇ ਵਿਸ਼ੇਸ਼ ਸਹਿਯੋਗ ਲਈ ਧੰਨਵਾਦੀ ਹਾਂ। ਇਸ ਕਿਤਾਬਚੇ ਨੂੰ ਛਪਵਾਉਣ ਅਤੇ ਪਾਠਕਾਂ ਦੇ ਹੱਥਾਂ ਤੱਕ ਪੁੱਜਦਾ ਕਰਨ ਲਈ ਸ੍ਰੀ ਦੇਵ ਰਾਜ ਨਈਅਰ ਅਤੇ ਮਨਜੀਤ ਕੇਸਰ ਦੇ ਭਰਵੇਂ ਹੁੰਗਾਰੇ ਲਈ ਧੰਨਵਾਦੀ ਹਾਂ।

18 ਜੂਨ 2016 ਪਹਿਲੇ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਦੇ ਗ਼ਦਰੀਆਂ ਦੀ ਸ਼ਹਾਦਤ ਸ਼ਤਾਬਦੀ ਹੈ। ਗ਼ਦਰ ਲਹਿਰ ਦੇ ਸ਼ਹੀਦ ਅਤੇ ਗ਼ਦਰੀ ਬਾਬੇ, ਗ਼ਦਰ ਸਾਹਿਤ, ਇਤਿਹਾਸਕ ਥਾਵਾਂ ਤੇ ਵਸਤਾਂ ਸਾਡਾ ਅਨਮੋਲ ਵਿਰਸਾ ਹੈ। ਇਸ ਵਿਰਸੇ ਨੂੰ ਸੰਭਾਲਣਾ, ਪ੍ਰਚਾਰਨਾ-ਪ੍ਰਸਾਰਨਾ ਸਾਡੀ ਸਭ ਦੀ ਜ਼ੁੰਮੇਵਾਰੀ ਬਣਦੀ ਹੈ। ਇਸ ਜ਼ੁੰਮੇਵਾਰੀ ਦਾ ਸਾਨੂੰ

ਮੁੜ ਚੇਤਾ ਕਰਾਉਂਦੀਆਂ ਹਨ 'ਗ਼ਦਰ ਗੂੰਜਾਂ' ਦੀਆਂ ਹੇਠ ਲਿਖੀਆਂ ਕਾਵਿ ਸਤਰਾਂ:

*ਹਿੰਦੋਸਤਾਨੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲ ਤੋਂ ਨਹੀਂ ਭੁਲਾ ਜਾਣਾ*
*ਖਾਤਰ ਵਤਨ ਦੀ ਚੜ੍ਹੇ ਹਾਂ ਫਾਂਸੀਆਂ 'ਤੇ, ਦੇਖ ਅਸਾਂ ਨੂੰ ਨਹੀਂ ਘਬਰਾ ਜਾਣਾ*
*ਮੌਤ ਅਸਾਂ ਦੀ ਜ਼ਿੰਦਗੀ ਕੌਮ ਦੀ ਹੈ, ਫਰਜ਼ ਆਪਣਾ ਅਸੀਂ ਨਿਭਾਅ ਜਾਣਾ*
*ਸਾਡੀ ਯਾਦ ਨੇ ਵਤਨ ਸਪੁੱਤਰਾਂ ਨੂੰ, ਇਸ਼ਕ ਵਤਨ ਦਾ ਅੰਤ ਨੂੰ ਲਾ ਜਾਣਾ*
*ਸਾਡਾ ਜਿਸਮ ਇਹ ਵਤਨ ਦੀ ਖਾਕ ਪਿਆਰੀ, ਇਸ ਨੂੰ ਵਤਨ ਦੇ ਵਿਚ ਮਿਲਾ ਜਾਣਾ*
*ਕੁਛ ਮਰ ਗਏ ਹਾਂ ਕੁਛ ਜਿਹਲ ਚੱਲੇ, ਪਿੱਛੋਂ ਤੁਸਾਂ ਨਾ ਮੁੱਖ ਪਰਤਾ ਜਾਣਾ*

ਗ਼ਦਰੀ ਬਾਬਿਆਂ ਵੱਲੋਂ ਵਿੱਢੇ ਸੰਗਰਾਮ ਦਾ ਮੁੱਖ ਉਦੇਸ਼ ਸੀ ਹਿੰਦੋਸਤਾਨ ਦੀ ਸੰਪੂਰਨ ਆਜ਼ਾਦੀ, ਬਰਾਬਰੀ ਤੇ ਸਾਂਝੀਵਾਲਤਾ ਅਤੇ ਧਰਮ ਨਿਰਪੱਖਤਾ ਵਾਲਾ ਸਮਾਜ ਸਿਰਜਣਾ। ਅਫ਼ਸੋਸ! ਅਜੋਕਾ ਸਮਾਜ ਅਜੇ ਗ਼ਦਰੀ ਬਾਬਿਆਂ ਦੇ ਸੁਪਨਿਆਂ ਦੇ ਹਾਣ ਦਾ ਨਹੀਂ ਹੈ। ਇਹ ਕਿਤਾਬਚਾ ਗ਼ਦਰ ਲਹਿਰ ਦੇ ਇਨ੍ਹਾਂ ਸ਼ਹੀਦਾਂ ਦੇ ਸੰਘਰਸ਼ੀ ਜੀਵਨ ਦੀਆਂ ਮੁਕੰਮਲ ਘਟਨਾਵਾਂ ਅਤੇ ਵੇਰਵਿਆਂ ਦਾ ਇਤਿਹਾਸ ਤਾਂ ਨਹੀਂ ਹੈ ਪਰੰਤੂ ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਦੇ ਲਹੂ ਡੋਲ੍ਹੇ ਸੰਗਰਾਮ ਨੂੰ ਸ਼ਹਾਦਤ ਸ਼ਤਾਬਦੀ ਮੌਕੇ ਸ਼ਰਧਾਂਜਲੀ ਦੇ ਰੂਪ ਵਿੱਚ ਸੰਖੇਤ ਜਾਣਕਾਰੀ ਪ੍ਰਦਾਨ ਕਰਦਾ ਇਹ ਨਿਮਾਣਾ ਜਿਹਾ ਯਤਨ ਹੈ। ਇਸ ਕਿਤਾਬਚੇ ਨੂੰ ਪਾਠਕਾਂ ਦੇ ਹੱਥਾਂ ਵਿੱਚ ਸੌਂਪਦਿਆਂ ਅਸੀਂ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ ਅਤੇ ਆਸ ਕਰਦੇ ਹਾਂ ਕਿ ਸਾਡਾ ਇਹ ਉਪਰਾਲਾ ਸੁਹਿਰਦ ਪਾਠਕਾਂ ਲਈ ਲਾਹੇਵੰਦ ਸਾਬਤ ਹੋਵੇਗਾ।

**-ਡਾ. ਰਘਬੀਰ ਕੌਰ**
**13 ਜੂਨ 2016**

# ਗ਼ਦਰ ਲਹਿਰ ਅਤੇ ਲਾਹੌਰ ਸਾਜ਼ਿਸ਼ ਕੇਸ

-ਡਾ. ਰਘਬੀਰ ਕੌਰ

ਉਨੀਵੀਂ ਸਦੀ ਦੇ ਦੂਜੇ ਅੱਧ ਵਿਚ ਅੰਗਰੇਜ਼ੀ ਹਕੂਮਤ ਨੇ ਹਿੰਦੋਸਤਾਨ ਉੱਤੇ ਪੱਕਾ ਕਬਜਾ ਕਰਨ ਦੇ ਇਰਾਦੇ ਨਾਲ ਲੁੱਟਣ ਦੇ ਨਵੇਂ ਢੰਗ ਤਰੀਕੇ ਅਪਨਾਉਣੇ ਸ਼ੁਰੂ ਕਰ ਦਿੱਤੇ ਸਨ। ਕਿਸਾਨਾਂ ਉੱਤੇ ਜ਼ਮੀਨੀ ਬੰਦੋਬਸਤ ਦੇ ਨਾਂ ਹੇਠ ਨਗਦ ਮਾਲੀਆ ਵਸੂਲਣਾ ਠੋਸ ਦਿੱਤਾ। ਛੋਟੀ ਕਿਸਾਨੀ ਨਗਦ ਮਾਮਲਾ ਤਾਰਨ ਲਈ ਕਰਜ਼ੇ ਹੇਠ ਦੱਬਦੀ ਗਈ। ਇਕ ਪਾਸੇ ਤਾਂ ਹਕੂਮਤ ਦੇ ਜਬਰ ਕਾਰਨ ਲੋਕ ਕੰਗਾਲ ਹੋ ਕੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਸਨ। ਦੂਜੇ ਪਾਸੇ ਸੋਕੇ (ਅਕਾਲ) ਵਰਗੀ ਕੁਦਰਤੀ ਕਰੋਪੀ ਅਤੇ ਪਲੇਗ ਵਰਗੀਆਂ ਨਾਮੁਰਾਦ ਬਿਮਾਰੀਆਂ ਦੇ ਫੈਲਣ ਕਾਰਨ ਬਹੁਤੇ ਲੋਕ ਮੌਤ ਦੇ ਮੂੰਹ ਵਿਚ ਜਾ ਰਹੇ ਸਨ। ਅਜਿਹੀ ਸਥਿਤੀ ਵਿਚ ਗਰੀਬੀ, ਬਿਮਾਰੀ ਤੇ ਗੁਲਾਮੀ ਦੇ ਸਤਾਏ ਲੋਕਾਂ ਨੇ ਫੌਜਾਂ ਵਿਚੋਂ ਆਪਣੇ ਨਾਂ ਕਟਵਾ ਕੇ ਆਪਣੀ ਜ਼ਮੀਨ ਗਹਿਣੇ ਰੱਖ ਜਾਂ ਵੇਚ ਵੱਟ ਕੇ ਮਜਬੂਰੀਵੱਸ ਰੁਜ਼ਗਾਰ ਲੱਭਣ ਲਈ ਸ਼ੰਘਾਈ, ਮਲਾਇਆ, ਸਿੰਘਾਪੁਰ, ਹਾਂਗਕਾਂਗ, ਕਨੇਡਾ ਅਤੇ ਅਮਰੀਕਾ ਆਦਿ ਦੇਸ਼ਾਂ ਨੂੰ ਜਾਣਾ ਸ਼ੁਰੂ ਕਰ ਦਿੱਤਾ। ਉਥੇ ਜਾ ਕੇ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਦੇ ਪੇਟ ਭਰਨ ਜੋਗੇ ਹੋਏ ਤਾਂ ਪਿੱਛੇ ਰਹਿੰਦੇ ਆਪਣੇ ਹੋਰ ਰਿਸ਼ਤੇਦਾਰਾਂ ਨੂੰ ਵੀ ਮੰਗਵਾਉਣ ਲੱਗ ਪਏ। ਉਹ ਆਰਥਿਕ ਪੱਖੋਂ ਕਾਫੀ ਮਜਬੂਤ ਹੋ ਗਏ ਸਨ। ਅਮਰੀਕਾ-ਕੈਨੇਡਾ ਵਿਚ ਕਈ ਹਿੰਦੋਸਤਾਨੀਆਂ ਨੇ ਜ਼ਮੀਨਾਂ ਖਰੀਦ ਕੇ ਖੇਤੀਬਾੜੀ ਦਾ ਧੰਦਾ ਅਪਣਾ ਲਿਆ ਅਤੇ ਕਈਆਂ ਨੇ ਕਈ ਹੋਰ ਚੰਗੇ ਕਾਰੋਬਾਰ ਸ਼ੁਰੂ ਕਰ ਦਿੱਤੇ ਸਨ।

ਇਸ ਤਰ੍ਹਾਂ ਅਮਰੀਕਾ, ਕੈਨੇਡਾ ਵਿਚ ਦਿਨ-ਬ-ਦਿਨ ਹਿੰਦੋਸਤਾਨੀਆਂ ਦੀ ਵਧਦੀ ਗਿਣਤੀ ਤੇ ਮਜ਼ਬੂਤ ਆਰਥਿਕਤਾ ਤੋਂ ਈਰਖਾਵਸ ਕਨੇਡੀਅਨ ਸਰਕਾਰ ਨੇ ਹਿੰਦੋਸਤਾਨੀਆਂ ਦੇ ਸਿੱਧੇ ਕਨੇਡਾ ਦਾਖਲੇ 'ਤੇ ਸ਼ਰਤਾਂ ਲਾ ਦਿੱਤੀਆਂ। ਭਾਰਤੀ ਕਨੇਡਾ ਦੀ ਬਜਾਇ ਅਮਰੀਕਾ ਵੱਲ ਜਾਣੇ ਸ਼ੁਰੂ ਹੋ ਗਏ। ਉਨ੍ਹੀਂ ਦਿਨੀਂ ਅਮਰੀਕਾ ਵਿਚ ਰੇਲ ਪੱਟੜੀ ਵਿੱਛਣ ਕਾਰਨ ਉਥੇ ਰੁਜ਼ਗਾਰ ਦੇ ਵਧੇਰੇ ਮੌਕੇ ਸਨ। ਇਥੋਂ ਦੇ ਮਜ਼ਦੂਰਾਂ ਨੇ ਵੀ ਈਰਖਾਵੱਸ ਭਾਰਤੀ ਮਜ਼ਦੂਰਾਂ ਦੀ ਲੁੱਟ ਖੋਹ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਅਜਿਹੇ ਜਬਰ ਜ਼ੁਲਮ ਤੇ ਨਿਰਾਦਰ ਨੇ ਭਾਰਤੀਆਂ ਦੀ ਅਣਖ ਨੂੰ ਟੁੰਬਿਆ ਤੇ ਉਹ ਇਕ ਮੁੱਠ ਹੋ ਕੇ ਇਨ੍ਹਾਂ ਮਸਲਿਆਂ ਉੱਤੇ ਸਲਾਹ ਮਸ਼ਵਰਾ ਕਰਨ ਲੱਗ ਪਏ।

ਅਮਰੀਕਾ ਗਏ ਭਾਰਤੀ ਮਜ਼ਦੂਰਾਂ, ਕਿਸਾਨਾਂ, ਸਾਬਕਾ ਫੌਜੀਆਂ ਅਤੇ ਉਥੇ

ਪੜ੍ਹਨ ਗਏ ਵਿਦਿਆਰਥੀਆਂ ਦਾ 21 ਅਪਰੈਲ 1913 ਨੂੰ ਅਸਟੋਰੀਆ ਦੀ ਇਕ ਆਰਾ ਮਿੱਲ ਵਿਚ ਭਾਈ ਕੇਸਰ ਸਿੰਘ ਠੱਠਗੜ੍ਹ, ਜ਼ਿਲ੍ਹਾ ਅੰਮ੍ਰਿਤਸਰ ਦੇ ਡੇਰੇ ਵਿਚ ਇਕੱਠ ਹੋਇਆ। ਆਸਟੋਰੀਆ ਵਿਖੇ ਹੋਏ ਇਕੱਠ ਵਿਚ 21 ਅਪਰੈਲ 1913 ਨੂੰ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ ਨਾਂ ਦੀ ਜਥੇਬੰਦੀ ਦਾ ਗਠਨ ਕਰ ਲਿਆ ਸੀ ਜੋ ਬਾਅਦ ਵਿਚ ਗ਼ਦਰ ਪਾਰਟੀ ਦੇ ਨਾਂ ਨਾਲ ਜਾਣੀ ਜਾਣ ਲੱਗ ਪਈ। ਜਥੇਬੰਦੀ ਦਾ ਮੁੱਖ ਉਦੇਸ਼ ਅੰਗਰੇਜ਼ੀ ਗ਼ੁਲਾਮੀ ਤੋਂ ਭਾਰਤ ਨੂੰ ਆਜ਼ਾਦ ਕਰਾਉਣਾ ਅਤੇ ਆਜ਼ਾਦੀ ਅਤੇ ਬਰਾਬਰੀ ਦੀਆਂ ਬੁਨਿਆਦਾਂ ਉਤੇ ਕੌਮੀ ਜਮਹੂਰੀਅਤ ਕਾਇਮ ਕਰਨੀ ਸੀ। ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਮੀਤ ਪ੍ਰਧਾਨ ਭਾਈ ਕੇਸਰ ਸਿੰਘ ਠੱਠਗੜ੍ਹ, ਜਨਰਲ ਸਕੱਤਰ ਲਾਲਾ ਹਰਦਿਆਲ, ਜਾਇੰਟ ਸਕੱਤਰ ਲਾਲਾ ਠਾਕਰ ਦਾਸ ਧੂਰੀ, ਖਜਾਨਚੀ ਪੰਡਤ ਕਾਸ਼ੀ ਰਾਮ ਮੜੌਲੀ ਚੁਣੇ ਗਏ। ਗ਼ਦਰ ਪਾਰਟੀ ਦੇ ਉਦੇਸ਼ਾਂ ਨੂੰ ਆਮ ਜਨਤਾ ਤੱਕ ਪਹੁੰਚਾ ਕੇ ਜਾਗ੍ਰਿਤ ਕਰਨ ਲਈ 'ਗ਼ਦਰ' ਅਖ਼ਬਾਰ ਅਤੇ ਗ਼ਦਰੀਆਂ ਦੀਆਂ ਦੇਸ਼ ਭਗਤੀ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਲਈ ਲੜੀਵਾਰ ਕਵਿਤਾ ਸੰਗ੍ਰਹਿ 'ਗ਼ਦਰ ਗੂੰਜਾਂ' ਦੀ ਪ੍ਰਕਾਸ਼ਨਾ ਹੋਣ ਲੱਗ ਪਈ। 4 ਅਗਸਤ 1914 ਦੇ ਗ਼ਦਰ ਅੰਕ ਵਿਚ ਯੁੱਧ ਦਾ ਐਲਾਨ ਕਰ ਦਿੱਤਾ ਗਿਆ। ਅਮਰੀਕਾ ਤੇ ਕਨੇਡਾ ਵਿਚ ਵੱਖ-ਵੱਖ ਥਾਵਾਂ 'ਤੇ ਇਸ ਦੇ ਯੂਨਿਟ ਸਥਾਪਤ ਹੋ ਗਏ ਤੇ ਮੀਟਿੰਗਾਂ ਹੋਣੀਆਂ ਸ਼ੁਰੂ ਹੋ ਗਈਆਂ। ਜਿਨ੍ਹਾਂ ਵਿਚੋਂ 7 ਅਗਸਤ 1914 ਨੂੰ ਆਖਰੀ ਮੀਟਿੰਗ ਫਰਿਜ਼ਨੋ (ਕੈਲੇਫ਼ੋਰਨੀਆ) ਵਿਚ ਹੋਈ। ਇਸ ਮੀਟਿੰਗ ਨੂੰ ਮੌਲਵੀ ਬਰਕਤਉੱਲਾ ਅਤੇ ਰਾਮ ਚੰਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਣ ਦਾ ਇਹ ਢੁੱਕਵਾ ਮੌਕਾ ਹੈ ਅਤੇ ਇਸ ਕਾਜ ਲਈ ਭਾਰਤ ਪੁੱਜ ਜਾਣਾ ਚਾਹੀਦਾ ਹੈ। ਇਹ ਉਹ ਸਮਾਂ ਸੀ ਜਦੋਂ ਇਕ ਪਾਸੇ ਇੰਗਲੈਂਡ ਅਤੇ ਜਰਮਨ ਵਿਚਕਾਰ ਯੁੱਧ ਸ਼ੁਰੂ ਹੋ ਗਿਆ ਸੀ ਤੇ ਦੂਜੇ ਪਾਸੇ ਕੌਮਾਗਾਟਾ ਮਾਰੂ ਦੇ ਮੁਸਾਫਰਾਂ ਨੂੰ ਕਨੇਡਾ ਉਤਰਨ ਦੀ ਪ੍ਰਵਾਨਗੀ ਨਾ ਮਿਲੀ ਤੇ ਵਾਪਸ ਕਲਕੱਤਾ ਪਹੁੰਚਣ 'ਤੇ ਅੰਗਰੇਜ਼ੀ ਹਕੂਮਤ ਵਲੋਂ ਮੁਸਾਫਰਾਂ 'ਤੇ ਕੀਤੇ ਜ਼ੁਲਮ ਨੇ ਭਾਰਤੀ ਕੌਮ ਦੀ ਮਾਨਸਿਕਤਾ ਨੂੰ ਝੰਜੋੜ ਕੇ ਰੱਖ ਦਿੱਤਾ।

ਅਮਰੀਕਾ ਤੇ ਕਨੇਡਾ ਸਮੇਤ ਵੱਖ-ਵੱਖ ਮੁਲਕਾਂ ਤੋਂ ਵੱਖ-ਵੱਖ ਜਹਾਜ਼ਾਂ ਰਾਹੀਂ ਭਾਰਤੀਆਂ ਨੇ ਗ਼ਦਰ ਵਿਚ ਹਿੱਸਾ ਲੈਣ ਲਈ ਭਾਰਤ ਨੂੰ ਚਾਲੇ ਪਾ ਦਿੱਤੇ। ਜਿਸ ਵੀ ਬੰਦਰਗਾਹ 'ਤੇ ਉਨ੍ਹਾਂ ਦਾ ਜਹਾਜ਼ ਰੁਕਦਾ ਉਹ ਮੀਟਿੰਗਾਂ ਕਰਕੇ 'ਗ਼ਦਰ ਗੂੰਜਾਂ' ਦੇ ਗੀਤ ਗਾਉਂਦੇ-ਸੁਣਾਉਂਦੇ ਅਤੇ ਦੇਸ਼ ਪਰਤ ਕੇ ਬਗ਼ਾਵਤ ਕਰਨ ਵਿਚ ਹਿੱਸਾ ਲੈਣ ਅਤੇ ਅਜਿਹੇ ਮੌਕੇ ਨੂੰ ਹੱਥੋਂ ਨਾ ਗੁਆਉਣ ਲਈ ਪ੍ਰੇਰਿਤ ਕਰਦੇ ਸਨ। ਗ਼ਦਰੀਆਂ ਦੀਆਂ ਅਜਿਹੀਆਂ ਕਾਰਵਾਈਆਂ ਤੋਂ ਅੰਗਰੇਜ਼ੀ ਹਕੂਮਤ ਬੇਖ਼ਬਰ ਨਹੀਂ ਸੀ। ਗ਼ਦਰ ਪਾਰਟੀ ਵਲੋਂ ਮਿਥੀ ਤਰੀਕ 'ਤੇ ਯੋਜਨਾ ਅਨੁਸਾਰ 21 ਫਰਵਰੀ 1915 ਨੂੰ ਕੀਤੇ ਜਾਣ ਵਾਲੇ ਗ਼ਦਰ ਦੀ ਤਰੀਕ 21 ਤੋਂ ਬਦਲ ਕੇ 19 ਕਰਨੀ ਪਈ ਕਿਉਂਕਿ ਸੂਹੀਏ ਕਿਰਪਾਲ ਸਿੰਘ ਨੇ ਇਸ ਦੀ ਸੂਚਨਾ ਹਕੂਮਤ ਨੂੰ ਦੇ ਦਿੱਤੀ ਸੀ। 19 ਫਰਵਰੀ 1915 ਨੂੰ ਕੀਤੇ ਜਾਣ ਵਾਲਾ ਗ਼ਦਰ ਆਰੰਭਣ ਤੋਂ ਪਹਿਲਾ ਹੀ ਅਸਫ਼ਲ ਹੋ ਗਿਆ ਕਿਉਂਕਿ ਸੂਹੀਏ

ਕਿਰਪਾਲ ਸਿੰਘ ਨੇ ਇਸ ਤਰੀਕ ਦਾ ਵੀ ਕਿਸੇ ਤਰ੍ਹਾਂ ਪਤਾ ਲਗਾ ਕੇ ਹਕੂਮਤ ਨੂੰ ਚੌਕਨਾ ਕਰ ਦਿੱਤਾ ਸੀ। ਗ਼ਦਰ ਦੀ ਯੋਜਨਾ ਅਸਫ਼ਲ ਰਹਿ ਗਈ ਤੇ ਗ਼ਦਰੀਆਂ ਨੂੰ ਪੁਲਿਸ ਨੇ ਵੱਖ-ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕਰ ਲਿਆ। ਹਕੂਮਤ ਨੇ ਗ਼ਦਰ ਲਹਿਰ ਦਾ ਮਲੀਆਮੇਟ ਕਰਨ ਲਈ ਬਦੇਸ਼ਾਂ ਤੋਂ ਪਰਤਦੇ ਬਹੁਤੇ ਗ਼ਦਰੀਆਂ ਨੂੰ ਪੰਜਾਬ ਦੀ ਧਰਤੀ 'ਤੇ ਪੈਰ ਧਰਨ ਤੋਂ ਪਹਿਲਾ ਹੀ ਜੇਲ੍ਹਾਂ ਵਿਚ ਬੰਦ ਕਰਕੇ ਵੱਖ-ਵੱਖ ਕੇਸਾਂ ਅਧੀਨ ਇਨ੍ਹਾਂ ਉਪਰ ਵੱਖ-ਵੱਖ ਮੁਕੱਦਮੇ ਚਲਾਏ ਗਏ।

ਬ੍ਰਿਟਿਸ਼ ਹਕੂਮਤ ਵਲੋਂ ਗ਼ਦਰ ਲਹਿਰ ਦੀਆਂ ਸਫਾਂ ਵਲੇਟਣ ਲਈ ਬਹੁਤ ਸਾਰੇ ਦੋਸ਼ ਲਾਏ ਗਏ ਜਿਨ੍ਹਾਂ ਵਿਚੋਂ ਕੁਝ ਕੁ ਦਾ ਇਥੇ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ। ਗ਼ਦਰੀਆਂ 'ਤੇ ਮੁੱਖ ਦੋਸ਼ ਸੀ ਕਿ ਬਾਦਸ਼ਾਹ ਦੇ ਵਿਰੁੱਧ ਜੰਗ ਛੇੜਨ ਅਤੇ ਉਕਸਾਉਣ ਦੀ ਸਾਜ਼ਿਸ਼ ਸੀ। ਇਹ ਵੀ ਕਿਹਾ ਗਿਆ ਕਿ ਗ਼ਦਰੀਆਂ ਨੇ ਭਾਰਤ ਪਰਤਦਿਆਂ ਸ਼ੰਘਾਈ, ਚੀਨ, ਹਾਂਗਕਾਂਗ, ਸਿੰਘਾਪੁਰ, ਫਿਲਪਾਇਨ, ਮਨੀਲਾ, ਪੀਨਾਂਗ ਅਤੇ ਰੰਗੂਨ ਆਦਿ ਸਥਾਨਾਂ 'ਤੇ ਫੌਜੀ ਛਾਉਣੀਆਂ ਵਿਚ ਵਿਦਰੋਹ ਫੈਲਾਉਣ ਦੀ ਕੋਸ਼ਿਸ਼ ਕੀਤੀ ਅਤੇ ਭਾਰਤ ਦੀਆਂ ਫੌਜੀ ਛਾਉਣੀਆਂ, ਮੇਰਠ, ਮੀਆਂਮੀਰ ਆਦਿ ਵਿਚ ਵੀ ਅਜਿਹੇ ਹੀ ਯਤਨ ਕੀਤੇ ਸਨ। ਇਸ ਤੋਂ ਇਲਾਵਾ ਪਿੰਡਾਂ ਵਿਚ ਕ੍ਰਾਂਤੀਕਾਰੀ ਗਤੀਵਿਧੀਆਂ ਦੇ ਗੁਪਤ ਕੇਂਦਰ ਸਥਾਪਤ ਕਰਨੇ ਅਤੇ ਨੌਜਵਾਨਾਂ ਨੂੰ ਕ੍ਰਾਂਤੀਕਾਰੀ ਗਤੀਵਿਧੀਆਂ ਲਈ ਤਿਆਰ ਕਰਨਾ, ਹਥਿਆਰ ਇਕੱਠੇ ਕਰਨੇ, ਬੰਬ ਬਣਾਉਣੇ, ਖਜ਼ਾਨੇ ਲੁੱਟਣੇ, ਆਵਾਜਾਈ ਤੇ ਸੰਚਾਰ ਸਾਧਨਾਂ ਦੀ ਭੰਨ ਤੋੜ ਕਰਨਾ ਅਤੇ ਭਾਵਨਾਵਾਂ ਨੂੰ ਉਤੇਜਿਤ ਕਰਨ ਵਾਲਾ ਕ੍ਰਾਂਤੀਕਾਰੀ ਸਾਹਿਤ ਛਾਪਣਾ ਤੇ ਵੰਡਣਾ ਆਦਿ ਦੋਸ਼ਾਂ ਤਹਿਤ ਇਨ੍ਹਾਂ ਉਪਰ ਕਈ ਮੁਕੱਦਮੇ ਬਣਾਏ ਗਏ:

(1) ਲਾਹੌਰ ਸਾਜ਼ਿਸ਼ ਕੇਸ 1915
(2) ਪਹਿਲਾ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ 1915-16
(3) ਦੂਜਾ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ 1916-17
(4) ਤੀਜਾ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ - ਮਾਰਚ 1917
(5) ਚੌਥਾ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ - ਮਈ 1917
(6) ਫ਼ੇਰੂਸ਼ਾਹ ਘਟਨਾ ਤੇ ਕੇਸ 1914-15
(7) ਅਨਾਰਕਲੀ ਕਤਲ ਕੇਸ - ਫਰਵਰੀ 1915
(8) ਨੰਗਲ ਕਲਾਂ ਕਤਲ ਕੇਸ - ਅਪ੍ਰੈਲ 1915
(9) ਵੱਲੇ ਪੁੱਲ ਦਾ ਸਾਕਾ ਕੇਸ - 11,12 ਜੂਨ 1915
(10) ਮਾਂਡਲੇ/ਬਰਮਾ ਸਾਜ਼ਿਸ਼ ਕੇਸ - 1916
(11) ਦੂਜਾ ਬਰਮਾ ਸਾਜ਼ਿਸ਼ ਕੇਸ - 1917
(12) ਜਗਤਪੁਰ ਕਤਲ ਕੇਸ -ਜੂਨ 1916
(13) ਪੱਧਰੀ ਕਤਲ ਕੇਸ - ਅਪ੍ਰੈਲ 1916
(14) ਮੰਡੀ ਸਾਜ਼ਿਸ਼ ਕੇਸ - 1917

(15) ਸਪਲੀਮੈਂਟਰੀ ਮੰਡੀ ਸਾਜ਼ਿਸ਼ ਕੇਸ
(16) ਬਨਾਰਸ ਸਾਜ਼ਿਸ਼ ਕੇਸ
(17) ਸ਼ਿਕਾਂਗੋ ਸਾਜ਼ਿਸ਼ ਕੇਸ
(18) ਠੀਕਰੀਵਾਲਾ, ਛੌੜੀਆਂ ਤੇ ਸ੍ਰੀ ਹਰਗੋਬਿੰਦਪੁਰ ਡਾਕੇ ਦਾ ਕੇਸ
(19) ਅਲਾਵਲਪੁਰ (ਜਲੰਧਰ) ਕੇਸ
(20) ਕਾਰਨਾਨਾ ਸਾਜ਼ਿਸ਼ ਕੇਸ
(21) ਸਾਨਫਰਾਂਸਿਸਕੋ (ਹਿੰਦੂ-ਜਰਮਨ ਸਾਜ਼ਿਸ਼) ਕੇਸ ਆਦਿ।

## (ੳ) ਲਾਹੌਰ ਸਾਜ਼ਿਸ਼ ਕੇਸ 1915

ਪੰਜਾਬ ਦੇ ਗਵਰਨਰ ਮਾਈਕਲ ਉਡਵਾਇਰ ਨੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿੱਚ ਬਗ਼ਾਵਤ ਨੂੰ ਦਬਾਉਣ ਦੀ ਕਾਹਲ ਵਿਚ ਬ੍ਰਿਟਿਸ਼ ਪਾਰਲੀਮੈਂਟ ਤੋਂ ਇਕ ਨੋਟੀਫਿਕੇਸ਼ਨ ਜਾਰੀ ਕਰਵਾ ਕੇ ਇਕ ਵਿਸ਼ੇਸ਼ ਟ੍ਰਿਬਿਊਨਲ ਡੀਫੈਂਸ ਆਫ਼ ਇੰਡੀਆ ਐਕਟ ਦੇ ਤਹਿਤ ਬਣਾ ਦਿੱਤਾ। ਇਸ ਟ੍ਰਿਬਿਊਨਲ ਵਿਚ ਇਕ ***ਚੀਫ਼ ਏ.ਏ. ਇਰਵਿਨ (ਪ੍ਰੈਜੀਡੈਂਟ ਕਮਿਸ਼ਨਰ), ਵੀ.ਪੀ. ਐਲਿਸ ਅਤੇ ਸ਼ਿਓ ਨਰਾਇਣ ਸਪੈਸ਼ਲ ਕਮਿਸ਼ਨਰ*** ਲਏ ਗਏ ਜੋ ਜੱਜ ਨਹੀਂ ਸਨ। ਇਨ੍ਹਾਂ ਨੂੰ ਫੈਸਲੇ ਕਰਨ ਦੇ ਸੁਤੰਤਰ ਅਧਿਕਾਰ ਦਿੱਤੇ ਗਏ ਅਤੇ ਉਨ੍ਹਾਂ ਦੇ ਕੀਤੇ ਫੈਸਲੇ 'ਤੇ ਨਾ ਵਕੀਲ, ਨਾ ਦਲੀਲ ਹੋ ਸਕਦੀ ਸੀ, ਸਿਰਫ਼ ਰਹਿਮ ਦੀ ਅਪੀਲ ਹੋ ਸਕਦੀ ਸੀ।

ਇਹ ਕੇਸ 'ਬਾਦਸ਼ਾਹ ਬਨਾਮ ਅਨੰਦ ਕਿਸ਼ੋਰ ਤੇ ਹੋਰ' ਸਿਰਲੇਖ ਅਧੀਨ ਦਰਜ ਹੈ। ਇਹ ਮੁਕੱਦਮਾ ਸੈਂਟਰਲ ਜੇਲ੍ਹ ਲਾਹੌਰ ਵਿਚ 26 ਅਪ੍ਰੈਲ 1915 ਨੂੰ ਸ਼ੁਰੂ ਹੋਇਆ ਅਤੇ 13 ਸਤੰਬਰ 1915 ਨੂੰ ਫੈਸਲਾ ਸੁਣਾਇਆ ਗਿਆ। ਇਸ ਕੇਸ ਵਿਚ 82 ਦੋਸ਼ੀ ਸ਼ਾਮਲ ਕੀਤੇ, 65 ਹਾਜ਼ਰ ਹੋਏ। ਇਨ੍ਹਾਂ ਵਿਚੋਂ 24 ਨੂੰ ਫਾਂਸੀ ਦੀ ਸਜ਼ਾ, 27 ਨੂੰ ਉਮਰ ਕੈਦ, 6 ਨੂੰ ਘੱਟ ਸਜ਼ਾਵਾਂ, 4 ਬਰੀ, 2 ਛੱਡ ਦਿੱਤੇ ਤੇ 10 ਵਾਅਦਾ ਮਾਫ਼ ਗਵਾਹ ਬਣ ਗਏ ਸਨ। 5 ਅਕਤੂਬਰ 1915 ਨੂੰ ਫਾਂਸੀ ਦੇਣ ਦਾ ਫੈਸਲਾ ਸੁਣਾਏ ਜਾਣ ਵਾਲੇ 24 ਗ਼ਦਰੀਆਂ ਵਿਚ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੀ ਸ਼ਾਮਲ ਸੀ। ਬਾਬਾ ਸੋਹਣ ਸਿੰਘ ਭਕਨਾ ਆਪਣੀ ਸਵੈ-ਜੀਵਨੀ 'ਜੀਵਨ ਸੰਗਰਾਮ' ਵਿਚ ਲਿਖਦੇ ਹਨ ਕਿ '5 ਅਕਤੂਬਰ ਨੂੰ ਸਵੇਰੇ ਉਹ ਅੰਤਮ ਇਸ਼ਨਾਨ ਲਈ ਤਿਆਰ ਸਨ ਕਿ ਜਦੋਂ ਅਚਾਨਕ ਉਹਨਾਂ ਦੀ ਫਾਂਸੀ ਅੱਗੇ ਪਾ ਦੇਣ ਦੀ ਸੂਚਨਾ ਮਿਲੀ... ਸਾਨੂੰ ਪਤਾ ਲੱਗਿਆ ਕਿ ਕੌਮੀ ਕਾਜ਼ ਦੇ ਸ਼ੁੱਭ ਚਿੰਤਕ ਸ੍ਰੀ ਰਘੂਨਾਥ ਸਹਾਇ ਅਤੇ ਹੋਰਾਂ ਨੇ ਵਕੀਲਾਂ ਦੀ ਇਕ ਕਮੇਟੀ ਬਣਾਈ, ਜੋ ਆਪਣੇ ਆਪ ਮੁਕੱਦਮੇ ਦੀ ਪੈਰਵੀ ਕਰ ਰਹੀ ਸੀ, ਉਹ ਅਲਾਹਾਬਾਦ ਵਿਖੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਪਿਤਾ ਪੰਡਤ ਮੋਤੀ ਲਾਲ ਨਹਿਰੂ ਪਾਸ ਭਰੋਸੋਯੋਗ ਦਸਤਾਵੇਜ਼ ਲੈ ਕੇ ਪੁੱਜੇ। ਪੰਡਿਤ ਨਹਿਰੂ ਨੇ ਰਾਏ ਦਿੱਤੀ ਕਿ ਇਹਨਾਂ ਚੌਵੀਆਂ ਵਿਚੋਂ ਸਤਾਰਾਂ ਤਾਂ ਭਾਰਤ ਦੀ ਧਰਤੀ 'ਤੇ ਪੈਰ ਰੱਖਣ ਤੋਂ ਪਹਿਲਾ

ਹੀ ਗ੍ਰਿਫ਼ਤਾਰ ਕਰ ਲਏ ਗਏ ਸਨ। ਫਿਰ ਉਹ ਵਾਇਸਰਾਏ ਕੌਂਸਲ ਦੇ ਇੰਡੀਅਨ ਲੀਗਲ ਮੈਂਬਰਾਂ ਨੂੰ ਮਿਲੇ ਜਿਵੇਂ ਕਿ ਸਰ ਅਲੀ ਇਮਾਮ ਨੂੰ, ਜਿਸ ਨੇ ਗਵਰਨਰ ਜਨਰਲ ਨੂੰ ਦਲੀਲ ਨਾਲ ਸਮਝਾਉਣ ਲਈ ਪ੍ਰੇਰਿਤ ਕੀਤਾ ਗਿਆ, ਜਿਸ ਦੇ ਨਤੀਜੇ ਵਜੋਂ ਇਸ ਕੇਸ ਵਿਚ ਪੜਤਾਲ ਕੀਤੀ ਗਈ।"

ਪੜਤਾਲ ਉਪਰੰਤ ਵਾਇਸਰਾਏ ਲਾਰਡ ਹਾਰਡਿੰਗ ਨੇ 24 ਵਿਚੋਂ 17 ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ। 16 ਨਵੰਬਰ 1915 ਨੂੰ ਫਾਂਸੀ ਲੱਗਣ ਵਾਲੇ ਸੱਤ ਗ਼ਦਰੀ ਸਨ। ਜਿਨ੍ਹਾਂ ਵਿਚ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟੀ, ਬਖਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ ਤਿੰਨੇ ਪਿੰਡ ਗਿੱਲਵਾਲੀ ਜ਼ਿਲ੍ਹਾ ਅੰਮ੍ਰਿਤਸਰ ਦੇ ਸਨ। 17 ਗ਼ਦਰੀਆਂ ਨੂੰ ਉਮਰ ਕੈਦ ਭੁਗਤਣ ਲਈ ਕਾਲੇ ਪਾਣੀ ਜੇਲ੍ਹ ਵਿਚ ਭੇਜ ਦਿੱਤਾ ਗਿਆ।

## (ਅ) ਪਹਿਲਾ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ

ਇਹ ਮੁਕੱਦਮਾ 'ਬਾਦਸ਼ਾਹ ਬਨਾਮ ਅਮਰ ਸਿੰਘ ਤੇ ਹੋਰ' ਦੇ ਸਿਰਲੇਖ ਹੇਠ ਦਰਜ ਹੈ। ਇਹ ਕੇਸ ਵੀ ਪਹਿਲੇ ਵਿਸ਼ੇਸ਼ ਟ੍ਰਿਬਿਊਨਲ ਨੇ ਸੈਂਟਰਲ ਜੇਲ੍ਹ ਲਾਹੌਰ ਵਿਚ ਹੀ ਸੁਣਿਆ। ਇਹ ਕੇਸ 29 ਅਕਤੂਬਰ 1915 ਨੂੰ ਸ਼ੁਰੂ ਹੋਇਆ ਅਤੇ 30 ਮਾਰਚ 1916 ਨੂੰ ਫੈਸਲਾ ਸੁਣਾਇਆ ਗਿਆ। ਇਸ ਮੁਕੱਦਮੇ ਵਿਚ ਸ਼ਾਮਲ102 ਦੋਸ਼ੀਆਂ ਵਿਚੋਂ ਬਹੁਗਿਣਤੀ ਬਦੇਸ਼ਾਂ ਤੋਂ ਪਰਤੇ ਭਾਰਤੀਆਂ ਦੀ ਸੀ। ਇਸ ਕੇਸ ਵਿਚ ਕੁਝ ਉਹ ਗ਼ਦਰੀ ਵੀ ਸ਼ਾਮਲ ਕਰ ਲਏ ਗਏ ਜੋ ਪਹਿਲੇ ਕੇਸ 'ਚੋਂ ਬਰੀ ਜਾਂ ਭਗੌੜੇ ਹੋ ਗਏ ਸਨ। ਭਾਈ ਗੁੱਜਰ ਸਿੰਘ ਭਕਨਾ ਜਿਹੜਾ ਪਹਿਲੇ ਮੁਕੱਦਮੇ 'ਚੋਂ ਬਰੀ ਹੋ ਗਿਆ ਸੀ, ਉਸਨੂੰ ਫਿਰ ਇਸ ਮੁਕੱਦਮੇ ਵਿਚ ਧਰ ਲਿਆ ਗਿਆ। ਇਸ ਕੇਸ ਵਿਚੋਂ ਭਗੌੜੇ ਹੋਏ ਬੀਰ ਸਿੰਘ ਬਾਹੋਵਾਲ, ਉੱਤਮ ਸਿੰਘ ਹਾਂਸ ਅਤੇ ਕਰਮ ਸਿੰਘ ਕੋਟਲਾ ਅਜਨੇਰ ਨੂੰ ਇਸ ਕੇਸ ਵਿਚ ਦੁਬਾਰਾ ਧਰ ਲਿਆ ਗਿਆ ਸੀ। ਇਸ ਕੇਸ ਦੇ ਮੁਲਜ਼ਮਾਂ ਉਤੇ ਵੀ ਪਹਿਲੇ ਲਾਹੌਰ ਸਾਜਿਸ਼ ਕੇਸ ਵਾਲੇ ਹੀ ਦੋਸ਼ ਲਾਏ ਗਏ ਸਨ। ਫ਼ਰਕ ਸਿਰਫ਼ ਇਹ ਸੀ ਕਿ ਪਹਿਲੇ ਕੇਸ ਵਾਂਗ ਵਿਸ਼ੇਸ਼ ਟ੍ਰਿਬਿਊਨਲ ਨੇ ਫੈਸਲੇ ਕਾਹਲ 'ਚ ਨਹੀਂ ਤੇ ਜ਼ਿਆਦਾਤਰ ਕੇਸਾਂ ਨੂੰ ਵਿਅਕਤੀਗਤ ਤੌਰ 'ਤੇ ਵਿਚਾਰ ਕੇ ਸਜ਼ਾਵਾਂ ਦੇਣ ਵਿਚ ਥੋੜੀ ਨਰਮੀ ਵਰਤੀ ਸੀ ਇਸ ਕੇਸ ਵਿਚ ਸ਼ਾਮਲ 102 ਦੋਸ਼ੀਆਂ ਵਿਚੋਂ 74 'ਤੇ ਮੁਕੱਦਮਾ ਚੱਲਿਆ। ਫੈਸਲੇ ਅਨੁਸਾਰ 5 ਨੂੰ ਫਾਂਸੀ, 18 ਨੂੰ ਉਮਰ ਕੈਦ ਜਾਇਦਾਦ ਜ਼ਬਤੀ ਤੇ ਦੇਸ਼ ਨਿਕਾਲਾ ਦਿੱਤਾ ਗਿਆ। 36 ਦੋਸ਼ੀਆਂ ਨੂੰ ਛੋਟੀਆਂ ਸਜ਼ਾਵਾਂ ਅਤੇ 15 ਨੂੰ ਬਰੀ ਕਰ ਦਿੱਤਾ ਗਿਆ। 29 ਵਾਅਦਾ ਮੁਆਫ਼ ਗਵਾਹ ਬਣ ਗਏ ਸਨ।

ਵਿਸ਼ੇਸ਼ ਟ੍ਰਿਬਿਊਨਲ ਦੇ ਜੱਜਾਂ ਨੇ ਇਸ ਕੇਸ ਦੀ ਜੱਜਮੈਂਟ ਵਿਚ ਲਿਖਿਆ ਹੈ, ***"ਅਸੀਂ ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਫੈਸਲੇ ਵਿਚ ਬੜੇ ਵਿਸਥਾਰ ਨਾਲ ਦੱਸਿਆ ਹੈ ਕਿ ਬਗਾਵਤ ਦੀ ਲਹਿਰ ਕਿਸ ਤਰ੍ਹਾਂ ਲਾਲਾ ਹਰਦਿਆਲ ਦੀ ਬੁਨਿਆਦ ਤੋਂ ਹਿੰਦੀ***

*ਐਸੋਸੀਏਸ਼ਨ ਆ.ਫ ਪੈਸਫਿਕ ਕੋਸਟ ਨਾਂ ਦੀ ਜਥੇਬੰਦੀ ਅਮਰੀਕਾ ਤੋਂ ਸ਼ੁਰੂ ਹੋਈ ਅਤੇ ਕਿਸ ਤਰ੍ਹਾਂ ਬਾ.ਗੀਆਨਾ ਮੀਟਿੰਗਾਂ ਅਤੇ .ਗਦਰ ਅ.ਖ਼ਬਾਰ ਰਾਹੀਂ ਨਾਲ ਲੱਗਦੀਆਂ ਰਿਆਸਤਾਂ ਵਿਚ ਇਨਕਲਾਬੀ ਜਥੇਬੰਦੀਆਂ ਬਣੀਆਂ। ਅਸੀਂ ਇਹ ਵੀ ਦੱਸਿਆ ਹੈ ਕਿ ਜਦੋਂ ਯੂਰਪ ਵਿਚ ਲੜਾਈ ਸ਼ੁਰੂ ਹੋਈ ਤਾਂ ਹਿੰਦੋਸਤਾਨ ਵਿਚ ਜਾ ਕੇ ਅੰਗਰੇਜ਼ ਹਕੂਮਤ ਦੇ ਵਿਰੁੱਧ ਲੜਾਈ ਸ਼ੁਰੂ ਕਰਨ ਦੇ ਇਰਾਦੇ ਨਾਲ ਬਹੁਤ ਸਾਰੇ ਬਾਗੀ ਲੋਕ ਸਾਨ.ਫਰਾਂਸਿਸਕੋ ਵਿਚ ਐਸ.ਐਸ. ਕੋਰੀਆ ਜਹਾਜ਼ ਉੱਤੇ ਲਿਜਾਣ ਲਈ ਇਕੱਠੇ ਕੀਤੇ ਗਏ। ਅੰਗਰੇਜ਼ਾਂ ਨੂੰ ਉਥੋਂ ਕੱਢਣ ਵਾਸਤੇ ਉਹਨਾਂ ਨੇ ਕਤਲ, ਡਾਕੇ, ਫੌਜਾਂ ਵਿਚ ਬਗਾਵਤਾਂ ਕਰਵਾ ਕੇ ਉਹਨਾਂ ਨੂੰ ਬਾਗੀ ਬਣਾਇਆ। ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕੀਤਾ। ਇਸ ਕੇਸ ਵਿਚ ਸਾਡੇ ਪਾਸ ਇਕ ਹੋਰ ਗਵਾਹੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ .ਗਦਰ ਦੀ ਜਥੇਬੰਦੀ ਬਹੁਤ ਵੱਡੀ ਸੀ ਜਿੰਨੀ ਕਿ ਉਸ ਵਕਤ ਤਕ ਅਸੀਂ ਨਹੀਂ ਜਾਣਦੇ ਸਾਂ।"*

ਗ਼ਦਰੀਆਂ ਵਲੋਂ ਕੀਤੀਆਂ ਗਈਆਂ ਕ੍ਰਾਂਤੀਕਾਰੀ ਸਰਗਰਮੀਆਂ ਅਤੇ ਕੇਂਦਰਾਂ ਬਾਰੇ ਬੜੇ ਵਿਸਥਾਰ ਵਿਚ ਦੱਸਿਆ ਹੈ। ਜਿਥੇ ਮੀਟਿੰਗਾਂ ਕੀਤੀਆਂ ਜਾਂਦੀਆਂ ਸਨ ਉਥੇ ਪ੍ਰਚਾਰ ਲਈ ਗ਼ਦਰ ਦੇ ਪਰਚੇ ਜਾਂ ਛੋਟੇ ਪੈਫਲੈਂਟ ਵੰਡੇ ਜਾਂਦੇ ਅਤੇ ਪਾਰਟੀ ਵਾਸਤੇ ਫੰਡ ਇਕੱਠਾ ਕੀਤਾ ਜਾਂਦਾ ਸੀ। ਉਨ੍ਹਾਂ ਨੇ ਦੱਸਿਆ ਕਿ ਸ਼ੰਘਾਈ ਵਿਚ 1913 ਦੇ ਅਖੀਰ ਅਤੇ ਉਸ ਤੋਂ ਪਿੱਛੋਂ ਗੁਰਦੁਆਰੇ ਵਿਚ ਹਫਤਾਵਾਰ ਮੀਟਿੰਗਾਂ ਹੁੰਦੀਆਂ ਰਹੀਆਂ। ਬਾਬਾ ਗੁੱਜਰ ਸਿੰਘ ਭਕਨਾ ਇਸ ਗਰੁੱਪ ਦਾ ਲੀਡਰ ਸੀ। ਬਾਬਾ ਸੋਹਣ ਸਿੰਘ ਭਕਨਾ ਅਤੇ ਡਾ. ਮਥਰਾ ਸਿੰਘ ਢੁਡਿਆਲ ਨੇ ਵੀ ਸ਼ੰਘਾਈ ਫੇਰਾ ਮਾਰਿਆ ਸੀ। ਉਹ ਦੋਵੇਂ ਵੱਖ-ਵੱਖ ਮੀਟਿੰਗਾਂ ਕਰਕੇ ਲੋਕਾਂ ਨੂੰ ਉਕਸਾਉਂਦੇ ਰਹੇ ਕਿ ਉਹ ਆਪਣੀਆਂ ਨੌਕਰੀਆਂ ਛੱਡ ਦੇਣ ਤੇ ਹਿੰਦੋਸਤਾਨ ਵਾਪਸ ਜਾ ਕੇ ਗ਼ਦਰ ਪਾਰਟੀ ਵਾਲਿਆਂ ਦੀ ਮਦਦ ਕਰਨ ਜਿਹੜੇ ਅਮਰੀਕਾ ਤੋਂ ਵਾਪਸ ਹਿੰਦੁਸਤਾਨ ਆ ਰਹੇ ਹਨ ਤਾਂ ਕਿ ਅੰਗਰੇਜ਼ਾਂ ਨੂੰ ਇਥੋਂ ਕੱਢ ਕੇ ਆਪਣਾ ਦੇਸ਼ ਆਜ਼ਾਦ ਕਰਵਾਇਆ ਜਾ ਸਕੇ।

ਰਾਮ ਸਿੰਘ ਮਜੀਠਾ ਦੀ ਪੁਸਤਕ, ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਜੱਜਾਂ ਦਾ ਫੈਸਲਾ ਇਸ ਪ੍ਰਕਾਰ ਦਰਜ ਹੈ।

"ਹਾਂਗਕਾਂਗ ਲਹਿਰ ਦਾ ਮੁੱਖ ਅੱਡਾ ਸੀ। ਲੋਕ ਅਮਰੀਕਾ, ਕੈਨੇਡਾ, ਫਿਲਪਾਈਨ ਤੇ ਚੀਨ ਨੂੰ ਵੀ ਆਉਂਦੇ ਜਾਂਦੇ ਇਸ ਬੰਦਰਗਾਹ ਥਾਣੀਂ ਲੰਘਦੇ ਸਨ। ਮੁਕੱਦਮੇ ਦੀ ਕਾਰਵਾਈ ਦੇ ਵਕਤ ਹਕੂਮਤ ਵਲੋਂ ਦਿੱਤੀ ਗਵਾਹੀ ਦੇ ਮੁਤਾਬਕ, ਗੁਰਦੁਆਰਾ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਦਾ ਅੱਡਾ ਸੀ। ਇਥੇ ਇਨਕਲਾਬੀ ਭਾਸ਼ਨ ਦੇਂਦੇ ਤੇ ਗ਼ਦਰ ਅਖ਼ਬਾਰ ਵੰਡਿਆ ਜਾਂਦਾ ਸੀ। ਇਸ ਨਾਲ 26ਵੀਂ ਪੰਜਾਬ ਰੈਜਮੈਂਟ ਇਨ੍ਹਾਂ ਦੇ ਅਸਰ ਹੇਠ ਆਈ। ਬਹੁਤ ਸਾਰੇ ਸਿਪਾਹੀ ਹਾਂਗਕਾਂਗ ਵਿਚੋਂ ਕੱਢੇ ਗਏ ਕਿਉਂਕਿ ਉਹਨਾਂ ਦਾ ਤੁਅੱਲਕ ਗੁਰਦੁਆਰਾ ਤੇ ਉਸ ਦੀਆਂ ਸਰਗਰਮੀਆਂ ਨਾਲ ਸੀ। ਅਧਿਕਾਰੀਆਂ ਵਲੋਂ ਗੁਰਦੁਆਰਾ ਕਮੇਟੀ ਤੇ ਸਖ਼ਤ ਜ਼ਾਬਤੇ ਦੀ ਕਾਰਵਾਈ ਕੀਤੀ ਗਈ। ਹਕੂਮਤ ਨੇ ਗੁਰਦੁਆਰਾ ਆਪਣੇ ਕਬਜ਼ੇ ਵਿਚ ਲੈ ਲਿਆ ਅਤੇ ਉਥੇ ਸਰਕਾਰੀ ਝੋਲੀਚੁੱਕਾਂ ਦੀ ਕਮੇਟੀ ਗੁਰਦੁਆਰੇ ਦੇ ਇੰਤਜ਼ਾਮ ਵਾਸਤੇ ਬਣਾ ਦਿੱਤੀ ਗਈ। ਸਿਆਮ

ਤੇ ਸਿੰਘਾਪੁਰ ਵਿਚ ਵੀ ਗੁਰਦੁਆਰਿਆਂ ਵਿਚ ਇੰਤਜ਼ਾਮ ਝੋਲੀ ਚੁੱਕਾਂ ਦੀਆਂ ਕਮੇਟੀਆਂ ਦੇ ਹੱਥ ਦਿੱਤਾ ਗਿਆ। ਸਿਆਮ ਵੀ ਲਹਿਰ ਦਾ ਇਕ ਜ਼ਰੂਰੀ ਤੇ ਬਹੁਤ ਖਾਸ ਅੱਡਾ ਸੀ।"

ਟ੍ਰਿਬਿਊਨਲ ਨੇ ਇਸ ਤੇ ਬਹੁਤ ਜ਼ੋਰ ਦਿੱਤਾ ਕਿ ਅੰਗਰੇਜ਼ ਹਕੂਮਤ ਤੋਂ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਵਾਸਤੇ ਕੀਤੀਆਂ ਜਾਂਦੀਆਂ ਕਾਨਫਰੰਸਾਂ ਤੇ ਮੀਟਿੰਗਾਂ ਵਿਚ ਸ਼ਾਮਲ ਹੋਣਾ ਹੀ ਕਾਫੀ ਸਬੂਤ ਹੈ ਕਿ ਉਹਨਾ ਨੇ ਬਾਦਸ਼ਾਹ ਤੇ ਸ਼ਹਿਨਸ਼ਾਹ ਦੇ ਖਿਲਾਫ਼ ਜੰਗ ਸ਼ੁਰੂ ਕੀਤੀ ਸੀ। ਇਸ ਵਾਸਤੇ 121 ਅਤੇ 121ਏ ਦੀ ਦਫਾ ਹੇਠ ਉਹਨਾਂ ਉੱਤੇ ਮੁਕੱਦਮਾ ਚੱਲੇ। ਉਹਨਾਂ ਆਪਣੇ ਇਸ ਨੁਕਤੇ ਨੂੰ ਹੋਰ ਬਲ ਦੇਣ ਲਈ ਆਇਰਸ਼ ਤੇ ਸਕਾਟਲੈਂਡ ਦੇ ਇਨਕਲਾਬੀ (1817-20) ਦੀਆਂ ਮਿਸਾਲਾਂ ਦਿੱਤੀਆਂ। ਕਿਵੇਂ ਹੈਡਰਿਊਸਰਡਿੰਗ ਤੇ ਹੋਰਾਂ ਨੇ ਇਕੱਠੇ ਹੋ ਕੇ ਸਕਾਟਲੈਂਡ ਦੀ ਆਜ਼ਾਦੀ ਵਾਸਤੇ ਘੋਲ ਕੀਤਾ ਅਤੇ ਲਾਠੀਆਂ ਨਾਲ ਹਥਿਆਰਬੰਦ ਹੋ ਕੇ ਅੱਗੇ ਵਧੇ। ਇਸ ਦੇ ਬਾਵਜੂਦ ਕਿ ਉਥੇ ਸਰਕਾਰੀ ਤਾਕਤਾਂ ਦਾ ਕੋਈ ਘੇਰਾਉ ਨਹੀਂ ਸੀ, ਉਹਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਬਾਦਸ਼ਾਹ ਦੇ ਵਿਰੁੱਧ ਬਗਾਵਤ ਕਰਨ ਦਾ ਇਲਜ਼ਾਮ ਲਾ ਕੇ ਫ਼ਾਂਸੀਆਂ ਉੱਤੇ ਲਟਕਾਇਆ ਗਿਆ। ਸਕਾਟਲੈਂਡ ਦੇ ਜੌਹਨ ਵਿਲਸਨ ਦਾ ਕੇਸ ਭੀ ਇਸੇ ਤਰ੍ਹਾਂ ਦਾ ਸੀ। ਉਹਨਾਂ ਬਰੈਡ, ਕੈਲਸੀਅਰ, ਡਾਉਲਿੰਗ, ਫਰੌਸਟ, ਜੋਟਿਘਮ, ਕੈਪਟਨ ਜਾਈਸਲ ਵੁੱਡ ਅਤੇ ਬਹੁਤ ਸਾਰਿਆਂ ਦੀਆਂ ਮਿਸਾਲਾਂ ਦਿੱਤੀਆਂ ਜਿਹੜੇ ਕਿ ਇਕੱਠੇ ਹੋਏ ਤੇ ਉਹਨਾਂ ਨੇ ਉਸ ਵਕਤ ਦੀ ਹਕੂਮਤ ਦੇ ਖਿਲਾਫ਼ ਲੜਾਈ ਦਾ ਐਲਾਨ ਕੀਤਾ। ਟ੍ਰਿਬਿਊਨਲ ਨੇ ਗ਼ਦਰੀਆਂ ਨੂੰ ਉਨ੍ਹਾਂ ਇਨਕਲਾਬੀਆਂ ਦੇ ਬਰਾਬਰ ਰੱਖਿਆ। *ਸਰ ਮਾਈਕਲ ਉਡਵਾਇਰ ਗਵਰਨਰ ਪੰਜਾਬ ਨੇ ਭੀ ਹਦਾਇਤਾਂ ਦਿੱਤੀਆਂ ਕਿ ਗ਼ਦਰੀਆਂ ਨੂੰ ਸਖ਼ਤ ਸਬਕ ਸਿਖਾਇਆ ਜਾਵੇ। ਜਿਨ੍ਹਾਂ ਨੇ ਇਨ੍ਹਾਂ ਦੀ ਮਦਦ ਕੀਤੀ ਅਤੇ ਇਥੋਂ ਤੱਕ ਕਿ ਜਿਨ੍ਹਾਂ ਨੇ ਇਨ੍ਹਾਂ ਨੂੰ ਰੋਟੀ ਤੱਕ ਖਵਾਈ, ਨੂੰ ਸਖਤੀ ਨਾਲ ਦਬਾਇਆ ਜਾਵੇ। ਇਹ ਉਮੀਦ ਕੀਤੀ ਜਾਂਦੀ ਸੀ ਕਿ ਇਹ ਸਖ਼ਤੀ ਦੂਸਰਿਆਂ ਨੂੰ ਇਸ ਰਸਤੇ ਤੋਂ ਰੋਕ ਸਕੇਗੀ। ਇਸ ਕੇਸ 'ਚੋਂ ਬਰੀ ਹੋਏ ਮੁਲਜ਼ਮਾਂ ਨੂੰ ਦੂਜਾ, ਤੀਜਾ ਤੇ ਚੌਥਾ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿਚ ਧਰ ਲਿਆ।*

## (ਏ) ਫਾਂਸੀ ਦੀਆਂ ਸਜ਼ਾਵਾਂ ਭੁਗਤਣ ਵਾਲੇ ਗ਼ਦਰੀ

ਸਾਲ 2016 ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੇ ਪੰਜ ਗ਼ਦਰੀਆਂ ਦੀ ਸ਼ਹਾਦਤ ਸ਼ਤਾਬਦੀ ਦਾ ਵਰ੍ਹਾ ਹੈ। 18 ਜੂਨ 2016 ਨੂੰ ਸੌ ਸਾਲ ਪੂਰੇ ਹੋ ਜਾਣਗੇ, ਜਦੋਂ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਪੰਜ ਗ਼ਦਰੀਆਂ ਨੇ ਹੱਸ ਹੱਸ ਕੇ ਫਾਂਸੀ ਦੇ ਰੱਸੇ ਚੁੰਮੇ ਸਨ। ਉਹ ਸੂਰਮੇ ਸਨ: 1. ਭਾਈ ਈਸ਼ਰ ਸਿੰਘ ਢੁੱਡੀਕੇ, 2. ਭਾਈ ਰੂੜ ਸਿੰਘ ਤਲਵੰਡੀ ਦੁਸਾਂਝ, 3. ਭਾਈ ਉਤਮ ਸਿੰਘ ਹਾਂਸ ਕਲਾਂ 4. ਭਾਈ ਬੀਰ ਸਿੰਘ ਬਾਹੋਵਾਲ, 5. ਭਾਈ ਰੰਗਾ ਸਿੰਘ ਖੁਰਦਪੁਰ,

## (ਸ) ਗ਼ਦਰੀ ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ

ਭਾਈ ਈਸ਼ਰ ਸਿੰਘ ਉਰਫ ਤਾਰਾ ਸਿੰਘ ਉਰਫ ਪੂਰਨ ਸਿੰਘ ਪੁੱਤਰ ਸੱਜਣ ਸਿੰਘ ਜ਼ਿਲ੍ਹਾ ਫਿਰੋਜ਼ਪੁਰ, ਹੁਣ ਜਿਲ੍ਹਾ ਮੋਗਾ, ਪਿੰਡ ਢੁੱਡੀਕੇ ਦਾ ਰਹਿਣ ਵਾਲਾ ਸੀ। ਆਪ ਰੁਜ਼ਗਾਰ ਦੀ ਭਾਲ ਵਿਚ 1907 ਵਿਚ ਕੈਨੇਡਾ ਚਲੇ ਗਏ। ਉਥੇ ਜਾ ਕੇ ਵੈਨਕੂਵਰ ਦੀ ਇਕ ਲੱਕੜ ਮਿੱਲ ਵਿਚ ਕੰਮ ਕਰਨ ਲੱਗ ਪਏ। ਪਿਛੋਂ ਦੋ ਭਰਾਵਾਂ ਦੀ ਮੌਤ ਹੋ ਗਈ ਤੇ ਆਪ ਆਪਣੇ ਮਾਤਾ-ਪਿਤਾ ਦੇ ਕਹਿਣ ਤੇ 1911 ਵਿਚ ਵਾਪਸ ਪਿੰਡ ਆ ਗਏ। ਭਾਈ ਈਸ਼ਰ ਸਿੰਘ ਦੇ ਸਵਰਗੀ ਭਰਾ ਦੀ ਪਤਨੀ ਬੀਬੀ ਰਾਮ ਕੌਰ ਨੂੰ ਇਨ੍ਹਾਂ ਦੇ ਘਰ ਬਿਠਾ ਦਿੱਤਾ ਗਿਆ। ਕੁਝ ਮਹੀਨਿਆਂ ਬਾਅਦ ਇਹ ਵਾਪਸ ਕੈਨੇਡਾ ਚਲੇ ਗਏ ਤੇ ਉਥੇ ਜਾ ਕੇ ਫਿਰ ਲੱਕੜ ਮਿੱਲ ਵਿਚ ਕੰਮ ਕਰਨ ਲੱਗ ਪਏ। 1913 ਵਿਚ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਤੇ 1914 ਵਿਚ ਗ਼ਦਰ ਪਾਰਟੀ ਦੇ ਸੱਦੇ ਤੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪਣੇ ਪਿੰਡ ਦੇ ਸਾਥੀ ਪਾਖਰ ਸਿੰਘ ਅਤੇ ਉਤਮ ਸਿੰਘ ਹਾਂਸ ਸਮੇਤ ਅਸਟਰੇਲੀਅਨ ਜਹਾਜ਼ ਰਾਹੀਂ ਦੇਸ਼ ਨੂੰ ਰਵਾਨਾ ਹੋ ਕੇ ਕੋਲੰਬੋ ਪਹੁੰਚ ਗਏ। ਇਥੇ ਸਭ ਮੁਸਾਫਰਾਂ ਦੀ ਤਲਾਸ਼ੀ ਲਈ ਗਈ ਪਰ ਇਨ੍ਹਾਂ ਪਾਸੋਂ ਕੋਈ ਵੀ ਇਤਰਾਜ਼ਯੋਗ ਸਮੱਗਰੀ ਤਾਂ ਭਾਵੇਂ ਨਾ ਮਿਲੀ ਪਰ ਲੁਧਿਆਣੇ ਪਹੁੰਚਣ ਤੇ ਪੁਲਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ। ਥੋੜ੍ਹੇ ਦਿਨ ਪੁਲਿਸ ਹਿਰਾਸਤ ਵਿੱਚ ਰੱਖਣ ਤੋਂ ਬਾਅਦ ਪਿੰਡ ਢੁੱਡੀਕੇ ਲਿਆ ਕੇ ਜੂਹ ਬੰਦ ਕਰ ਦਿੱਤਾ ਗਿਆ। ਮਹੀਨੇ ਕੁ ਬਾਅਦ ਭਾਈ ਈਸ਼ਰ ਸਿੰਘ ਤੋਂ ਜਮਾਨਤ ਮੰਗ ਲਈ ਗਈ। ਉਹ ਜਮਾਨਤ ਰੱਖਣ ਲਈ ਤਿਆਰ ਨਹੀਂ ਸਨ। ਇਸ ਲਈ ਉਹ ਜਨਵਰੀ ਦੇ ਆਖ਼ੀਰ ਤੇ ਉਹ ਜ਼ੈਲਦਾਰ ਨੂੰ ਇਹ ਕਹਿ ਕੇ ਪਿੰਡੋਂ ਖਿਸਕ ਗਏ ਕਿ ਉਹ ਸਹੁਰਿਆਂ ਨੂੰ ਚਲੇ ਹਨ। ਸਹੁਰੇ ਜਾਣ ਦੀ ਬਜਾਏ ਇਹ ਗੁਪਤਵਾਸ ਹੋ ਗਏ ਅਤੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰਦੇ ਰਹੇ।

ਮਾਲਵੇ ਦੇ ਇਲਾਕੇ ਦਾ ਪਿੰਡ ਢੁੱਡੀਕੇ ਗ਼ਦਰੀਆਂ ਦਾ ਗੜ੍ਹ ਬਣ ਗਿਆ ਸੀ ਅਤੇ ਇਸ ਗੜ੍ਹ ਦੇ ਆਗੂ ਭਾਈ ਈਸ਼ਰ ਸਿੰਘ ਸਨ। ਆਈਸਮੋਂਗਰ ਤੇ ਸਲੈਟਰੀ ਨੇ ਇਸ ਕੇਂਦਰ ਨੂੰ 'ਢੁੱਡੀਕੇ ਗੈਂਗ' ਦਾ ਨਾਂ ਦੇ ਕੇ ਇਸ ਦੀਆਂ ਸਰਗਰਮੀਆਂ ਬਾਰੇ ਲਿਖਿਆ ਹੈ: ਢੁੱਡੀਕੇ ਪਿੰਡ ਦੇ ਕੁਝ ਵਿਅਕਤੀਆਂ ਨੇ 19 ਫਰਵਰੀ ਨੂੰ ਫਿਰੋਜ਼ਪੁਰ ਤੇ ਅਸਫ਼ਲ ਹਮਲੇ ਵਿਚ ਹਿੱਸਾ ਲਿਆ ਸੀ। ਇਨ੍ਹਾਂ ਦਾ ਲੀਡਰ ਈਸ਼ਰ ਸਿੰਘ ਉਰਫ ਪੂਰਨ ਸਿੰਘ ਦਸੰਬਰ ਵਿਚ ਕਨੇਡਾ ਤੋਂ ਆਇਆ ਸੀ, ਜੋ ਨੰਗਲ ਕਲਾਂ ਦੇ ਕਤਲ ਅਤੇ ਇਸ ਗੈਂਗ ਦਾ ਆਗੂ ਸੀ। ਇਸ ਗੈਂਗ ਦੇ ਬੰਦਿਆਂ ਨੇ ਮਾਰਚ, ਅਪ੍ਰੈਲ ਵਿਚ ਸਰਕਾਰ ਵਿਰੋਧੀ ਸਰਗਰਮੀਆਂ ਜਾਰੀ ਰੱਖੀਆਂ। ਜਦੋਂ ਕਿ ਇਹ ਲਹਿਰ ਹੋਰ ਪਾਸਿਆਂ ਤੋਂ ਖਤਮ ਹੋ ਚੁੱਕੀ ਸੀ ਤਾਂ ਢੁੱਡੀਕੇ ਵਿਚ ਸਥਾਨਕ ਸਕੂਲ ਮਾਸਟਰ ਫੇਰਾ ਸਿੰਘ ਇਨ੍ਹਾਂ ਲਈ ਡਾਕੀਏ ਦੀ ਭੂਮਿਕਾ ਨਿਭਾਉਂਦਾ ਸੀ। ਈਸ਼ਰ ਸਿੰਘ ਦੀ ਗ੍ਰਿਫਤਾਰੀ ਹੋਣ ਤੱਕ ਪ੍ਰੇਮ ਸਿੰਘ, ਬੰਤਾ ਸਿੰਘ ਸੰਘਵਾਲ, ਨੰਗਲ ਕਲਾਂ ਦਾ ਜਵੰਦ ਸਿੰਘ ਅਤੇ ਨਿਧਾਨ ਸਿੰਘ ਇਸ ਨਾਲ ਪੂਰੀ ਤਰ੍ਹਾਂ ਸੰਪਰਕ ਵਿਚ ਰਹੇ। ਜਦੋਂ ਨਿਧਾਨ ਸਿੰਘ ਨੂੰ ਫੜ੍ਹ ਲਿਆ ਗਿਆ ਤਾਂ ਉਦੋਂ ਇਸਦੀ

ਗ੍ਰਿਫ਼ਤਾਰੀ ਦੇ ਜ਼ੁੰਮੇਵਾਰ ਪਿੰਡ ਦੇ ਵਿਅਕਤੀਆਂ ਨੂੰ ਕਤਲ ਕਰਨ ਦੀ ਸਾਜਿਸ਼ ਘੜੀ ਗਈ ਸੀ। 2 ਜੂਨ ਨੂੰ ਇਥੋਂ ਨੇੜੇ ਹੀ ਦੌਧਰ ਪਿੰਡ ਵਿਚ ਸਥਾਨਕ ਇਨਕਲਾਬੀਆਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਮੀਟਿੰਗ ਬੁਲਾਈ ਸੀ ਜਿਸ ਵਿਚ ਕਪੂਰਥਲਾ ਦੇ ਅਸਲਾਖਾਨਾ ਉੱਤੇ ਹਮਲਾ ਕਰਕੇ ਹਥਿਆਰ ਲੁੱਟਣ ਦਾ ਫੈਸਲਾ ਕੀਤਾ ਗਿਆ ਸੀ'।

ਭਾਈ ਈਸਰ ਸਿੰਘ ਢੁੱਡੀਕੇ ਬਾਰੇ ਹਿੰਦ ਸਰਕਾਰ ਦੇ ਗ੍ਰਹਿ ਵਿਭਾਗ ਦੇ ਰਾਜਸੀ ਰੋਜ਼ਨਾਮਚਾ ਰਿਪੋਰਟ ਦੀ 4 ਮਈ 1916 ਦੀ ਕਾਰਵਾਈ ਨੂੰ ਇੰਝ ਦਰਜ ਕੀਤਾ ਹੋਇਆ ਹੈ। 'ਪਹਿਲਾਂ ਅਸੀਂ ਢੁਡੀਕੇ ਪਿੰਡ ਦਾ ਜ਼ਿਕਰ ਕਰਦੇ ਹਾਂ, ਜਿਸਦਾ ਦਾ ਸੰਬੰਧ (ਮੁਜ਼ਰਮ ਨੰ: 32) ਈਸ਼ਰ ਸਿੰਘ, (ਮੁਜ਼ਰਮ ਨੰ: 53) ਮਹਿੰਦਰ ਸਿੰਘ, (ਮੁਜ਼ਰਮ ਨੰ: 62) ਪਾਖਰ ਸਿੰਘ, (ਮੁਜ਼ਰਮ ਨੰ: 63) ਪਾਲਾ ਸਿੰਘ, (ਮੁਜ਼ਰਮ ਨੰ: 64) ਪਾਲਾ ਸਿੰਘ, (ਮੁਜ਼ਰਮ ਨੰ: 80), ਸ਼ਾਮ ਸਿੰਘ ਨਾਲ ਹੈ। (ਮੁਜ਼ਰਮ ਨੰ: 65) ਫੇਰਾ ਸਿੰਘ ਸਕੂਲ ਮਾਸਟਰ ਹੈ। ਇਨ੍ਹਾਂ ਵਲੋਂ ਢੁੱਡੀਕੇ ਵਿਚ ਮੀਟਿੰਗ ਕਰਕੇ ਕਪੂਰਥਲਾ ਦੇ ਅਸਲਾਖਾਨਾ ਉੱਤੇ ਹਮਲਾ ਕਰਨ ਦੀ ਸਾਜਿਸ਼ ਰਚੀ ਗਈ ਸੀ... ਜਦੋਂ ਅਸੀਂ ਕਪੂਰਥਲੇ ਉੱਤੇ ਹਮਲਾ ਅਤੇ ਵੱਲਾ ਪੁਲ ਦੇ ਕਤਲਾਂ ਨੂੰ ਧਿਆਨ ਵਿਚ ਰੱਖਦੇ ਹਾਂ ਤਾਂ ਸਾਨੂੰ ਢੁੱਡੀਕੇ ਦੇ ਇਸ ਟੋਲੇ ਦੀ ਹੋਂਦ ਦਾ ਯਕੀਨ ਖਤਰਨਾਕ ਸੰਕਟ ਜਾਪਦਾ ਹੈ।'

ਬਾਬਾ ਭਗਤ ਸਿੰਘ ਬਿਲਗਾ 'ਅਣਫੋਲੇ ਵਰਕੇ' ਵਿਚ ਲਿਖਦੇ ਹਨ ਕਿ ਗ਼ਦਰ ਲਹਿਰ ਦੇ ਢੁੱਡੀਕੇ ਕੇਂਦਰ ਨੇ ਕਪੂਰਥਲੇ ਦੇ ਅਸਲਖਾਨੇ ਅਤੇ ਵੱਲਾ ਪੁਲ ਦੀ ਗਾਰਦ ਤੋਂ ਹਥਿਆਰ ਲੁੱਟਣ ਦੀ ਸਕੀਮ ਬਣਾਈ ਸੀ, ਜਿਸ ਲਈ ਬੰਦੂਕਾਂ ਦੀ ਲੋੜ ਸੀ। ਇਸ ਕੰਮ ਲਈ ਗ਼ਦਰੀਆਂ ਨੇ ਦੋਰਾਹਾ ਪੁਲ ਤੇ ਲੱਗੀ ਗਾਰਦ ਦੀਆਂ ਬੰਦੂਕਾਂ ਖੋਹਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਾ ਮਿਲੀ। ਗ਼ਦਰੀ ਡੀਟੈਚਮੈਂਟ ਦਾ ਇਹ ਸਭ ਤੋਂ ਲੰਬਾ ਅਤੇ ਬਹਾਦਰਾਨਾ ਮੁਕਾਬਲਾ ਸੀ। ਭਾਈ ਈਸ਼ਰ ਸਿੰਘ ਨੰਗਲ ਕਲਾਂ ਦੇ ਜ਼ੈਲਦਾਰ ਚੰਦਾ ਸਿੰਘ ਦੇ ਕਾਤਲਾਂ ਵਿਚ ਵੀ ਸ਼ਾਮਲ ਸੀ।

ਭਾਈ ਈਸ਼ਰ ਸਿੰਘ ਦੀਆਂ ਅਜਿਹੀਆਂ ਕ੍ਰਾਂਤੀਕਾਰੀ ਸਰਗਰਮੀਆਂ ਕਾਰਨ ਪੁਲਸ ਨੇ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਕਈ ਵਾਰ ਘਰ ਛਾਪੇ ਮਾਰੇ ਸਨ ਪਰ ਪੁਲਿਸ ਇਨ੍ਹਾਂ ਨੂੰ ਫੜ ਨਾ ਸਕੀ। ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਪੁਲਿਸ ਇਨ੍ਹਾਂ ਨੂੰ ਫੜ੍ਹਨ ਤੋਂ ਡਰਦੀ ਸੀ। ਇਕ ਵਾਰ ਆਪ ਨੂੰ ਫੜ੍ਹਨ ਲਈ ਪੁਲਿਸ ਦੀ ਟੋਲੀ ਪਿੰਡ ਆਈ। ਥਾਣੇਦਾਰ ਨੇ ਸਿਪਾਹੀ ਨੂੰ ਘਰ ਪਤਾ ਕਰਨ ਲਈ ਭੇਜਿਆ ਸਿਪਾਹੀ ਨੇ ਘਰ ਜਾ ਕੇ ਪੁੱਛਿਆ, ਈਸ਼ਰ ਸਿੰਘ ਕਿੱਥੇ ਹੈ? ਈਸ਼ਰ ਸਿੰਘ ਦੀ ਪਤਨੀ ਬੀਬੀ ਰਾਮ ਕੌਰ ਨੇ ਨਿਧੜਕ ਜਵਾਬ ਦਿੱਤਾ, "ਅਗਲੇ ਅੰਦਰ।" ਸਿਪਾਹੀ ਨੇ ਥਾਣੇਦਾਰ ਨੂੰ ਜਾ ਕੇ ਦੱਸਿਆ ਪਰ ਥਾਣੇਦਾਰ ਆਪਣੀ ਟੋਲੀ ਨਾਲ ਘਰ ਵੱਲ ਜਾਣ ਦੀ ਥਾਂ ਪਿਛਾਂਹ ਮੁੜ ਗਿਆ। ਭਾਈ ਈਸ਼ਰ ਸਿੰਘ ਅਤੇ ਉੱਤਮ ਸਿੰਘ ਹਾਂਸ ਪਿੰਡੋਂ ਬਾਹਰ ਕਿਸੇ ਕੁਟੀਆ ਵਿਚ ਰਹਿੰਦੇ ਸਨ। ਕਿਸੇ ਦੇ ਗੁਪਤ ਸੂਚਨਾ ਦੇਣ 'ਤੇ ਇਨ੍ਹਾਂ ਨੂੰ ਫੜ੍ਹਨ ਲਈ ਜਦੋਂ ਪੁਲਿਸ ਨੇ ਛਾਪਾ ਮਾਰਿਆ ਤਾਂ ਆਪ ਸਬਜ਼ੀ ਲਈ ਗੁਆਰੇ ਦੀਆਂ ਫਲੀਆਂ ਤੋੜ ਰਹੇ ਸਨ। ਭਾਈ ਉਤਮ ਸਿੰਘ ਹਾਂਸ ਦੇ ਵਿਅਕਤੀਗਤ ਕੇਸ ਦੋਸ਼ੀ ਨੰ: 98 ਦੇ ਫੈਸਲੇ ਵਿਚ ਲਿਖਿਆ ਹੈ ਕਿ

ਈਸ਼ਰ ਸਿੰਘ ਹੋਰਾਂ ਅਫਸੋਸ ਜ਼ਾਹਰ ਕੀਤਾ ਕਿ ਉਨ੍ਹਾਂ ਦੇ ਹਥਿਆਰ ਉਨ੍ਹਾਂ ਕੋਲ ਨਹੀਂ ਸਨ, ਨਹੀਂ ਤਾਂ ਉਹ ਪੁਲਸ ਨੂੰ ਜ਼ਰੂਰ ਹੱਥ ਵਿਖਾਉਂਦੇ। ਕੁਟੀਆਂ ਦੀ ਤਲਾਸ਼ੀ ਲੈਣ ਤੇ ਪੁਲਿਸ ਨੂੰ ਉਥੋਂ ਇਕ ਰਿਵਾਲਵਰ, ਇਕ ਆਟੋਮੈਟਿਕ ਪਿਸਤੌਲ ਅਤੇ ਬਹੁਤ ਸਾਰੇ ਕਾਰਤੂਸ ਮਿਲੇ। ਇਨ੍ਹਾਂ ਨੂੰ ਸਤੰਬਰ 19 ਸਤੰਬਰ 1915 ਵਿਚ ਗ੍ਰਿਫਤਾਰ ਕਰਕੇ ਪਹਿਲੇ ਲਾਹੌਰ ਸਪਲੀਮੈਂਟਰੀ ਕੇਸ ਵਿਚ ਰੱਖ ਲਿਆ ਗਿਆ। ਈਸ਼ਰ ਸਿੰਘ ਦੇ ਫੜ੍ਹੇ ਜਾਣ ਦੀ ਖ਼ਬਰ ਸੁਣ ਕੇ ਪਿੰਡ ਢੁੱਡੀਕੇ ਦੇ ਬਹੁਤ ਸਾਰੇ ਘਰਾਂ ਵਿਚ ਮਾਤਮ ਛਾ ਗਿਆ। ਇਨ੍ਹਾਂ ਘਰਾਂ ਵਾਲੇ ਅੰਦਰ ਵੜ-ਵੜ ਰੋਏ ਸਨ। ਪੰਜਾਬ ਦੇ ਹੋਰ ਪਿੰਡਾਂ ਵਾਂਗ ਢੁੱਡੀਕੇ ਵਿਚ ਵੀ ਅੰਗਰੇਜ਼ ਪ੍ਰਸਤ ਝੋਲੀ ਚੁੱਕਾਂ ਦੀ ਘਾਟ ਨਹੀਂ ਸੀ। ਇਨ੍ਹਾਂ ਝੋਲੀ ਚੁੱਕਾਂ ਨੇ ਭਾਈ ਈਸ਼ਰ ਸਿੰਘ ਦੇ ਫੜ੍ਹੇ ਜਾਣ ਦੀ ਖ਼ਬਰ ਸੁਣ ਕੇ ਖੁਸ਼ੀਆਂ ਮਨਾਈਆਂ ਸਨ।

ਸੈਂਟਰਲ ਜੇਲ੍ਹ ਲਾਹੌਰ ਵਿਚ ਭਾਈ ਈਸ਼ਰ ਸਿੰਘ ਦੀ ਪਛਾਣ ਕਰਾਉਣ ਲਈ ਸ਼ਨਾਖ਼ਤ ਪਰੇਡ ਕਰਾਈ ਗਈ। ਇਸ ਸ਼ਨਾਖ਼ਤ ਪਰੇਡ ਵਿਚ ਵਾਅਦਾ ਮਾਫ ਗਵਾਹ ਊਧਮ ਸਿੰਘ ਹਾਂਸ, ਬਚਨ ਸਿੰਘ, ਅਮਰ ਸਿੰਘ ਦੂਜਾ, ਅਰਜਣ ਸਿੰਘ ਅਤੇ ਨੰਦ ਸਿੰਘ ਤੋਂ ਪਛਾਣ ਕਰਾਈ ਗਈ। ਅਮਰ ਸਿੰਘ ਦੂਜੇ ਤੋਂ ਸਿਵਾਏ ਇਹੋ ਗਵਾਹ ਕੋਰਟ ਵਿਚ ਸ਼ਨਾਖ਼ਤ ਕਰਨ ਲਈ ਸੱਦੇ ਗਏ। ਇਨ੍ਹਾਂ ਵਿਚੋਂ ਹੀ ਭਾਈ ਈਸ਼ਰ ਸਿੰਘ ਦੇ ਪਿੰਡ ਵਾਸੀ ਬਚਨ ਸਿੰਘ ਨੇ ਦੱਸਿਆ ਕਿ ਮੁਲਜ਼ਮ ਪਾਖਰ ਸਿੰਘ ਨਾਲ ਅਮਰੀਕਾ ਤੋਂ ਪਰਤਿਆ ਹੈ। ਇਸ ਨੂੰ ਪੂਰਨ ਸਿੰਘ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸੇ ਨੇ ਮੈਨੂੰ ਫੁਸਲਾ ਕੇ ਗ਼ਦਰ ਪਾਰਟੀ ਨਾਲ ਜੋੜਿਆ ਸੀ। ਜੇਲ੍ਹ ਵਿਚ ਭਾਈ ਈਸ਼ਰ ਸਿੰਘ ਉੱਤੇ ਬਹੁਤ ਤਸ਼ੱਦਦ ਕੀਤਾ ਗਿਆ ਪਰ ਆਪ ਨੇ ਕੋਈ ਵੀ ਭੇਤ ਪੁਲਿਸ ਅੱਗੇ ਨਾ ਖੋਲ੍ਹਿਆ। ਜੇਲ੍ਹ ਵਿਚ ਘੋਰ ਤਸੀਹਿਆਂ ਦੇ ਬਾਵਜੂਦ ਆਖਰੀ ਸਾਹਾਂ ਤੱਕ ਚੜ੍ਹਦੀ ਕਲਾ ਵਿਚ ਰਹੇ। ਗਿਆਨੀ ਹਰਭਜਨ ਸਿੰਘ ਚਮਿੰਡਾ ਲਿਖਦੇ ਹਨ ਕਿ ਆਪ ਨੂੰ ਇਕ ਦਿਨ ਵਕੀਲ ਨੇ ਕਿਹਾ, ਤੁਹਾਨੂੰ 10 ਸਾਲ ਦੀ ਕੈਦ ਹੋਵੇਗੀ ਤਾਂ ਆਪ ਨੇ ਗੱਜ ਕਿਹਾ, ਮੈਂ ਕੈਦ ਹੋ ਕੇ ਫਰੰਗੀ ਦੀਆਂ ਜੇਲ੍ਹਾਂ ਵਿਚ ਖੁਆਰ ਨਹੀਂ ਹੋਣਾ ਚਾਹੁੰਦਾ, ਮੈਨੂੰ ਫ਼ਾਂਸੀ ਹੋਣੀ ਚਾਹੀਦੀ ਹੈ। 30 ਮਾਰਚ 1916 ਨੂੰ ਫਾਂਸੀ ਦੇਣ ਦਾ ਫੈਸਲਾ ਸੁਣਾਇਆ ਗਿਆ ਅਤੇ 18 ਜੂਨ 1916 ਨੂੰ ਲਾਹੌਰ ਸੈਂਟਰਲ ਜੇਲ੍ਹ ਲਾਹੌਰ ਵਿਚ ਫਾਂਸੀ ਦੇ ਦਿੱਤੀ ਗਈ। ਗਿਆਨੀ ਹਰਭਜਨ ਸਿੰਘ ਚਮਿੰਡਾ ਇਨ੍ਹਾਂ ਬਾਰੇ ਲਿਖਦੇ ਹਨ:

ਚੌਦਾਂ-ਪੰਦਰਾਂ ਵਿਚ ਪ੍ਰਦੇਸੀਆਂ ਨੂੰ,  
ਜਦੋਂ ਖਿਆਲ ਆਇਆ ਹਿੰਦੋਸਤਾਨ ਦਾ ਸੀ।  
ਚਾਉ ਉੱਠਿਆ ਜਿਨ੍ਹਾਂ ਦੇ ਦਿਲਾਂ ਅੰਦਰ,  
ਪਿਆਰਾ ਦੇਸ਼ ਆਜ਼ਾਦ ਕਰਾਉਣ ਦਾ ਸੀ।  
ਪਾਰ ਸਾਗਰੋਂ ਘੱਤ ਵਹੀਰ ਆਏ,  
ਚਾਉ ਜਿਨ੍ਹਾਂ ਨੂੰ ਸ਼ਹੀਦੀਆਂ ਪਾਉਣ ਦਾ ਸੀ।  
ਖਾਕ ਵਤਨ ਦੀ ਵਿਚ ਗਿਆ ਰਲ 'ਸਾਥੀ'  
ਹੀਰਾ ਇਹ ਵੀ ਇਕ ਹਿੰਦੋਸਤਾਨ ਦਾ ਸੀ।

## (ਹ) ਗ਼ਦਰੀ ਸ਼ਹੀਦ ਭਾਈ ਰੂੜ ਸਿੰਘ ਤਲਵੰਡੀ ਭੰਗੇਰੀਆਂ

ਭਾਈ ਰੂੜ ਸਿੰਘ ਪੁੱਤਰ ਸਮੁੰਦ ਸਿੰਘ ਜ਼ਿਲਾ ਫ਼ਿਰੋਜ਼ਪੁਰ ਹੁਣ ਜਿਲ੍ਹਾ ਮੋਗਾ, ਪਿੰਡ ਤਲਵੰਡੀ ਭੰਗੇਰੀਆਂ ਦੁਸਾਂਝ ਦਾ ਜੰਮਪਲ ਸੀ। ਇਨ੍ਹਾਂ ਦੀ ਇਕ ਭੈਣ ਪਿੰਡ ਢੁੱਡੀਕੇ ਵਿਆਹੀ ਹੋਈ ਸੀ। ਕੁਦਰਤ ਦਾ ਐਸਾ ਭਾਣਾ ਵਾਪਰਿਆ ਕਿ ਇਨ੍ਹਾਂ ਦੇ ਭੈਣ ਤੇ ਭਣਵੱਈਏ ਦੀ ਮੌਤ ਹੋ ਗਈ ਅਤੇ ਬੱਚੇ ਅਨਾਥ ਹੋ ਗਏ। ਇਨ੍ਹਾਂ ਅਨਾਥ ਬੱਚਿਆਂ ਨੂੰ ਸਹਾਰਾ ਦੇਣ ਲਈ ਆਪ ਨੇ ਆਪਣੀ ਪਤਨੀ ਸਮੇਤ ਪਿੰਡ ਢੁੱਡੀਕੇ ਹੀ ਰਹਿਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦੀ ਆਪਣੀ ਕੋਈ ਸੰਤਾਨ ਨਹੀਂ ਸੀ। ਇਸੇ ਕਰਕੇ ਆਪ ਨੂੰ ਰੂੜ ਸਿੰਘ ਤਲਵੰਡੀ ਦੁਸਾਂਝ/ਢੁੱਡੀਕੇ ਕਰਕੇ ਹੀ ਜਾਣਿਆ ਜਾਂਦਾ ਹੈ। ਇਹ ਤਾਂ ਇਕ ਕੁਦਰਤੀ ਵਰਤਾਰਾ ਹੈ ਕਿ ਜਿਥੇ ਕੋਈ ਰਹਿੰਦਾ ਹੈ ਕਿ ਉਥੇ ਤੇ ਉਹੀ ਲੋਕ ਉਸਦਾ ਭਾਈਚਾਰਾ ਬਣ ਜਾਂਦੇ ਹਨ। ਇਹ ਭਾਈ ਪਾਖਰ ਸਿੰਘ ਦਾ ਬੜਾ ਗੂੜਾ ਮਿੱਤਰ ਸੀ। ਉਸਦੇ ਘਰ ਅਤੇ ਖੂਹ 'ਤੇ ਆਉਣਾ ਜਾਣਾ ਵੀ ਸੀ। ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਗ਼ਦਰੀਆਂ ਦੀਆਂ ਗੁਪਤ ਮੀਟਿੰਗਾਂ ਵਿਚ ਸ਼ਾਮਲ ਹੁੰਦੇ ਸਨ।

ਇਸ ਪਿੰਡ ਦੇ ਭਾਈ ਈਸ਼ਰ ਸਿੰਘ ਸਮੇਤ ਹੋਰ ਬਹੁਤ ਸਾਰੇ ਪਿੰਡ ਵਾਸੀ ਬਦੇਸ਼ਾਂ ਨੂੰ ਖੱਟੀ ਕਮਾਈ ਕਰਨ ਗਏ ਸੀ ਪਰ ਉਥੇ ਜਾ ਕੇ ਲੱਗੀ ਆਜ਼ਾਦੀ ਦੀ ਜਾਗ ਨੇ ਇਨ੍ਹਾਂ ਨੂੰ ਉਥੇ ਟਿਕਣ ਨਾ ਦਿੱਤਾ ਅਤੇ ਅਨੇਕਾਂ ਦੇਸ਼ ਭਗਤ ਦੇਸ਼ ਨੂੰ ਪਰਤ ਆਏ। ਭਾਈ ਰੂੜ ਸਿੰਘ ਆਪ ਪਰਵਾਸੀ ਭਾਰਤੀ ਨਹੀਂ ਸੀ ਸਗੋਂ ਗ਼ਦਰ 'ਚ ਹਿੱਸਾ ਲੈਣ ਲਈ ਪੰਜਾਬ ਪਰਤੇ ਢੁੱਡੀਕੇ ਦੇ ਗ਼ਦਰੀਆਂ ਦੇ ਸੰਪਰਕ ਵਿਚ ਆਇਆ ਸੀ। ਆਪ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਅਤੇ ਪਿੰਡ ਵਿਚ ਬਾਬਿਆਂ ਦੇ ਘਰਾਂ, ਖੂਹਾਂ ਅਤੇ ਪ੍ਰਾਇਮਰੀ ਸਕੂਲ ਵਿਚ ਹੋਣ ਵਾਲੀਆਂ ਮੀਟਿੰਗਾਂ ਅਤੇ ਸਰਗਰਮੀਆਂ ਵਿਚ ਵੱਧ ਚੜ ਕੇ ਹਿੱਸਾ ਲੈਣ ਲੱਗ ਪਏ।

ਢੁੱਡੀਕੇ ਸਬ ਸੈਂਟਰ ਦੇ ਗ਼ਦਰੀਆਂ ਨੇ ਮੀਟਿੰਗ ਕਰਕੇ 5 ਜੂਨ 1915 ਨੂੰ ਕਪੂਰਥਲੇ ਦਾ ਅਸਲਾਖਾਨਾ ਲੁੱਟਣ ਦੀ ਵਿਉਂਤ ਬਣਾਈ ਸੀ। ਲੋੜੀਂਦੇ ਹਥਿਆਰ ਮੌਕੇ 'ਤੇ ਨਾ ਮਿਲਣ ਕਾਰਨ ਹਮਲਾ ਮੁਲਤਵੀ ਕਰਨਾ ਪਿਆ। ਇਸ ਹਮਲੇ ਨੂੰ ਸਫ਼ਲ ਬਣਾਉਣ ਲਈ ਵੱਲੇ ਪੁੱਲ 'ਤੇ ਲੱਗੀ ਗਾਰਦ ਤੋਂ ਹਥਿਆਰ ਖੋਹਣ ਦੀ ਸਕੀਮ ਬਣਾ ਕੇ ਕਪੂਰਥਲੇ ਤੋਂ ਵੱਲੇ ਵੱਲ ਨੂੰ ਚਲੇ ਗਏ। ਮੁਖ਼ਬਰਾਂ ਦੇ ਸੂਹ ਦੇਣ ਕਾਰਨ ਚਾਰੇ ਪਾਸੇ ਗਾਰਦ ਅਤੇ ਹਕੂਮਤ ਚੌਕੰਨੀ ਸੀ। ਦੋ ਦਿਨਾਂ ਦੀ ਲੰਮੀ ਤੇ ਕਠਨ ਘਾਲਣਾ ਪਿਛੋਂ 11 ਜੂਨ ਦੀ ਰਾਤ ਨੂੰ ਗੱਡੀ ਦੇ ਖੜਾਕ ਵਿਚ ਗ਼ਦਰੀਆਂ ਨੇ ਹਮਲਾ ਕਰ ਦਿੱਤਾ।

ਗੁਰਚਰਨ ਸਿੰਘ ਸੈਂਸਰਾ ਲਿਖਦੇ ਹਨ ਕਿ ਗੱਡੀ ਲੰਘਦੀ ਦੇ ਖੜਾਕ ਵਿਚ ਬਾਕੀ ਗਾਰਦ ਨੂੰ ਕੋਈ ਪਤਾ ਨਾ ਲੱਗਾ। ਸੰਤਰੀ ਦੇ ਡਿੱਗਦਿਆਂ ਹੀ ਬਾਕੀ ਗ਼ਦਰੀ ਗਾਰਦ ਉਤੇ ਟੁੱਟ ਕੇ ਜਾ ਪਏ। ਕਾਲਾ ਸਿੰਘ ਨੇ ਭੱਜ ਕੇ ਸੰਤਰੀ ਦੀ ਰਫ਼ਲ ਚੁੱਕ ਲਈ। ਗਾਰਦ ਦੇ ਹਵਾਲਦਾਰ ਨੇ, ਜੋ ਭੱਜੇ ਆਉਂਦੇ ਗ਼ਦਰੀਆਂ ਦਾ ਖੜਾਕ ਸੁਣਕੇ ਤੰਬੂ ਵਿਚੋਂ ਬਾਹਰ ਨਿਕਲ ਆਇਆ ਸੀ, ਕਾਲਾ ਸਿੰਘ ਨੂੰ ਜੱਫਾ ਮਾਰ ਲਿਆ। ਕਾਲਾ ਸਿੰਘ ਨੇ ਝਟਕੇ ਨਾਲ ਉਸ ਨੂੰ ਪਰ੍ਹਾਂ ਸੁੱਟ ਦਿੱਤਾ ਤੇ ਰਫ਼ਲ ਦੀ ਗੋਲੀ ਨਾਲ ਪਾਰ ਬੁਲਾ ਦਿੱਤਾ। ਬਾਕੀ

ਦੇ ਦੋ ਤਿੰਨ ਗਾਰਦ ਵਾਲੇ ਭੱਜ ਗਏ। ਕਾਲਾ ਸਿੰਘ ਤੇ ਬੰਤਾ ਸਿੰਘ ਨੇ ਫੌਜੀ ਵਰਦੀਆਂ ਪਾ ਲਈਆਂ। ਗ਼ਦਰੀ ਗਾਰਦ ਦੀਆਂ ਖੋਹੀਆਂ ਹੋਇਆਂ ਰਫ਼ਲਾਂ ਫੌਜੀਆਂ ਵਾਂਗ ਮੋਢੇ ਉਤੇ ਪਾ ਕੇ ਤੁਰ ਗਏ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਕੌਮੀ ਲਹਿਰ ਵਿਚ ਲਿਖਦੇ ਹਨ ਕਿ ਵਾਅਦਾ ਮਾਫ ਗਵਾਹ ਅਨੁਸਾਰ 'ਭਾਈ ਜਵੰਦ ਸਿੰਘ ਨੇ ਮਰੇ ਸਿਪਾਹੀ ਦੀ ਵਰਦੀ ਪਾ ਲਈ ਤੇ ਕੁਝ ਚਿਰ ਮਗਰੋਂ ਵਰਦੀ ਦੀ ਪੱਗ ਭਾਈ ਰੂੜ ਸਿੰਘ ਨਾਲ ਵਟਾ ਲਈ। ਇਹ ਪੱਗ ਇਨ੍ਹਾਂ ਕੋਲੋਂ ਬਰਾਮਦ ਹੋਈ ਦੱਸੀ ਜਾਂਦੀ ਹੈ।'

ਪਰ ਰੂੜ ਸਿੰਘ ਨੇ ਅਦਾਲਤ ਵਿਚ ਦਿੱਤੇ ਬਿਆਨ ਵਿਚ ਕਿਹਾ ਹੈ ਕਿ ਉਸਨੇ ਪੱਗ ਨਹੀਂ ਵਟਾਈ। ਉਸਨੇ ਕਿਹਾ ਕਿ ਅੱਖੋਂ ਅੰਨ੍ਹਾਂ ਤੇ ਇਕ ਕੰਨੋਂ ਬੋਲ਼ਾ ਹੋਣ ਕਰਕੇ ਇਹ ਉਸਦੀ ਵਰਤੋਂ ਦੀਆਂ ਨਹੀਂ ਹਨ ਅਤੇ ਸਾਫ਼ਾ (ਪਰਨਾ) ਉਸਦਾ ਆਪਣਾ ਹੈ। ਪੁਲਿਸ ਨੇ ਬਚਨ ਸਿੰਘ ਨਾਲ ਵੱਖ-ਵੱਖ ਥਾਵਾਂ 'ਤੇ ਲਿਜਾ ਕੇ ਮੇਰੇ ਨਾਲ ਬਦਸਲੂਕੀ ਕੀਤੀ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਪੁਲਿਸ ਨੇ ਮੈਨੂੰ ਗ੍ਰਿਫਤਾਰ ਕਿਉਂ ਕੀਤਾ ਹੈ।

ਗ਼ਦਰ ਲਹਿਰ ਦੇ ਅਣਫੋਲੇ ਵਰਕੇ ਵਿਚ ਬਾਬਾ ਭਗਤ ਸਿੰਘ ਬਿਲਗਾ ਲਿਖਦੇ ਹਨ ਕਿ ਉਨ੍ਹਾਂ 36 ਘੰਟੇ ਮੀਲਾਂਬੱਧੀ ਪੁਲਿਸ ਦਾ ਮੁਕਾਬਲਾ ਕੀਤਾ ਸੀ। ਉਹ ਭੁੱਖੇ ਵੀ ਸਨ ਅਤੇ ਪੈਰਾਂ ਤੋਂ ਜ਼ਖਮੀ ਹੋ ਚੁੱਕੇ ਸਨ। ਗ਼ਦਰੀਆਂ ਨੇ ਬਿਆਸ ਦਰਿਆ ਦੇ ਮੰਡ ਵਿਚ ਹਥਿਆਰ ਦੱਬ ਦਿੱਤੇ। ਫਿਰੋਜ਼ਪੁਰ ਦੇ ਤਲਵੰਡੀ ਦੁਸਾਂਝ ਦਾ ਰੂੜ ਸਿੰਘ ਕੱਪੜਿਆਂ ਦੀ ਗਠੜੀ ਚੁੱਕੀ ਆ ਰਿਹਾ ਸੀ। ਗ਼ਦਰੀਆਂ ਨੇ ਇਸ ਤੋਂ ਕੱਪੜੇ ਲੈ ਕੇ ਬਦਲ ਲਏ ਸਨ ਅਤੇ ਚਾਰੇ ਪਾਸੇ ਖਿੰਡ ਪੁੰਡ ਗਏ ਸਨ।

ਗ਼ਦਰੀਆਂ ਦਾ ਇਹ ਟੋਲਾ ਨਹਿਰੇ ਪੈ ਕੇ ਤਰਨਤਾਰਨ ਵੱਲ ਚਲਾ ਗਿਆ ਪਰ ਭਾਈ ਰੂੜ ਸਿੰਘ ਤੇ ਬਚਨ ਸਿੰਘ ਢੁੱਡੀਕੇ (ਵਾਅਦਾ ਮਾਫ) ਜੰਡਿਆਲੇ, ਬਿਆਸ ਤੇ ਕਰਤਾਰਪੁਰ ਵਲੋਂ ਦੀ ਹੋ ਕੇ ਕਪੂਰਥਲੇ ਆ ਗਏ। ਜਿਥੇ ਉਹ ਭਾਈ ਪ੍ਰੇਮ ਸਿੰਘ ਸੁਰਸਿੰਘ ਤੇ ਭਗਵਾਨ ਸਿੰਘ ਹਵਾਲਦਾਰ ਨੂੰ ਮਿਲੇ। ਉਨ੍ਹਾਂ ਤੋਂ ਇਨ੍ਹਾਂ ਨੂੰ ਪਤਾ ਲੱਗਾ ਕਿ ਚਿੱਟੀ ਪਿੰਡ ਦੇ ਗੁਰਦੁਆਰੇ ਵਿਚੋਂ ਭਾਈ ਅਰਜਨ ਸਿੰਘ ਜਗਰਾਉਂ, ਭਾਈ ਬੀਰ ਸਿੰਘ ਬਾਹੋਵਾਲ, ਭਾਈ ਬੂਟਾ ਸਿੰਘ ਅਕਾਲਗੜ ਅਤੇ ਭਾਈ ਕਪੂਰ ਸਿੰਘ ਕਾਉਂਕੇ ਫੜ੍ਹੇ ਗਏ ਸਨ। ਆਪ ਉਥੋਂ ਕਪੂਰਥਲੇ ਤੋਂ ਉਗੀ ਚਿੱਟੀ ਹੁੰਦੇ ਹੋਏ ਪਿੰਡ ਗਾਂਧਰਾਂ ਨੂੰ ਗਏ, ਜਿਥੇ ਰਾਤ ਠਹਿਰੇ, ਫਿਰ ਪਿੰਡ ਸੋਹਲ ਤੇ ਜਨੇਤਪੁਰੇ ਹੁੰਦੇ ਹੋਏ ਪਿੰਡ ਸ਼ੇਖ ਦੌਲਤ ਹੁੰਦੇ ਹੋਏ ਵਾਪਸ ਢੁੱਡੀਕੇ ਪਹੁੰਚ ਗਏ। ਪੁਲਿਸ ਨੇ ਆਪ ਨੂੰ ਪਿੰਡੋਂ 5 ਅਗਸਤ 1915 ਨੂੰ ਗ੍ਰਿਫ਼ਤਾਰ ਕਰ ਲਿਆ।

ਇਕ ਵਾਅਦਾ ਮਾਫ ਗਵਾਹ ਅਨੁਸਾਰ ਭਾਈ ਰੂੜ ਸਿੰਘ ਦਾ ਬਾਬਾ ਪਾਖਰ ਸਿੰਘ ਦੇ ਖੂਹ 'ਤੇ ਆਮ ਆਉਣਾ-ਜਾਣਾ ਸੀ। ਉਹ ਅਜੀਤਵਾਲ ਦੇ ਰੇਲਵੇ ਸਟੇਸ਼ਨ ਤੋਂ ਗੱਡੀ ਚੜ ਕੇ ਕਪੂਰਥਲੇ ਦੇ 5 ਜੂਨ ਨੂੰ ਹੋਣ ਵਾਲੇ ਹਮਲੇ ਵਿਚ ਹਿੱਸਾ ਲੈਣ ਲਈ ਗਏ। ਆਦਮੀ ਤੇ ਹਥਿਆਰ ਘੱਟ ਹੋਣ ਕਰਕੇ 5 ਜੂਨ ਦੇ ਹਮਲੇ ਦੀ ਤਰੀਕ 12 ਜੂਨ ਕਰ ਦਿੱਤੀ ਗਈ। ਇਨ੍ਹਾਂ ਨੇ ਦਿਨ ਵੇਲੇ ਵੱਲੇ ਪੁੱਲ ਦੀ ਗਾਰਦ 'ਤੇ ਹਮਲਾ ਕਰਕੇ ਰਾਇਫਲਾਂ ਖੋਹਣ ਦਾ ਪ੍ਰੋਗਰਾਮ ਬਣਾਇਆ ਜੋ ਕਿ 12 ਜੂਨ ਨੂੰ ਕਪੂਰਥਲੇ ਕੰਮ

ਆਉਣਗੀਆਂ। ਭਾਈ ਰੂੜ ਸਿੰਘ ਵੱਲੇ ਪੁੱਲ ਵਾਲੇ ਡਾਕੇ ਵਿਚ ਸ਼ਾਮਲ ਸੀ।

ਸਰਕਾਰੀ ਵਕੀਲ ਦਾ ਕਹਿਣਾ ਹੈ ਕਿ ਅੰਨ੍ਹਾ ਤੇ ਬੋਲ਼ਾ ਹੋਣ ਕਾਰਨ ਇਹ ਹਮਲਾ ਕਰਨ ਵਾਲੀ ਪਾਰਟੀ ਵਿਚ ਤਾਂ ਨਹੀਂ ਹੋਵੇਗਾ ਪਰ ਅਮਰ ਸਿੰਘ ਇਹ ਗਵਾਹ ਦੇ ਦੱਸਣ ਮੁਤਾਬਕ ਇਸਨੇ ਆਪਣੀ ਮਰਜ਼ੀ ਨਾਲ ਇਸ ਕੰਮ ਦੀ ਜ਼ਿੰਮੇਵਾਰੀ ਲਈ। ਇਹ ਉਨ੍ਹਾਂ ਦੇ ਕੱਪੜਿਆਂ ਦੀ ਪਛਾਣ ਰੱਖਣ ਅਤੇ ਲੁੱਟ ਦਾ ਮਾਲ ਸਾਂਭਣ ਵਿਚ ਲਾਹੇਵੰਦ ਸਾਬਤ ਹੋਇਆ ਹੈ।

ਲਾਹੌਰ ਸੈਂਟਰਲ ਜੇਲ੍ਹ ਵਿਚ ਹੋਈ ਸ਼ਨਾਖ਼ਤ ਪਰੇਡ ਸਮੇਂ ਵਾਅਦਾ ਮਾਫ ਗਵਾਹਾਂ ਨੂੰ ਇਨ੍ਹਾਂ ਦੀ ਇਕ ਅੱਖ ਨਕਾਰਾ ਹੋਣ ਕਾਰਨ ਪਛਾਨਣ ਵਿਚ ਕੋਈ ਮੁਸ਼ਕਲ ਨਾ ਹੋਈ। ਭਾਈ ਰੂੜ ਸਿੰਘ ਦੀ ਭਾਵੇਂ ਇਕ ਅੱਖ ਤੇ ਕੰਨ ਨਕਾਰਾ ਹੋ ਚੁੱਕੇ ਸਨ ਪਰ ਜੋਸ਼ ਤੇ ਉਤਸ਼ਾਹ ਕਿਸੇ ਨਾਲੋਂ ਵੀ ਘੱਟ ਨਹੀਂ ਸੀ।

ਜੱਜਾਂ ਨੇ ਆਪਣੇ ਫੈਸਲੇ ਵਿਚ ਲਿਖਿਆ ਹੈ ਕਿ ਭਾਈ ਰੂੜ ਸਿੰਘ ਉਨ੍ਹਾਂ ਇਨਕਲਾਬੀਆਂ ਵਿਚੋਂ ਸੀ ਜਿਹੜੇ ਪਿੰਡ ਢੁੱਡੀਕੇ ਵਿਚ ਇਕੱਠੇ ਹੋਏ। ਫਿਰ ਪੰਜ ਜੂਨ 1915 ਨੂੰ ਕਪੂਰਥਲੇ ਗਏ, ਵੱਲੇ ਪੁੱਲ ਵਾਲੇ ਹਮਲੇ ਵਿਚ ਸ਼ਾਮਲ ਹੋਏ। ਜਦੋਂ ਦੋ ਆਦਮੀਆਂ ਦਾ ਕਤਲ ਹੋਇਆ ਤਾਂ ਉਸ ਸਮੇਂ ਉਥੇ ਹਾਜ਼ਰ ਸੀ। ਇਹ ਆਪ ਤਾਂ ਕਾਤਲ ਨਹੀਂ ਸੀ ਪਰ ਇਸਨੇ ਕਾਤਲਾਂ ਦੀ ਮੱਦਦ ਕੀਤੀ। ਇਸ ਲਈ ਉਨ੍ਹਾਂ ਦੇ ਬਰਾਬਰ ਦਾ ਅਪਰਾਧੀ ਹੈ। 30 ਮਾਰਚ 1916 ਨੂੰ ਜੱਜਾਂ ਦੇ ਵਿਸ਼ੇਸ਼ ਟ੍ਰਿਬਿਊਨਲ ਨੇ ਭਾਈ ਰੂੜ ਸਿੰਘ ਨੂੰ ਫਾਂਸੀ ਦੀ ਸਜ਼ਾ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ।18 ਜੂਨ 1916 ਨੂੰ ਲਾਹੌਰ ਸੈਂਟਰਲ ਵਿਚ ਫ਼ਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਗਿਆਨੀ ਹਰਭਜਨ ਸਿੰਘ ਚਮਿੰਡਾ ਲਿਖਦੇ ਹਨ:-

ਇਕ ਅੱਖ ਤੇ ਇਕੋ ਖਿਆਲ ਡਿੱਠਾ,
ਵਤਨ ਪਿਆਰ ਦਿਲ ਵਿਚ ਠਾਠਾਂ ਮਾਰਦਾ ਸੀ।
ਗਲੋਂ ਤੌਕ ਗੁਲਾਮੀ ਦਾ ਲਾਹੁਣ ਦੇ ਲਈ,
ਥਾਂ ਥਾਂ ਤੇ ਬੀਰ ਲਲਕਾਰਦਾ ਸੀ।
ਆਪਣੀ ਜਾਨ ਆਪਣੀ ਤਲੀ ਤੇ ਧਰੀ ਫਿਰਦਾ,
ਮੋਹ ਛੱਡ ਕੇ ਕੁਲ ਜਹਾਨ ਦਾ ਸੀ।
ਦੇਸ਼ ਭਗਤਾਂ ਦੀ ਪਰ੍ਹੇ ਵਿਚ ਬਹਿਕੇ,
ਚੜ੍ਹਿਆ ਚਾਅ 'ਸਾਥੀ' ਦੇਸ਼ ਪਿਆਰ ਦਾ ਸੀ।

*ਨੋਟ: ਭਾਈ ਰੂੜ ਸਿੰਘ ਦੀ ਢੁੱਡੀਕੇ ਵਿਚ ਕੀ ਰਿਸ਼ਤੇਦਾਰੀ ਸੀ? ਇਸ ਬਾਰੇ ਦੋ ਰਾਵਾਂ ਹਨ। ਗਿਆਨੀ ਹਰਭਜਨ ਸਿੰਘ ਚਮਿੰਡਾ ਅਤੇ ਮਾਲਵੇ ਦੇ ਇਤਿਹਾਸ ਵਿਚ ਵਸਾਖਾ ਸਿੰਘ ਪਿੰਡ ਢੁੱਡੀਕੇ ਨੂੰ ਇਨ੍ਹਾਂ ਦਾ ਨਾਨਕਾ ਪਿੰਡ ਮੰਨਦੇ ਹਨ। ਪਿੰਡ ਢੁੱਡੀਕੇ ਦੇ ਵਾਸੀਆਂ ਦਾ ਮੰਨਣਾ ਹੈ ਕਿ ਇਸ ਪਿੰਡ ਵਿਚ ਭਾਈ ਰੂੜ ਸਿੰਘ ਦੀ ਭੈਣ ਵਿਆਹੀ ਹੋਈ ਸੀ। ਵਿਅਕਤੀਗਤ ਫੈਸਲੇ ਵਾਲੀ ਫਾਈਲ ਵਿਚ ਢੁੱਡੀਕੇ ਰਿਸ਼ਤੇਦਾਰੀ ਦੱਸੀ ਗਈ ਹੈ।* **-ਸੰਪਾਦਕ**

## (ਕ) ਗ਼ਦਰੀ ਸ਼ਹੀਦ ਭਾਈ ਉੱਤਮ ਸਿੰਘ ਹਾਂਸ

ਭਾਈ ਉੱਤਮ ਸਿੰਘ ਹਾਂਸ ਉਰਫ਼ ਰਾਘੋ ਸਿੰਘ ਪੁੱਤਰ ਜੀਤਾ ਸਿੰਘ, ਜ਼ਿਲਾ ਲੁਧਿਆਣਾ ਦੇ ਪਿੰਡ ਹਾਂਸ ਦਾ ਵਸਨੀਕ ਸੀ। ਆਪ ਉਚੇਰੀ ਵਿੱਦਿਆ ਹਾਸਲ ਨਾ ਕਰ ਸਕੇ। ਛੋਟੀ ਉਮਰ ਵਿੱਚ ਹੀ ਸ਼ਾਦੀ ਹੋ ਗਈ ਪਰ ਗ੍ਰਹਿਸਥੀ ਜੀਵਨ ਵਿਚ ਪੈਰ ਧਰਨ ਤੋਂ ਪਹਿਲਾ ਹੀ ਪਤਨੀ ਸੁਰਗਵਾਸ ਹੋ ਗਈ ਤੇ ਦੂਜਾ ਵਿਆਹ ਨਾ ਕਰਵਾਇਆ।

ਆਪ 1906 ਵਿਚ ਰੋਜ਼ੀ ਰੋਟੀ ਦੀ ਭਾਲ ਵਿਚ ਕਨੇਡਾ ਚਲੇ ਗਏ। ਉਥੇ ਜਾ ਕੇ ਵੱਖ-ਵੱਖ ਮਿੱਲਾਂ ਵਿਚ ਮਜ਼ਦੂਰੀ ਕੀਤੀ। 1913 ਵਿਚ ਗ਼ਦਰ ਪਾਰਟੀ ਦਾ ਗਠਨ ਹੋਇਆ ਤਾਂ ਆਪ ਪਾਰਟੀ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਏ। ਅੰਗਰੇਜ਼ੀ ਹਕੂਮਤ ਵਲੋਂ ਕੌਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਦੇ ਕਨੇਡਾ ਦਾਖਲੇ 'ਤੇ ਲਾਈ ਪਾਬੰਦੀ ਦੀ ਸਮੱਸਿਆ ਨੂੰ ਸੁਲਝਾਉਣ ਲਈ ਬਣੀ 'ਸ਼ੋਰ ਕਮੇਟੀ' ਦੇ ਭਾਈ ਉਤਮ ਸਿੰਘ ਹਾਂਸ ਮੈਂਬਰ ਸਨ। 22 ਜੁਲਾਈ 1914 ਨੂੰ ਇਹ ਭਾਈ ਗੁਰਦਿੱਤ ਸਿੰਘ ਅਤੇ ਮੁਸਾਫ਼ਰਾਂ ਨੂੰ ਮਿਲੇ ਤੇ ਗ਼ਦਰ ਪਾਰਟੀ ਦੇ ਪ੍ਰੋਗਰਾਮ 'ਤੇ ਗ਼ਦਰ ਦੇ ਪਰਚੇ ਉਨ੍ਹਾਂ ਤੱਕ ਪੁੱਜਦੇ ਕੀਤੇ।

ਗ਼ਦਰ ਪਾਰਟੀ ਦੇ ਸੱਦੇ 'ਤੇ ਦੇਸ਼ ਪਰਤ ਕੇ ਆਜ਼ਾਦੀ ਸੰਗਰਾਮ ਵਿਚ ਹਿੱਸਾ ਲੈਣ ਲਈ ਆਪ ਐਸ.ਐਸ.ਮੰਗੋਲੀਆ ਜਹਾਜ਼ ਰਾਹੀਂ ਹਾਂਗਕਾਂਗ ਪੁੱਜੇ ਅਤੇ ਹਾਂਗਕਾਂਗ ਤੋਂ ਆਸਟਰੇਲੀਅਨ ਜਹਾਜ਼ ਰਾਹੀਂ ਕੋਲੰਬੋ ਪੁੱਜੇ। ਭਾਈ ਈਸ਼ਰ ਸਿੰਘ ਢੁੱਡੀਕੇ ਅੰਤੇ ਭਾਈ ਰੰਗਾ ਸਿੰਘ ਖੁਰਦਪੁਰ ਵੀ ਇਸੇ ਜਹਾਜ਼ ਵਿਚ ਆਏ ਸਨ। ਸਭ ਦੀ ਤਲਾਸ਼ੀ ਲਈ ਗਈ ਪਰ ਪੁਲਸ ਦੇ ਹੱਥ ਪੱਲੇ ਕੁਝ ਨਾ ਪਿਆ। ਲੰਕਾ ਤੋਂ ਧਨੁਸ਼ਕੋਡੀ ਤੇ ਇਥੋਂ ਲੁਧਿਆਣੇ ਲਈ ਗੱਡੀ 'ਤੇ ਬਿਠਾ ਦਿੱਤਾ ਤੇ ਪਿੰਡ ਪੁੱਜ ਗਏ। ਕੁਝ ਦਿਨ ਪਿੰਡ ਠਹਿਰਨ ਉਪਰੰਤ ਆਪ ਗੁਪਤਵਾਸ ਹੋ ਕੇ ਭਾਈ ਈਸ਼ਰ ਸਿੰਘ ਢੁੱਡੀਕੇ ਨਾਲ ਮਿਲਕੇ ਕ੍ਰਾਂਤੀਕਾਰੀ ਸਰਗਰਮੀਆਂ ਕਰਨ ਵਿਚ ਰੁੱਝ ਗਏ।

ਮੁਖ਼ਬਰ ਵਲੋਂ ਦਿੱਤੀ ਸੂਹ ਕਾਰਨ 19 ਫਰਵਰੀ 1915 ਦਾ ਗ਼ਦਰ ਅਸਫ਼ਲ ਰਹਿ ਗਿਆ ਅਤੇ ਗ਼ਦਰੀ ਆਗੂ ਫੜੇ ਗਏ। ਭਾਈ ਉਤਮ ਸਿੰਘ ਹਾਂਸ ਨੂੰ ਲੁਧਿਆਣੇ ਜ਼ਿਲੇ ਦਾ ਆਗੂ ਥਾਪ ਦਿੱਤਾ ਗਿਆ। ਮਿਥੇ ਪ੍ਰੋਗਰਾਮ ਅਨੁਸਾਰ ਭਾਵੇਂ ਗ਼ਦਰ ਨੇਪਰੇ ਨਾ ਚੜ੍ਹਿਆ ਪਰ ਇਨ੍ਹਾਂ ਨੇ ਹੌਸਲੇ ਨਾ ਹਾਰੇ ਤੇ ਆਪਣੀਆਂ ਕ੍ਰਾਂਤੀਕਾਰੀ ਕਾਰਵਾਈਆਂ ਨੂੰ ਜਾਰੀ ਰੱਖਿਆ। ਗ਼ੱਦਾਰਾਂ ਦਾ ਕੀਰਤਨ ਸੋਹਲਾ ਪੜ੍ਹਨ ਲਈ ਹਥਿਆਰਾਂ ਦੀ ਲੋੜ ਸੀ, ਹਥਿਆਰ ਖ਼ਰੀਦਣ ਲਈ ਪੈਸੇ ਦੀ ਲੋੜ ਸੀ, ਪੈਸੇ ਦੀ ਲੋੜ ਨੂੰ ਪੂਰਾ ਕਰਨ ਲਈ ਡਾਕੇ ਮਾਰਨੇ ਪਏ ਤੇ ਹਥਿਆਰ ਪ੍ਰਾਪਤ ਕਰਨ ਲਈ ਅਸਲੇਖਾਨੇ ਅਤੇ ਰੇਲਵੇ ਪੁਲਾਂ 'ਤੇ ਡਿਊਟੀ ਦੇ ਰਹੀਆਂ ਗਾਰਦਾਂ 'ਤੇ ਹਮਲੇ ਕਰਕੇ ਹਥਿਆਰ ਖੋਹਣ ਤੇ ਲੁੱਟਣ ਦੇ ਯਤਨ ਕੀਤੇ ਗਏ। ਕਪੂਰਥਲੇ ਅਤੇ ਵੱਲੇ ਪੁੱਲ ਦੇ ਹਮਲਿਆਂ ਤੋਂ ਬਾਅਦ ਭਾਈ ਉੱਤਮ ਸਿੰਘ ਹਾਂਸ ਅਤੇ ਭਾਈ ਈਸ਼ਰ ਸਿੰਘ ਹੋਤੀ ਮਰਦਾਨ ਵੱਲ ਚਲੇ ਗਏ। ਇਥੋਂ ਅਗਸਤ 1915

ਵਿਚ ਪੁਲਸ ਨੇ ਗ੍ਰਿਫ਼ਤਾਰ ਕਰਕੇ ਲੁਧਿਆਣਾ ਜੇਲ ਵਿਚ ਬੰਦ ਕਰ ਦਿੱਤਾ।

ਮਾਲਵਾ ਸਿੱਖ ਇਤਿਹਾਸ ਵਿਚ ਵਸਾਖਾ ਸਿੰਘ ਲਿਖਦੇ ਹਨ, ਆਪ ਨੂੰ ਗ੍ਰਿਫ਼ਤਾਰ ਕਰਕੇ ਲੁਧਿਆਣੇ ਹਵਾਲਾਤ ਵਿਚ ਰੱਖਿਆ ਗਿਆ। ਉਥੇ ਇਕ ਅਫ਼ਸਰ ਆਪ ਨੂੰ ਪੁੱਛਣ ਲੱਗਾ,"ਸਰਦਾਰ ਜੀ, ਤੁਸੀਂ ਕਿਥੇ ਕਿਥੇ ਰਹੇ, ਕਿਥੇ ਕਿਥੇ ਗਏ ਤੇ ਕੀ ਕੁਝ ਕੀਤਾ?" ਆਪ ਉਨ੍ਹਾਂ ਨੂੰ ਆਖਣ ਲੱਗੇ,"ਤੁਸੀਂ ਪੁੱਛ ਕੇ ਕੀ ਕਰੋਗੇ? ਕੀ ਮੈਨੂੰ ਫਾਂਸੀ ਦੇ ਦਿਓਗੇ ਜਾਂ ਛੱਡ ਦੇਵੋਗੇ?" ਉਨ੍ਹਾਂ ਜਵਾਬ ਦਿੱਤਾ,"ਨਹੀਂ, ਅਸੀਂ ਤੁਹਾਨੂੰ ਅਦਾਲਤ ਵਿਚ ਲੈ ਜਾਵਾਂਗੇ।" ਭਾਈ ਉੱਤਮ ਸਿੰਘ ਉਹਨਾਂ ਨੂੰ ਕਹਿਣ ਲੱਗੇ,"ਫਿਰ ਸਾਡਾ ਤੁਹਾਡੇ ਨਾਲ ਕੀ ਵਾਸਤਾ ਹੈ। ਅਸੀਂ ਜੋ ਕਹਿਣਾ ਹੋਊ, ਅਦਾਲਤ ਵਿਚ ਹੀ ਕਹਿ ਲਵਾਂਗੇ।" ਅਫ਼ਸਰ ਨਿੰਮੋਝੂਣਾ ਹੋ ਕੇ ਚਲਾ ਗਿਆ।

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਕੌਮੀ ਲਹਿਰ (ਜੂਨ 1971) ਦੇ ਅੰਕ ਵਿਚ ਲਿਖਦੇ ਹਨ ਕਿ: ਆਪ ਆਜ਼ਾਦੀ ਦੇ ਇਤਨੇ ਪ੍ਰੇਮੀ ਸਨ ਕਿ ਹਵਾਲਾਤ ਵਿਚ ਬੰਦ ਹੋਏ ਪੁਲਿਸ ਕਰਮਚਾਰੀਆਂ ਨੂੰ ਵੀ ਇਹੋ ਸਿਖਿਆ ਦਿਆ ਕਰਦੇ ਸਨ। ਇਕ ਦਿਨ ਜਦ ਆਪ ਕੋਤਵਾਲੀ ਵਿਚ ਇਸ਼ਨਾਨ ਕਰ ਰਹੇ ਸਨ ਤਾਂ ਇਕ ਇੰਸਪੈਕਟਰ ਦਾ ਲੜਕਾ ਆਪ ਪਾਸ ਆਇਆ, ਆਪ ਨੇ ਉਸ ਨੂੰ ਕਿਹਾ ਕਿ,"ਕਾਕਾ ਤੂੰ ਆਜ਼ਾਦੀ ਚਾਹੁੰਦਾ ਹੈ ਕਿ ਗੁਲਾਮੀ?" ਉਸ ਲੜਕੇ ਨੇ ਉਤਰ ਦਿਤਾ-ਆਜ਼ਾਦੀ। ਤਾਂ ਆਪ ਨੇ ਇੰਸਪੈਕਟਰ ਨੂੰ ਕਿਹਾ,"ਦੇਖ ਮੀਆਂ, ਤੇਰੇ ਨਾਲੋਂ ਤਾਂ ਇਹ ਬੱਚਾ ਹੀ ਚੰਗਾ ਹੈ ਜਿਹੜਾ ਕਿ ਆਜ਼ਾਦੀ ਚਾਹੁੰਦਾ ਹੈ। ਤੂੰ ਦਿਨ ਰਾਤ ਲੋਕਾਂ ਨੂੰ ਗੁਲਾਮੀ ਦੇ ਸੰਗਲਾਂ ਵਿਚ ਬੰਨ ਰਿਹਾ ਹੈ। ਤੈਨੂੰ ਆਪਣੇ ਇਸ ਪੁੱਤਰ ਤੋਂ ਸਿੱਖਿਆ ਲੈਣੀ ਚਾਹੀਦੀ ਹੈ।" ਅਫ਼ਸਰ ਵਿਚਾਰਾ ਚੁੱਪ ਹੋ ਗਿਆ।

ਅਦਾਲਤ ਵਿਚ ਇਕ ਘੁਮਿਆਰ ਜਿਸ ਦੀ ਹਾਲਤ ਬਹੁਤ ਭੈੜੀ ਸੀ ਆਪਦੇ ਵਿਰੁੱਧ ਗਵਾਹੀ ਦੇਣ ਲਈ ਆਇਆ ਤੇ ਆਪ ਨੇ ਉਸਦੀ ਦਸ਼ਾ ਨੂੰ ਦੇਖ ਕੇ ਕਿਹਾ,"ਦੇਖੋ ਇਹ ਦਸ਼ਾ ਹੈ ਸਾਡੇ ਭਰਾਵਾਂ ਦੀ। ਇਸ ਵਿਚਾਰੇ ਨੂੰ ਕੀ ਪਤਾ ਕਿ ਅਸੀਂ ਕਿਸ ਜੁਰਮ ਵਿਚ ਫੜ੍ਹੇ ਹੋਏ ਹਾਂ। ਇਸ ਉਪਰ ਰੰਜ ਕਰਨਾ ਸਰਾਸਰ ਸਾਡੀ ਬੇਵਕੂਫ਼ੀ ਹੈ।" ਇਹ ਕਹਿੰਦੇ ਹੋਏ ਆਪ ਦੀਆਂ ਅੱਖਾਂ ਵਿਚ ਅਥਰੂ ਭਰ ਆਏ।

ਇਸੇ ਤਰ੍ਹਾਂ ਇਕ ਅਫ਼ਸਰ ਨਾਲ ਗੱਲਬਾਤ ਕਰਦਿਆਂ ਆਪ ਨੇ ਉਸਨੂੰ "ਤੂੰ" ਕਹਿ ਕੇ ਮੁਖ਼ਾਤਬ ਕੀਤਾ ਤਾਂ ਉਸ ਅਫ਼ਸਰ ਨੇ ਕਿਹਾ ਉਹ ਇਕ ਅਫ਼ਸਰ ਹੈ, ਉਸ ਨਾਲ ਜ਼ਰਾ ਸੋਚ ਸਮਝ ਕੇ ਗੱਲ ਕਰਨ। ਆਪ ਨੇ ਉੱਤਰ ਦਿੱਤਾ,"ਜਿਸਦੇ ਮੁਕਾਬਲੇ ਵਿਚ ਅੱਜ ਮੈਂ ਫੜ੍ਹਿਆ ਹੋਇਆ ਹਾਂ ਤੂੰ ਉਸਦੇ ਨੌਕਰਾਂ ਦਾ ਪੜ-ਨੌਕਰ ਹੈ। ਦੱਸ ਮੈਂ ਤੈਨੂੰ ਤੂੰ ਨਾ ਕਹਾਂ ਤਾਂ ਹੋਰ ਕੀ ਕਹਾਂ। ਤੇਰੀ ਮੇਰੇ ਸਾਹਮਣੇ ਇਹੋ ਹੈਸੀਅਤ ਹੈ।" ਇਹ ਸੁਣ ਕੇ ਉਹ ਅਫ਼ਸਰ ਸ਼ਰਮਿੰਦਾ ਹੋ ਗਿਆ ਤੇ ਘੁੱਟ ਵੱਟ ਕੇ ਇਹਨਾਂ ਅੱਖਰਾਂ ਨੂੰ ਪੀ ਗਿਆ।

ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੀ ਜੱਜਮੈਂਟ ਦੇ ਦੋਸ਼ੀ (ਨੰ. 98) ਉਤਮ ਸਿੰਘ ਹਾਂਸ ਉਰਫ਼ ਰਾਘੋ ਸਿੰਘ ਪੁੱਤਰ ਜੀਤਾ ਸਿੰਘ ਪਿੰਡ ਹਾਂਸ ਵਿਚ ਦਰਜ ਹੈ ਕਿ ਉਤਮ ਸਿੰਘ ਹਾਂਸ ਸਨਾਖ਼ਤ ਪ੍ਰੇਡ ਲਾਹੌਰ ਸੈਂਟਰਲ ਜੇਲ੍ਹ ਵਿਚ ਵਾਅਦਾ ਮੁਆਫ਼ ਗਵਾਹਾਂ ਸੁੰਦਰ ਸਿੰਘ, ਊਧਮ ਸਿੰਘ, ਭਗਤ ਸਿੰਘ, ਬਚਨ ਸਿੰਘ, ਅਮਰ ਸਿੰਘ, ਅਰਜਨ ਸਿੰਘ ਅਤੇ ਹੋਤੀ ਮਰਦਾਨ ਤੋਂ ਸ਼ਰਬਤ ਵੇਚਣ ਵਾਲੇ ਨੇ ਪਛਾਣ ਕੀਤੀ।

ਗਵਾਹਾਂ ਦੇ ਬਿਆਨਾਂ ਨੂੰ ਆਧਾਰ ਬਣਾ ਕੇ ਸਰਕਾਰੀ ਵਕੀਲ ਨੇ ਸਜ਼ਾ ਦੀ ਪੁਸ਼ਟੀ ਕਰਨ ਲਈ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ:

ਸਾਨੂੰ ਪੂਰਾ ਵਿਸ਼ਵਾਸ ਹੈ ਕਿ ਉੱਤਮ ਸਿੰਘ ਹਾਂਸ ਅਸਲੀ ਮੁਲਜ਼ਮ ਹੈ। ਉਹ ਕਨੇਡਾ ਤੋਂ ਭਾਰਤ ਅੰਗਰੇਜ਼ੀ ਹਕੂਮਤ ਦਾ ਤਖ਼ਤਾ ਪਲਟਾਉਣ ਆਇਆ ਸੀ। ਉਸਦਾ ਲੋਹਟਬੱਧੀ ਦੇ ਕ੍ਰਾਂਤੀਕਾਰੀਆਂ ਨਾਲ ਨੇੜਲਾ ਸੰਬੰਧ ਸੀ। ਝਨੇਰ ਡਾਕੇ ਤੇ ਲੋਹਟਬੱਧੀ ਫੈਕਟਰੀ ਵਿਖੇ ਅਸਲਾ ਬਣਾਉਣ ਵਿਚ ਉਸਦਾ ਪੂਰਾ ਹੱਥ ਸੀ। ਢੁੱਡੀਕੇ ਦੇ ਟੋਲੇ ਵਲੋਂ ਕੀਤੀਆਂ ਗਈਆਂ ਕ੍ਰਾਂਤੀਕਾਰੀ ਸਰਗਰਮੀਆਂ, ਫਿਰੋਜ਼ਪੁਰ 'ਤੇ ਹਮਲਾ, 5 ਜੂਨ ਨੂੰ ਕਪੂਰਥਲੇ ਇਕੱਤਰਤਾ, ਚੰਦਾ ਸਿੰਘ ਜ਼ੈਲਦਾਰ ਦਾ ਕਤਲ ਅਤੇ ਵੱਲਾ ਪੁਲ ਦੇ ਸਾਕੇ ਵਿਚ ਉਹ ਸ਼ਾਮਲ ਸੀ।

30 ਮਾਰਚ 1916 ਨੂੰ ਮੁਕੱਦਮੇ ਦੀ ਸੁਣਵਾਈ ਕਰਦਿਆਂ ਜੱਜ ਨੇ ਸਪੱਸ਼ਟ ਕਿਹਾ ਸੀ ਕਿ ਜਿਹੜੇ ਗ਼ਦਰੀਆਂ ਨੇ ਵਿਦੇਸ਼ਾਂ ਤੋਂ ਪਰਤ ਕੇ ਗ਼ਦਰੀ ਗਤੀਵਿਧੀਆਂ ਦਾ ਝੰਡਾ ਚੁੱਕੀ ਰੱਖਿਆ ਸੀ ਉਨ੍ਹਾਂ ਨੂੰ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। ਉੱਤਮ ਸਿੰਘ ਹਾਂਸ ਨੇ ਕਨੇਡਾ ਤੋਂ ਪਰਤ ਕੇ ਅੰਗਰੇਜ਼ ਵਿਰੋਧੀ ਸਰਗਰਮੀਆਂ ਵਿਚ ਹਿੱਸਾ ਲਿਆ ਹੈ। ਸੋ ਉਹ ਸਜ਼ਾ ਦਾ ਹੱਕਦਾਰ ਹੈ। ਆਪ ਨੂੰ ਫ਼ਾਂਸੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਜਾਣ ਤੋਂ ਲੈ ਕੇ ਫ਼ਾਂਸੀ ਦੇ ਤਖ਼ਤੇ 'ਤੇ ਪੈਰ ਰੱਖਣ ਤੱਕ ਚੜ੍ਹਦੀ ਕਲਾ ਵਿਚ ਰਹੇ। 18 ਜੂਨ 1916 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਹੱਸਦਿਆਂ ਹੱਸਦਿਆਂ ਫ਼ਾਂਸੀ ਦਾ ਰੱਸਾ ਚੁੰਮਿਆ। ਆਪ ਦੇ ਸੰਗੀ ਸਾਥੀ ਰਹੇ ਗਿਆਨੀ ਹਰਭਜਨ ਸਿੰਘ ਚਮਿੰਡਾ ਲਿਖਦੇ ਹਨ:

ਅਕਲ ਸ਼ਕਲ ਵਾਲਾ ਸਰੂ ਕੱਦ ਸੋਹਣਾ,
ਜੀਹਨੂੰ ਵੇਖ ਜੀਉੜਾ ਨਹੀਂ ਰੱਜਦਾ ਸੀ।
ਇਨ੍ਹਾਂ ਅੱਖੀਆਂ ਦੇ ਨਾਲ ਦੇਖਿਆ ਮੈਂ,
ਸ਼ੇਰ ਪਿੰਜਰੇ ਵਿਚ ਵੀ ਗੱਜਦਾ ਸੀ।
ਛਾਤੀ ਤਾਣ ਮੈਦਾਨ ਦੇ ਵਿੱਚ ਲੱਥਾ,
ਜਦੋਂ ਬਿਗਲ ਲੜਾਈ ਦਾ ਵੱਜਦਾ ਸੀ।
ਇਹਦੀ ਨੇਕ ਨੁਹਾਰ ਦੇ ਨਾਲ 'ਸਾਥੀ'
ਤਖ਼ਤਾ ਫਾਂਸੀ ਦਾ ਵੀ ਸੱਜਦਾ ਸੀ।

## (ਖ) ਗ਼ਦਰੀ ਸ਼ਹੀਦ ਭਾਈ ਬੀਰ ਸਿੰਘ ਬਾਹੋਵਾਲ

ਭਾਈ ਬੀਰ ਸਿੰਘ ਦਾ ਜਨਮ ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਬਾਹੋਵਾਲ ਵਿਚ ਹੋਇਆ ਸੀ। ਆਪਦੇ ਪਿਤਾ ਦਾ ਨਾਮ ਸ੍. ਬੂਟਾ ਸਿੰਘ ਤੇ ਮਾਤਾ ਦਾ ਨਾਮ ਅਤਰੀ ਸੀ। 1906 ਵਿਚ ਆਪ ਰੁਜ਼ਗਾਰ ਦੀ ਭਾਲ ਵਿਚ ਕਨੇਡਾ ਚਲੇ ਗਏ ਤੇ ਉਥੇ ਜਾ ਕੇ ਵੈਨਕੂਵਰ ਵਿਖੇ ਲੱਕੜ ਮਿੱਲ ਵਿਚ ਕੰਮ ਕੀਤਾ। 1913 ਵਿਚ ਗ਼ਦਰ ਪਾਰਟੀ ਦੇ ਮੈਂਬਰ ਬਣ ਕੇ ਹੋਰਨਾਂ ਨੂੰ ਮੈਂਬਰ ਬਣਨ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਪਾਸੋਂ ਉਗਰਾਹੀ ਕਰਕੇ ਪਾਰਟੀ ਨੂੰ ਦਿੱਤੀ। ਕੌਮਾਗਾਟਾ ਮਾਰੂ ਦੀ ਘਟਨਾ ਵਾਪਰਨ ਤੇ ਆਪ ਭਾਈ ਬਲਵੰਤ ਸਿੰਘ ਖੁਰਦਪੁਰ ਦੇ ਸਹਿਯੋਗੀ ਬਣਕੇ ਆਪਣੇ ਹਿੰਦੀ ਭਰਾਵਾਂ ਦੇ ਕਨੇਡਾ ਦਾਖਲੇ ਲਈ ਯਤਨ ਕਰਦੇ ਰਹੇ। ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ ਦੇਸ਼ ਦੀ ਆਜ਼ਾਦੀ ਲਈ ਯੁੱਧ ਕਰਨ ਲਈ ਗ਼ਦਰੀ ਆਗੂਆਂ ਦੇ ਯੁੱਧ ਸਾਥੀ ਬਣਕੇ ਹਿੰਦੋਸਤਾਨ ਨੂੰ ਪਰਤ ਆਏ।

ਆਪ ਨੇ ਵਿਕਟੋਰੀਆ ਦੀ ਬੰਦਰਗਾਹ ਤੋਂ 'ਮੈਕਸੀਕੋ ਮਾਰੂ' ਨਾਂ ਦੇ ਜਹਾਜ਼ ਰਾਹੀਂ 22 ਅਗਸਤ 1914 ਨੂੰ ਹਿੰਦੋਸਤਾਨ ਲਈ ਚਾਲੇ ਪਾ ਦਿਤੇ। ਇਸੇ ਹੀ ਜਹਾਜ਼ ਵਿਚ ਭਾਈ ਨੰਦ ਸਿੰਘ ਕੈਲੇ, ਭਾਈ ਹਰੀ ਸਿੰਘ ਸੂੰਢ ਅਤੇ ਭਾਈ ਜਾਵੰਦ ਸਿੰਘ ਨੰਗਲ ਕਲਾਂ ਵੀ ਦੇਸ਼ ਨੂੰ ਪਰਤੇ ਸਨ। ਆਪ ਹਾਂਗਕਾਂਗ ਤੋਂ ਨਾਮਸੰਗ ਜਹਾਜ਼ ਵਿਚ ਸਵਾਰ ਹੋਏ। ਇਸੇ ਜਹਾਜ਼ ਵਿਚ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਵੀ ਮੁਸਾਫ਼ਰ ਸਨ। ਕਲੱਕਤੇ ਦੀ ਬੰਦਰਗਾਹ ਤੇ ਬਾਹਰੋਂ ਆਏ ਮੁਸਾਫਰਾਂ ਦੀ ਤਲਾਸ਼ੀ ਲਈ ਜਾਂਦੀ ਅਤੇ ਕਈਆਂ ਨੂੰ ਤਾਂ ਸ਼ੱਕ ਪੈਣ 'ਤੇ ਉਥੇ ਹੀ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਜਿਹੜੇ ਉਥੋਂ ਗ੍ਰਿਫ਼ਤਾਰ ਹੋਣੋ ਬਚ ਜਾਂਦੇ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਲੁਧਿਆਣੇ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ ਪਰ ਭਾਈ ਬੀਰ ਸਿੰਘ ਗ੍ਰਿਫ਼ਤਾਰੀ ਤੋਂ ਬਚ ਗਏ ਤੇ ਆਪਣੇ ਪਿੰਡ ਬਾਹੋਵਾਲ ਪੁੱਜ ਗਏ। ਆਪ ਹਿੰਦੋਸਤਾਨ ਪਰਤਣ ਵਾਲੇ ਪਹਿਲੇ ਜਥਿਆਂ ਵਿਚੋਂ ਇਕ ਸਨ। ਇਥੇ ਆ ਕੇ ਆਪ ਗ਼ਦਰ ਕਰਨ ਦੀਆਂ ਕ੍ਰਾਂਤੀਕਾਰੀ ਸਰਗਰਮੀਆਂ ਵਿਚ ਜੁੱਟ ਗਏ।

ਭਾਈ ਬੀਰ ਸਿੰਘ ਗ਼ਦਰ ਪਾਰਟੀ ਦੇ ਉੱਘੇ ਵਰਕਰਾਂ ਵਿਚੋਂ ਸਨ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ, ਕੌਮੀ ਲਹਿਰ ਵਿਚ ਲਿਖਦੇ ਹਨ ਕਿ ਨਵੰਬਰ 1914 ਵਿਚ ਪਾਰਟੀ ਦੇ ਕੰਮ ਨੂੰ ਕੇਂਦਰਤ ਕਰਨ ਲਈ ਇਕ ਕੇਂਦਰੀ ਕਮੇਟੀ ਚੁਣ ਲਈ ਗਈ। ਜਿਸ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ, ਡਾ. ਮਥਰਾ ਸਿੰਘ ਢੁਡਿਆਲ, ਭਾਈ ਗੁੱਜਰ ਸਿੰਘ ਭਕਨਾ, ਭਾਈ ਵਸਾਖਾ ਸਿੰਘ ਦਦੇਹਰ (ਸੰਤ ਨਹੀਂ), ਪੰਡਤ ਜਗਤ ਰਾਮ ਹਰਿਆਣਾ (ਹੁਸ਼ਿਆਰਪੁਰ), ਭਾਈ ਪਿਆਰਾ ਸਿੰਘ ਲੰਗੇਰੀ ਤੇ ਭਾਈ ਬੀਰ ਸਿੰਘ ਬਾਹੋਵਾਲ ਮੈਂਬਰ ਲਏ ਗਏ।

ਉੱਘਾ ਗ਼ਦਰੀ ਤੇ ਕਾਮਾ ਭਾਈ ਨਿਰੰਜਣ ਸਿੰਘ ਪੰਡੋਰੀ ਲੱਧਾ ਸਿੰਘ ਵਾਲਾ ਨੇ ਹੱਥ ਲਿਖਤ ਬਿਆਨ ਵਿਚ ਦਸਿਆ ਹੈ ਕਿ ਸੰਨ 1914 ਵਿਚ ਮੈਂ, ਬੰਤਾ ਸਿੰਘ ਸੰਘਵਾਲ ਅਤੇ ਕੁਝ ਹੋਰ ਗ਼ਦਰੀਆਂ ਨੇ ਬਾਹੋਵਾਲ ਪਿੰਡ ਭਾਈ ਬੀਰ ਸਿੰਘ ਦੀ ਅਗਵਾਈ ਵਿਚ ਇਕੱਠੇ ਹੋ ਕੇ ਦੇਸ਼ ਦੀ ਆਜ਼ਾਦੀ ਲਈ ਵੱਡੇ ਹੰਭਲੇ ਦੀ ਵਿਉਂਤ ਬਣਾਈ ਸੀ।

ਬੀਰ ਸਿੰਘ ਉਦੋਂ ਸਿਰਫ਼ 26 ਕੁ ਸਾਲਾਂ ਦਾ ਸੀ।

ਆਪ ਉਤੇ ਕਪੂਰਥਲਾ ਦੇ ਅਸਲਾਖਾਨੇ 'ਤੇ ਹਮਲਾ ਕਰਨ, ਪਿੰਡ ਮਨਸੂਰਾਂ (ਲੁਧਿਆਣਾ) ਤੇ ਚੱਬਾ ਡਕੈਤੀ ਵਿਚ ਸ਼ਾਮਲ ਹੋਣ ਦਾ ਦੋਸ਼ ਸੀ। ਚੱਬੇ ਵਾਲੇ ਡਾਕੇ ਵਿਚ ਪਿੰਡ ਵਾਲਿਆਂ ਨਾਲ ਮੁਕਾਬਲਾ ਹੋ ਗਿਆ, ਜਿਸ ਵਿਚ ਇਹਨਾਂ ਦੇ ਦੋ ਸਾਥੀ ਮਾਰੇ ਗਏ ਤੇ ਕਈ ਫੱਟੜ ਹੋ ਗਏ। ਭਾਈ ਬੀਰ ਸਿੰਘ ਬਾਹੋਵਾਲ ਤੇ ਭਾਈ ਪ੍ਰੇਮ ਸਿੰਘ ਸੁਰਸਿੰਘ ਨੇ ਆਪਣੇ ਬਾਹੂਬਲ ਦੇ ਜ਼ੋਰ ਨਾਲ ਵਾਹਰ ਨੂੰ ਰੋਕ ਰੱਖਿਆ। ਬਾਕੀ ਗ਼ਦਰੀ ਬਚਕੇ ਨਿਕਲਣ ਵਿਚ ਕਾਮਯਾਬ ਹੋ ਗਏ। ਭਾਈ ਬੀਰ ਸਿੰਘ ਤੇ ਭਾਈ ਪ੍ਰੇਮ ਸਿੰਘ ਨੂੰ ਕਾਫ਼ੀ ਸੱਟਾਂ ਲੱਗੀਆਂ।

5 ਜੂਨ ਨੂੰ ਕਪੂਰਥਲੇ ਗ਼ਦਰੀਆਂ ਦਾ ਇਕੱਠ ਹੋਇਆ ਜਿਸ ਵਿਚ ਆਪ ਸ਼ਾਮਲ ਹੋਏ। ਖੋਜੀਆਂ ਨੇ ਸੱਤਾਂ ਬੰਦਿਆਂ ਦਾ ਖੁਰਾ ਕਰਤਾਰਪੁਰ ਨੂੰ ਤੋਰ ਲਿਆ। ਤਿੰਨਾਂ ਦਾ ਜਲੰਧਰ ਛਾਉਣੀ ਨੂੰ ਅਤੇ ਚੌਂਹਾਂ ਦਾ ਕਾਲੇ ਸੰਘਿਆਂ ਨੂੰ। ਪੁਲਸ ਕਾਲੇ ਸੰਘਿਆਂ ਦੇ ਖੁਰੇ ਪਿਛੇ ਹੋ ਤੁਰੀ ਤੇ ਕਾਲੇ ਸੰਘਿਆਂ ਤੋਂ ਲੰਘ ਕੇ ਚਿੱਟੀ ਪਿੰਡ ਦੇ ਗੁਰਦਵਾਰੇ ਵਿਚੋਂ ਚਾਰ ਗ਼ਦਰੀ ਫੜ ਲਏ। 6 ਜੂਨ 1915 ਨੂੰ ਪਿੰਡ ਚਿੱਟੀ (ਜਲੰਧਰ) ਦੇ ਗੁਰਦਵਾਰੇ ਵਿਚੋਂ ਫੜੇ ਗਏ ਚਾਰ ਗ਼ਦਰੀਆਂ ਵਿਚੋਂ ਇਕ ਸਨ। ਭਾਈ ਬੀਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿਚ ਧਰ ਲਿਆ ਗਿਆ। ਇਹ ਮੁਕੱਦਮਾ 29 ਅਕਤੂਬਰ 1915 ਤੋਂ 30 ਮਾਰਚ 1916 ਤੱਕ ਚੱਲਿਆ।

ਸੁੱਚਾ ਸਿੰਘ ਵਾਅਦਾ ਮਾਫ਼ ਗਵਾਹ ਅਨੁਸਾਰ ਭਾਈ ਬੀਰ ਸਿੰਘ, ਕਰਤਾਰ ਸਿੰਘ ਸਰਾਭਾ ਤੇ ਭਾਈ ਅਰਜਨ ਸਿੰਘ ਨੇ ਇਕ ਵਾਰੀ ਖਾਲਸਾ ਹਾਈ ਸਕੂਲ ਲੁਧਿਆਣਾ ਦੇ ਹੋਸਟਲ ਦੇ ਇਕ ਕਮਰੇ ਵਿਚ ਇਕ ਮੀਟਿੰਗ ਕੀਤੀ। ਇਸੇ ਸਕੂਲ ਦੇ ਹੋਰ ਵਿਦਿਆਰਥੀ ਗ਼ਦਰੀਆਂ ਦੇ ਸਾਥੀ ਸਨ ਜਿਵੇਂ ਭਾਈ ਸੱਜਣ ਸਿੰਘ ਨਾਰੰਗਵਾਲ, ਭਾਈ ਪੂਰਨ ਸਿੰਘ ਈਸੇਵਾਲ। ਜੱਜਾਂ ਦੇ ਫੈਸਲੇ ਅਨੁਸਾਰ, ਚੱਬੇ ਦੇ ਡਾਕੇ ਵਿਚ ਇਕ ਬੰਬ ਫਟਿਆ ਜਿਸ ਨਾਲ ਆਪਦੀ ਪਿੱਠ ਉਤੇ ਜ਼ਖ਼ਮ ਹੋ ਗਏ। ਸਰਕਾਰੀ ਗਵਾਹਾਂ ਅਨੁਸਾਰ ਇਨ੍ਹਾਂ ਦਾ ਇਲਾਜ ਅੰਮ੍ਰਿਤਸਰ ਦੇ ਡਾ. ਹਰਦਿੱਤ ਸਿੰਘ (ਪਹਿਲੇ ਕੇਸ) ਨੇ ਕੀਤਾ, ਜਿਨ੍ਹਾਂ ਨੇ ਬੰਬਾਂ ਦੀਆਂ ਟੁਕੜੀਆਂ ਇਨ੍ਹਾਂ ਦੇ ਸਰੀਰ ਵਿਚੋਂ ਕੱਢੀਆਂ। 30 ਮਾਰਚ 1916 ਨੂੰ ਜੱਜਾਂ ਨੇ ਫਾਂਸੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਅਤੇ 18 ਜੂਨ 1916 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਫ਼ਾਂਸੀ ਲਾ ਦਿੱਤਾ ਗਿਆ।

ਗਿਆਨੀ ਹਰਭਜਨ ਸਿੰਘ ਚਮਿੰਡਾ ਇਸ ਯੋਧੇ ਬਾਰੇ ਲਿਖਦੇ ਹਨ:

ਬੀਰ ਸਿੰਘ ਜੀ ਬੀਰ ਦਾ ਦਿਲ ਜਾਣੋਂ,
ਬੜਾ ਸਖ਼ਤ ਕੋਈ ਟਿੱਲਾ ਪਹਾੜ ਦਾ ਸੀ।
ਦੇਵਨੇਤ ਵੱਡਾ ਜਥ੍ਹਾ ਸੂਰਮੇ ਦਾ,
ਸੀਨੇ ਦੁਸ਼ਮਣਾਂ ਦੇ ਤਾਈਂ ਸਾੜਦਾ ਸੀ।
ਜੋਸ਼ ਵਿਚ ਆ ਕੇ ਸਦਾ ਕਰੇ ਦੌਰਾ,
ਲਹੂ ਸੂਰਮੇ ਦੀ ਨਾੜ ਨਾੜ ਦਾ ਸੀ।
ਪਿਆਰੇ ਵਤਨ ਉਤੇ ਜਿੰਦ ਵਾਰਨੇ ਦਾ,
'ਸਾਥੀ' ਸਮੇਂ ਤਾਈ ਸਦਾ ਤਾੜਦਾ ਸੀ।

## (ਗ) ਗ਼ਦਰੀ ਸ਼ਹੀਦ ਭਾਈ ਰੰਗਾ ਸਿੰਘ ਖੁਰਦਪੁਰ

ਭਾਈ ਰੰਗਾ ਸਿੰਘ ਉਰਫ ਰੋਡਾ ਸਿੰਘ ਪੁੱਤਰ ਗੁਰਦਿੱਤ ਸਿੰਘ, ਮਾਤਾ ਰੁਕਮਣੀ ਜ਼ਿਲਾ ਜਲੰਧਰ ਦੇ ਪਿੰਡ ਖੁਰਦਪੁਰ ਦਾ ਜੰਮਪਲ ਸੀ। ਇਹ ਤਿੰਨ ਭਰਾ ਸਨ। ਵੱਡਾ ਭਰਾ ਪਰਤਾਪ ਸਿੰਘ ਅਤੇ ਇਨ੍ਹਾਂ ਤੋਂ ਛੋਟੇ ਦਾ ਨਾਮ ਕਰਤਾਰ ਸਿੰਘ ਸੀ। ਮੁੱਢਲੀ ਵਿੱਦਿਆ ਪ੍ਰਾਪਤ ਕਰਨ ਉਪਰੰਤ ਇਹ ਆਪਣੇ ਵੱਡੇ ਭਰਾ ਪਰਤਾਪ ਸਿੰਘ ਦੀ ਤਰ੍ਹਾਂ 1905 ਵਿਚ ਫੌਜ ਵਿਚ ਭਰਤੀ ਹੋ ਗਏ। ਨਵੰਬਰ 1928 ਦੇ ਕਿਰਤੀ ਅਖ਼ਬਾਰ 'ਚ ਛਪੇ ਇੱਕ ਲੇਖ ਤੋਂ ਪਤਾ ਲਗਦਾ ਹੈ ਕਿ ਆਪ ਮੁੱਢ ਤੋਂ ਹੀ ਦਲੇਰ, ਹੌਸਲੇ ਵਾਲੇ, ਹੋਣਹਾਰ ਅਤੇ ਆਜ਼ਾਦ ਖਿਆਲਾਂ ਵਾਲੇ ਸਨ। ਸਰੀਰ ਦੇ ਚੰਗੇ ਤੰਦਰੁਸਤ ਅਤੇ ਸੁਡੌਲ ਸਨ। ਆਪ ਨੂੰ ਖੇਡਾਂ, ਘੋੜ ਦੌੜ ਅਥਵਾ ਘੋੜਿਆਂ ਦੀਆਂ ਹੋਰ ਖੇਡਾਂ ਅਤੇ ਕੁਸ਼ਤੀ ਦਾ ਸ਼ੌਕ ਸੀ। ਆਪ ਭਾਵੇਂ ਫੌਜ ਵਿਚ ਭਰਤੀ ਵੀ ਹੋ ਗਏ, ਉਥੇ ਕੁਝ ਚਿਰ ਨੌਕਰੀ ਵੀ ਕੀਤੀ ਪਰ ਆਜ਼ਾਦ ਖਿਆਲਾਂ ਦੇ ਮਾਲਕ ਹੋਣ ਕਰਕੇ ਅੰਗਰੇਜ਼ੀ ਹਕੂਮਤ ਦੀ ਗੁਲਾਮੀ ਨਾ ਸਹਿਣ ਕਰ ਸਕੇ ਤੇ ਫੌਜ ਵਿਚੋਂ ਨਾਂ ਕਟਵਾ ਕੇ ਘਰ ਵਾਪਸ ਆ ਗਏ। ਘਰ ਵੀ ਟਿਕ ਕੇ ਬੈਠ ਨਾ ਸਕੇ। ਆਮ ਲੋਕਾਂ ਵਾਂਗ ਰੁਜ਼ਗਾਰ ਦੀ ਭਾਲ ਵਿਚ 1910 ਵਿਚ ਆਪ ਅਮਰੀਕਾ ਚਲੇ ਗਏ।

ਉਥੇ ਜਾ ਕੇ ਮਜ਼ਦੂਰੀ ਕਰਦਿਆਂ ਗੁਲਾਮ ਹਿੰਦੋਸਤਾਨੀਆਂ ਨਾਲ ਉਥੇ ਦੇ ਆਜ਼ਾਦ ਨਾਗਰਿਕਾਂ ਵਲੋਂ ਕੀਤੀ ਜਾਂਦੀ ਬਦਸਲੂਕੀ ਨੇ ਆਪ ਦੇ ਮਨ ਵਿਚ ਆਜ਼ਾਦੀ ਦੀ ਚਿਣਗ ਬਾਲ ਦਿੱਤੀ। ਆਪ ਗ਼ਦਰ ਪਾਰਟੀ ਦੇ ਮੁੱਢਲੇ ਮੈਂਬਰਾਂ ਵਿਚੋਂ ਇਕ ਸਨ। ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਹਿਸਾ ਲੈਣ ਲਈ ਭਾਈ ਰੰਗਾ ਸਿੰਘ, ਭਾਈ ਪਾਖਰ ਸਿੰਘ ਢੁੱਡੀਕੇ, ਭਾਈ ਉੱਤਮ ਸਿੰਘ ਹਾਂਸ ਅਤੇ ਭਾਈ ਮਸਤਾਨ ਸਿੰਘ ਨਾਰੰਗਵਾਲ ਆਸਟਰੇਲੀਅਨ ਨਾਮੀਂ ਜਹਾਜ਼ ਰਾਹੀਂ ਦਸੰਬਰ 1914 ਨੂੰ ਪੰਜਾਬ ਪਹੁੰਚੇ ਸਨ। ਪੰਜਾਬ ਆ ਕੇ ਆਪ ਢੁੱਡੀਕੇ ਦੇ ਇਨਕਲਾਬੀ ਟੋਲੇ ਦੇ ਸੰਪਰਕ ਵਿਚ ਆ ਗਏ। ਪਿੰਡ ਪਹੁੰਚਣ ਤੋਂ ਪਹਿਲਾ ਜਹਾਜ਼ ਵਿਚ ਹੀ ਇਨ੍ਹਾਂ ਦੀ ਆਪਸੀ ਪਛਾਣ ਤੇ ਤਾਲ ਮੇਲ ਪੈਦਾ ਹੋ ਗਿਆ ਸੀ। ਗੁਰਚਰਨ ਸਿੰਘ ਸੈਂਸਰਾ ਨੇ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਲਿਖਿਆ ਹੈ ਕਿ 25 ਮਈ ਦੀ ਮੀਟਿੰਗ ਵਿਚ ਭਾਈ ਪਰੇਮ ਸਿੰਘ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਜਾਵੰਦ ਸਿੰਘ ਨੰਗਲ ਕਲਾਂ, ਭਾਈ ਈਸ਼ਰ ਸਿੰਘ ਢੁੱਡੀਕੇ ਤੇ ਹੋਰ ਗ਼ਦਰੀਆਂ ਨੇ ਫੈਸਲਾ ਕੀਤਾ ਕਿ ਕਪੂਰਥਲੇ ਦੇ ਅਸਲਾਖਾਨੇ ਉਤੇ ਹਮਲਾ ਕਰਕੇ ਹਥਿਆਰ ਖੋਹੇ ਜਾਣ। 5 ਜੂਨ 1915 ਨੂੰ ਹਮਲਾ ਕਰਨ ਦੀ ਤਾਰੀਖ ਮਿਥੀ ਗਈ।

ਮਿਥੀ ਤਾਰੀਕ ਨੂੰ ਕਪੂਰਥਲੇ ਇਕੱਠ ਹੋਇਆ ਜਿਸ ਵਿਚ ਭਾਈ ਰੰਗਾ ਸਿੰਘ, ਭਾਈ ਉੱਤਮ ਸਿੰਘ ਹਾਂਸ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਰੂੜ ਸਿੰਘ ਤਲਵੰਡੀ ਦੁਸਾਂਝ/ਢੁੱਡੀਕੇ ਅਤੇ ਕੁਝ ਹੋਰ ਗ਼ਦਰੀ ਸ਼ਾਮਲ ਹੋਏ। ਅਮਰੀਕਾ-ਕਨੇਡਾ ਤੋਂ ਗ਼ਦਰ ਪਾਰਟੀ ਦੇ ਮੈਂਬਰਾਂ ਨੇ ਹਥਿਆਰ ਲੈ ਕੇ ਪਹੁੰਚਣਾ ਸੀ ਪਰ ਪੁਲਸ ਦੀ ਕਰੜੀ ਨਿਗਰਾਨੀ ਕਾਰਨ ਪਹੁੰਚ ਨਾ ਸਕੇ। ਹਥਿਆਰ ਕੋਲ ਨਾ ਹੋਣ ਕਾਰਨ ਮੀਟਿੰਗ ਮੁਲਤਵੀ ਕਰਕੇ

12 ਜੂਨ 'ਤੇ ਪਾ ਦਿੱਤੀ ਗਈ। ਮੌਕੇ 'ਤੇ ਫੈਸਲਾ ਕੀਤਾ ਗਿਆ ਕਿ ਵੱਲੇ ਪੁੱਲ ਵਾਲੀ ਨਹਿਰ ਦੇ ਕੋਲ ਰੇਲਵੇ ਪੁੱਲ 'ਤੇ ਲੱਗੀ ਗਾਰਦ 'ਤੇ ਹਮਲਾ ਕਰਕੇ ਹਥਿਆਰ ਖੋਹ ਲਏ ਜਾਣ ਅਤੇ ਕਪੂਰਥਲੇ ਹਮਲਾ ਕਰਨ ਲਈ ਵਰਤੇ ਜਾਣ।

ਵੱਲਾ ਪੁੱਲ 'ਤੇ ਹਮਲਾ ਕਰਨ ਲਈ ਕਪੂਰਥਲੇ ਤੋਂ ਗ਼ਦਰੀਆਂ ਦੀਆਂ ਦੋ ਟੋਲੀਆਂ ਬਣ ਗਈਆਂ। ਇਕ ਟੋਲੀ ਭਾਈ ਰੰਗਾ ਸਿੰਘ (ਖੁਰਦਪੁਰ), ਭਾਈ ਕਾਲਾ ਸਿੰਘ (ਜਗਤਪੁਰੀਆ), ਭਾਈ ਚੰਨਣ ਸਿੰਘ (ਬੂੜਚੱਕ), ਭਾਈ ਬੰਤਾ ਸਿੰਘ (ਸੰਘਵਾਲ) ਅਤੇ ਦੂਜੀ ਟੋਲੀ ਵਿਚ ਭਾਈ ਅਰੂੜ ਸਿੰਘ (ਤਲਵੰਡੀ ਦੁਸਾਂਝ-ਢੁੱਡੀਕੇ), ਭਾਈ ਜਵੰਦ ਸਿੰਘ (ਨੰਗਲ ਕਲਾਂ), ਭਾਈ ਪ੍ਰੇਮ ਸਿੰਘ (ਸੁਰਸਿੰਘ), ਭਾਈ ਹਰਨਾਮ ਸਿੰਘ ਤੇ ਭਾਈ ਆਤਮਾ ਸਿੰਘ (ਠੱਠੀਖਾਰਾ) ਸ਼ਾਮਲ ਸਨ। ਪਹਿਲੀ ਰਾਤ ਹਮਲਾ ਕਰਨ ਦਾ ਮੌਕਾ ਨਾ ਮਿਲਿਆ, ਦੂਜੀ ਰਾਤ ਹਮਲਾ ਕਰਕੇ ਹਥਿਆਰ ਖੋਹ ਲਏ।

ਕਪੂਰਥਲਾ ਅਸਲਾਖਾਨੇ ਦੇ ਪਿੱਛੇ ਸੁੰਦਰ ਤੇ ਹਰਨਾਮਾ ਬੌਰੀਏ ਤਿੱਤਰ ਲੱਭਦੇ-ਲੱਭਦੇ ਉਸ ਜਗ੍ਹਾ ਆ ਗਏ ਜਿਥੇ ਗ਼ਦਰੀਆਂ ਨੇ ਮੀਟਿੰਗ ਕੀਤੀ ਸੀ। ਉਹ ਤਿੱਤਰ ਫੜਨੇ ਭੁੱਲਕੇ ਚਹੁੰ ਜਣਿਆਂ ਦੀ ਪੈੜ ਨੱਪਕੇ ਕਾਲੇ ਸੰਘਿਆਂ ਤੋਂ ਪੁਲਸੀਆਂ ਨੂੰ ਨਾਲ ਲੈ ਕੇ ਚਿੱਟੀ ਪਹੁੰਚ ਗਏ, ਜਿਥੋਂ ਚਾਰੇ ਗ਼ਦਰੀ ਫੜੇ ਗਏ। ਗ਼ਦਰੀਆਂ ਦੇ ਫੜ੍ਹੇ ਜਾਣ ਕਾਰਨ ਕਪੂਰਥਲੇ ਦੇ ਅਸਲਾਖਾਨਾ 'ਤੇ ਹਮਲਾ ਹੋਣੋ ਰਹਿ ਗਿਆ। ਭਾਈ ਰੰਗਾ ਸਿੰਘ ਆਪਣੇ ਵੱਡੇ ਭਰਾ ਪ੍ਰਤਾਪ ਸਿੰਘ ਕੋਲ ਹੋਤੀ ਮਰਦਾਨ ਚਲੇ ਗਿਆ।

ਇਨ੍ਹਾਂ ਵਿਚੋਂ ਇਕ ਬਚਨ ਸਿੰਘ ਪੁੱਤਰ ਹਰਨਾਮ ਸਿੰਘ ਪਿੰਡ ਢੁੱਡੀਕੇ ਵਾਅਦਾ ਮਾਫ ਬਣ ਗਿਆ। ਉਸਨੇ ਸਾਰਾ ਭੇਦ ਪੁਲਸ ਨੂੰ ਦੇ ਦਿੱਤਾ। ਇਸ ਦੀ ਨਿਸ਼ਾਨਦੇਈ ਤੇ ਹੀ ਭਾਈ ਰੰਗਾ ਸਿੰਘ ਨੂੰ ਹੋਤੀ ਮਰਦਾਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਵਾਅਦਾ ਮਾਫ ਗਵਾਹ ਬਚਨ ਸਿੰਘ ਨੇ ਅਦਾਲਤ ਵਿਚ ਭਾਈ ਰੰਗਾ ਸਿੰਘ ਬਾਰੇ ਦੱਸਿਆ, "5 ਜੂਨ, 1915 ਨੂੰ ਮੀਟਿੰਗ ਹੋਈ, ਜਦੋਂ ਮੈਗਜੀਨ ਤੇ ਹਮਲਾ ਮੁਲਤਵੀ ਕੀਤਾ ਗਿਆ ਤਾਂ ਭਾਈ ਰੰਗਾ ਸਿੰਘ ਕੋਲ ਪਿਸਤੌਲ ਸੀ। ਵੱਲਾ ਪੁੱਲ 'ਤੇ ਹਮਲਾ ਕਰਨ ਲਈ ਰੰਗਾ ਸਿੰਘ, ਬੰਤਾ ਸਿੰਘ ਸੰਘਵਾਲ, ਕਾਲਾ ਸਿੰਘ ਤੇ ਚੰਨਣ ਸਿੰਘ ਦੇ ਨਾਲ ਸੀ।" ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਦੀ ਭਾਈ ਸੰਤੋਖ ਸਿੰਘ ਕਿਰਤੀ ਲਾਇਬਰੇਰੀ ਵਿਚੋਂ ਭਾਈ ਰੰਗਾ ਸਿੰਘ ਦੇ ਵੱਡੇ ਭਰਾ ਭਾਈ ਪ੍ਰਤਾਪ ਸਿੰਘ ਦਾ ਮਿਤੀ 7-10-1927 ਦਾ ਮਿਲਿਆ ਹੱਥ ਲਿਖਤ ਪੱਤਰ ਭਾਈ ਰੰਗਾ ਸਿੰਘ ਦੇ ਹੋਤੀ ਮਰਦਾਨ ਤੋਂ ਫੜ੍ਹੇ ਜਾਣ ਦਾ ਪੁਖਤਾ ਪ੍ਰਮਾਣ ਹੈ। ਉਹ ਲਿਖਦੇ ਹਨ ਕਿ ਜਿਸ ਫੌਜੀ ਰਸਾਲੇ ਵਿਚ ਮੈਂ ਸੀ ਉਸਦੇ ਰਸਾਲਦਾਰ ਮੇਜਰ ਬਹਾਦਰ ਸਿੰਘ ਨੂੰ ਪਤਾ ਸੀ ਕਿ ਰੰਗਾ ਸਿੰਘ ਮੇਰਾ ਭਾਈ ਹੈ। ਉਸਨੇ ਪੁਲਸ ਕਪਤਾਨ ਨੂੰ ਪਤਾ ਦੱਸਿਆ ਤੇ ਉਨ੍ਹਾਂ ਨੇ ਰਾਤ ਨੂੰ ਉਸ ਘਰ ਨੂੰ ਘੇਰ ਲਿਆ ਜਿਥੇ ਉਹ ਛੱਤ ਉੱਤੇ ਸੁੱਤਾ ਪਿਆ ਸੀ ਅਤੇ ਰੰਗਾ ਸਿੰਘ ਨੂੰ ਫੜ੍ਹ ਲਿਆ। ਪਹਿਲਾ ਪਿਸ਼ਾਵਰ ਤੇ ਫਿਰ ਲਾਹੌਰ ਸੈਂਟਰਲ ਜੇਲ੍ਹ ਲਿਜਾ ਕੇ ਉਸ ਉਪਰ ਮੁਕੱਦਮਾ ਚਲਾਇਆ ਤੇ ਫਾਂਸੀ ਦੇ ਦਿੱਤੀ। ਸਾਨੂੰ ਉਨ੍ਹਾਂ ਦੀ ਕੋਈ ਚੀਜ਼ ਵੀ ਨਹੀਂ ਦਿੱਤੀ ਤੇ ਨਾ ਹੀ ਸਾਡੀ ਆਖਰੀ ਮੁਲਾਕਾਤ ਕਰਾਈ।

ਜ਼ਾਹਿਰ ਹੈ ਕਿ ਵੱਲਾ ਪੁੱਲ ਦੀ ਘਟਨਾ ਤੋਂ ਪਿੱਛੋਂ ਭਾਈ ਰੰਗਾ ਸਿੰਘ ਆਪਣੇ ਭਰਾ ਪ੍ਰਤਾਪ ਸਿੰਘ ਕੋਲ ਚਲਾ ਗਿਆ ਸੀ। ਇਸ ਦਾ ਭਰਾ ਪਰਤਾਪ ਸਿੰਘ ਸਵਾਰ, ਗਾਈਡ ਰਸਾਲੇ ਵਿਚ ਨੌਕਰ ਸੀ ਜੋ ਹੋਤੀ ਮਰਦਾਨ ਵਿਚ ਸੀ। ਇਥੇ ਸ਼ਰਬਤ ਦੀ ਇਕ ਦੁਕਾਨ ਵਾਲਾ ਈਸ਼ਰ ਦਾਸ ਜਿਸਨੂੰ ਪੁਲਸ ਨੇ ਭਾਈ ਰੰਗਾ ਸਿੰਘ ਦੇ ਨਾਲ ਗ੍ਰਿਫਤਾਰ ਕੀਤਾ ਸੀ ਨੇ ਅਦਾਲਤ ਵਿਚ ਦੱਸਿਆ "ਕਿ ਪਰਤਾਪ ਸਿੰਘ ਮੇਰੀ ਦੁਕਾਨ ਤੇ ਰੰਗਾ ਸਿੰਘ ਉਰਫ਼ ਰੋਡਾ ਸਿੰਘ ਨੂੰ ਲੈ ਕੇ ਆਇਆ ਸੀ ਤੇ ਉਸਨੇ ਦੱਸਿਆ ਸੀ ਕਿ ਇਹ ਮੇਰਾ ਭਰਾ ਹੈ। ਦੋ ਮਹੀਨੇ ਪਿਛੋਂ ਰੰਗਾ ਸਿੰਘ ਇਕੱਲਾ ਦੁਕਾਨ 'ਤੇ ਆਇਆ ਸੀ। ਉਸੇ ਦਿਨ ਸ਼ਾਮ ਨੂੰ ਚਾਰ ਸਾਥੀਆਂ ਨਾਲ ਫੇਰ ਆਇਆ। ਇਨ੍ਹਾਂ ਨੂੰ ਟਾਂਗੇ ਦੀ ਜ਼ਰੂਰਤ ਸੀ, ਜਿਹੜਾ ਇਨ੍ਹਾਂ ਨੂੰ ਬਾਰਡਰ ਟਪਾ ਸਕੇ। ਆਖਰ ਚਾਰ ਆਦਮੀ ਤਾਂ ਚਲੇ ਗਏ ਅਤੇ ਮੁਜ਼ਰਮ ਗ੍ਰਿਫ਼ਤਾਰ ਕਰ ਲਿਆ ਗਿਆ।" ਇਹ ਗ੍ਰਿਫਤਾਰੀ 27 ਜੂਨ 1915 ਨੂੰ ਹੋਤੀ ਮਰਦਾਨ (ਪਾਕਿਸਤਾਨ) ਤੋਂ ਸ਼ਰਬਤ ਦੀ ਦੁਕਾਨ ਤੋਂ ਗਾਈਡ ਰਸਾਲੇ ਦੇ ਰਸਾਲਦਾਰ ਬਹਾਦਰ ਸਿੰਘ ਘਵਿੰਡ ਨੇ ਕਰਵਾਈ, ਜਿਹੜਾ ਜ਼ਿਲ੍ਹਾ ਲਾਹੌਰ ਦੇ ਪਿੰਡ ਘਵਿੰਡ ਦਾ ਸੀ।

ਭਾਈ ਰੰਗਾ ਸਿੰਘ ਨੇ ਅਦਾਲਤ ਵਿਚ ਆਖਿਆ ਕਿ ਉਸ ਨੂੰ ਨਹੀਂ ਪਤਾ ਕਿ ਉਹ ਕਿਹੜੇ ਜਹਾਜ਼ ਰਾਹੀਂ ਆਇਆ। ਉਹ ਤਾਂ ਸਾਨਫ਼ਰਾਂਸਿਸਕੋ ਤੋਂ ਇਸ ਕਰਕੇ ਆਇਆ ਸੀ ਕਿ ਜੰਗ ਲੱਗ ਚੁੱਕੀ ਹੈ ਤਾਂ ਉਸਨੂੰ ਕੋਈ ਕੰਮ ਮਿਲ ਜਾਏਗਾ। ਉਹ ਆਪਣੇ ਭਰਾ ਸ. ਪ੍ਰਤਾਪ ਸਿੰਘ ਕੋਲ ਆਪਣੀ ਜੱਦੀ ਜਾਇਦਾਦ ਦੇ ਸੰਬੰਧ ਵਿਚ ਆਇਆ ਸੀ। ਉਸ ਨੇ ਕਿਹਾ ਕਿ ਉਸਨੇ ਆਪਣਾ ਪਿੰਡ ਇਸ ਕਰਕੇ ਛੱਡਿਆ ਸੀ ਕਿ ਪੁਲਸ ਬਾਹਰੋਂ ਆਇਆ ਆਦਮੀਆਂ ਨੂੰ ਤੰਗ ਬਹੁਤ ਕਰਦੀ ਸੀ। ਦਰਅਸਲ ਭਾਈ ਰੰਗਾ ਸਿੰਘ ਕੁਝ ਖਰਚਾ ਲੈਣ ਲਈ ਆਪਣੇ ਭਰਾ ਪ੍ਰਤਾਪ ਸਿੰਘ ਕੋਲ ਆਇਆ ਸੀ। ਪ੍ਰਤਾਪ ਸਿੰਘ ਨੇ ਆਪਣੇ ਭਰਾ ਰੰਗਾ ਸਿੰਘ ਉਰਫ਼ ਰੋਡਾ ਸਿੰਘ ਨੂੰ ਦੱਸਿਆ ਸੀ ਕਿ ਪਿੰਡ ਦੇ ਈਸ਼ਰ ਸਿੰਘ ਨੂੰ ਜ਼ਮੀਨ ਮਾਮਲੇ ਦਿੱਤੀ ਹੋਈ ਹੈ। ਉਸ ਤੋਂ ਪੈਸੇ ਲੈ ਕੇ ਦੇ ਦੇਵੇਗਾ। ਸਰਕਾਰੀ ਵਕੀਲ ਨੇ ਕਿਹਾ ਕਿ ਮੁਲਜ਼ਮ ਅਮਰੀਕਾ ਤੋਂ ਗ਼ਦਰ ਕਰਨ ਲਈ ਭਾਰਤ ਆਇਆ ਤੇ ਇਸਨੇ ਢੁੱਡੀਕੇ ਦੇ ਗ਼ਦਰੀਆਂ ਨਾਲ ਤਾਲਮੇਲ ਪੈਦਾ ਕੀਤਾ। ਜੱਜਾਂ ਨੇ ਮੁਕੱਦਮੇ ਦੀ ਕਾਰਵਾਈ ਵਿਚ ਉਸ ਬਾਰੇ ਲਿਖਿਆ, "ਸਾਨੂੰ ਯਕੀਨ ਹੈ ਕਿ ਰੰਗਾ ਸਿੰਘ ਵਿਦੇਸ਼ ਤੋਂ ਆਇਆ ਅਤੇ ਢੁੱਡੀਕੇ ਦੇ ਇਨਕਲਾਬੀਆਂ ਨਾਲ ਮਿਲ ਗਿਆ। ਉਹ ਕਪੂਰਥਲਾ ਦੀ 5 ਜੂਨ 1915 ਦੀ ਮੀਟਿੰਗ ਵਿਚ ਸ਼ਾਮਲ ਹੋਇਆ। ਵੱਲੇ ਪੁੱਲ ਦੇ ਹਮਲੇ ਵਾਸਤੇ ਇਸ ਨੂੰ ਭੇਜਿਆ ਗਿਆ ਸੀ।" ਹਿੰਦ ਦੰਡਾਵਲੀ ਦੀ ਧਾਰਾ 121 ਮੁਤਾਬਕ ਜੱਜਾਂ ਨੇ 30 ਮਾਰਚ 1916 ਨੂੰ ਭਾਈ ਰੰਗਾ ਸਿੰਘ ਨੂੰ ਫਾਂਸੀ ਦੀ ਸਜ਼ਾ ਅਤੇ ਜਾਇਦਾਦ ਜਬਤ ਕੀਤੀ ਜਾਣ ਦੀ ਸਜ਼ਾ ਸੁਣਾਈ ਗਈ।

18 ਜੂਨ 1916 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਫ਼ਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਅੰਗਰੇਜ਼ੀ ਹਕੂਮਤ ਨੇ ਗ਼ਦਰੀਆਂ ਉੱਤੇ ਤਾਂ ਜ਼ੁਲਮ ਢਾਹਿਆ ਹੀ ਸੀ ਪਰ ਪਿਛੋਂ ਉਨ੍ਹਾਂ ਦੇ ਪਰਿਵਾਰਾਂ ਨਾਲ ਕੀਤੇ ਭੈੜੇ ਸਲੂਕ ਦਾ ਪ੍ਰਮਾਣ ਭਾਈ ਰੰਗਾ ਸਿੰਘ

ਖੁਰਦਪੁਰ ਦੇ ਭਰਾ ਦੇ ਪੱਤਰ ਵਿਚੋਂ ਇਕ ਵੇਰਵਾ ਇਸ ਪ੍ਰਕਾਰ ਹੈ:

ਮੇਰੇ ਪਾਸੋਂ ਮੇਰੇ ਭਰਾ ਰੰਗਾ ਸਿੰਘ ਦੇ ਫੜ੍ਹੇ ਜਾਣ ਕਾਰਨ ਰਸਾਲਦਾਰ ਬਹਾਦਰ ਸਿੰਘ ਨੇ ਜੋ ਸਲੂਕ ਮੇਰੇ ਨਾਲ ਕੀਤਾ ਉਹ ਮੈਨੂੰ ਹੀ ਪਤਾ ਹੈ। ਮੈਨੂੰ ਗੁਰੂ ਨੇ ਬਚਾ ਲਿਆ ਪਰ ਪੈਨਸ਼ਨ ਦੇ ਪੂਰੇ ਹੱਕ ਨਹੀਂ ਮਿਲੇ ਸਿਰਫ਼ 30 ਰੁਪਏ ਮਹੀਨਾ ਹੀ ਮਿਲੇ। ਰਸਾਲਦਾਰ ਨੇ ਕਹਿ ਦਿੱਤਾ ਕਿ 'ਅਗਰ ਰੰਗਾ ਸਿੰਘ ਤੇਰਾ ਭਾਈ ਨਾ ਹੋਤਾ ਤੋਂ 75 ਰੁਪਏ ਪੈਨਸ਼ਨ ਤੇਰੇ ਕੋ ਮਿਲਣਾ ਥਾ। ਤੋ ਮੈਂ ਉਨ ਕੋ ਇਹ ਬਾਤ ਬੋਲੀ ਕਿ 'ਐਸੇ ਭਾਈ ਕਾ ਮਿਲਣਾ ਮੁਸ਼ਕਲ ਹੈ, 75 ਰੁਪਏ ਦੀ ਮੈਂ ਪਰਵਾਹ ਨਹੀਂ ਕਰਤਾ।'

ਪ੍ਰਤਾਪ ਸਿੰਘ ਜਮਾਂਦਾਰ ਪਿਨਛਿਨੀ (ਪੈਂਸ਼ਨਰ)
ਖੁਰਦਪੁਰ ਡਾਕਖਾਨਾ ਖਾਨਾ ਖਾਸ ਜਲੰਧਰ।

ਲਹੂ-ਭਿੰਨੀਆਂ ਯਾਦਾਂ ਵਿਚ ਗਿਆਨੀ ਹਰਭਜਨ ਸਿੰਘ ਲਿਖਦੇ ਹਨ ਕਿ ਇਹ ਸੱਜਣ ਬਹੁਤ ਦਲੇਰ ਤੇ ਦ੍ਰਿੜ ਵਿਸ਼ਵਾਸ਼ੀ ਸੀ ਜਿਸਦੀ ਤਾਰੀਫ ਭਰੀ ਕਚਿਹਰੀ ਵਿਚ ਹਕੀਮ ਇਕਰਮਅਲ ਹੱਕ ਇੰਸਪੈਕਟਰ ਸੀ.ਆਈ.ਡੀ. ਨੇ ਕੀਤੀ ਤੇ ਕਿਹਾ ਕਿ ਇਹ 'ਸਖ਼ਸ਼ ਮਰਦ' ਹੈ। ਅਸੀਂ ਇਸਨੂੰ ਠੋਕ ਵਜਾ ਕੇ ਡਿੱਠਾ ਹੈ।

ਰੰਗ ਰੰਗ ਦੇ ਹੈਨ ਇਨਸਾਨ ਭਾਵੇਂ
ਰੰਗਾ ਸਿੰਘ ਅਨੋਖੜੀ ਸ਼ਾਨ ਦਾ ਸੀ।
ਸ਼ੇਰੇ ਮਰਦ ਕਹਿੰਦੇ ਇਹਨੂੰ ਪੁਲਸ ਵਾਲੇ,
ਭਉ ਰਖਦਾ ਨਾ ਕਿਸੇ ਖਾਨ ਦਾ ਸੀ।
ਦੋ ਚਾਰ ਛੇ ਸਾਲ ਦੀ ਕੈਦ ਤਾਈਂ,
ਹੱਤਕ ਆਪਣੀ ਇਹ ਸੋਹਣਾ ਜਾਣਦਾ ਸੀ।
ਦਿਨੇ ਰਾਤ 'ਸਾਥੀ' ਇਹਦੇ ਦਿਲ ਅੰਦਰ,
ਰਹੇ ਚਾਉ ਸ਼ਹੀਦੀਆਂ ਪਾਉਣ ਦਾ ਸੀ।

## (ਘ) ਉਮਰ ਕੈਦ ਤੇ ਜਾਇਦਾਦ ਜ਼ਬਤੀ ਦੀਆਂ ਸਜ਼ਾਵਾਂ ਵਾਲੇ ਗ਼ਦਰੀ:

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| 1. ਭਾਈ ਅਰਜਨ ਸਿੰਘ | ਸ. ਲਾਲ ਸਿੰਘ | ਜਗਰਾਉਂ | ਲੁਧਿਆਣਾ |
| 2. ਭਾਈ ਅਤਰ ਸਿੰਘ | ਸ. ਹੀਰਾ ਸਿੰਘ | ਧੀਕਮਪੁਰ | ਜੇਹਲਮ |
| 3. ਭਾਈ ਬੋਘ ਸਿੰਘ | ਸ. ਨੱਥਾ ਸਿੰਘ | ਝਾੜ ਸਾਹਿਬ | ਅੰਮ੍ਰਿਤਸਰ |
| 4. ਭਾਈ ਬਿਸ਼ਨ ਸਿੰਘ | ਸ. ਵਸਾਖਾ ਸਿੰਘ | ਵਰਪਾਲ | ਅੰਮ੍ਰਿਤਸਰ |
| 5. ਭਾਈ ਬੁੱਢਾ ਸਿੰਘ | ਸ. ਈਸ਼ਰ ਸਿੰਘ | ਸੁਰਸਿੰਘ | ਲਾਹੌਰ (ਹੁਣ ਤਰਨਤਾਰਨ) |
| 6. ਭਾਈ ਦਲੀਪ ਸਿੰਘ | ਸ. ਹਮੀਰ ਸਿੰਘ | ਫੂਲੇਵਾਲ | ਲੁਧਿਆਣਾ |
| 7. ਭਾਈ ਗੰਡਾ ਸਿੰਘ | ਸ. ਬਹਾਦਰ ਸਿੰਘ | ਖਾਪੜ ਖੇੜੀ | ਅੰਮ੍ਰਿਤਸਰ |
| 8. ਭਾਈ ਗੰਡਾ ਸਿੰਘ | ਸ. ਜਵਾਲਾ ਸਿੰਘ | ਸੁਰਸਿੰਘ | ਲਾਹੌਰ (ਹੁਣ ਤਰਨਤਾਰਨ) |
| 9. ਭਾਈ ਗੁੱਜਰ ਸਿੰਘ | ਸ. ਸ਼ਾਮ ਸਿੰਘ ਭਕਨਾ | ਅੰਮ੍ਰਿਤਸਰ | |

10. ਭਾਈ ਹਰਭਜਨ ਸਿੰਘ, ਸ. ਫਤਹ ਸਿੰਘ ਚਮਿੰਡਾ ਲੁਧਿਆਣਾ
11. ਭਾਈ ਹਰੀ ਸਿੰਘ ਸ. ਅਮਰ ਸਿੰਘ ਕੱਕੜ ਅੰਮ੍ਰਿਤਸਰ
12. ਭਾਈ ਹਰਨਾਮ ਸਿੰਘ ਸ. ਨਰੈਣ ਸਿੰਘ ਗੁਜਰਵਾਲ ਲੁਧਿਆਣਾ
13. ਭਾਈ ਹਰਨਾਮ ਸਿੰਘ ਸ. ਭੂਪ ਸਿੰਘ ਰਸੂਲਪੁਰ ਅੰਮ੍ਰਿਤਸਰ
14. ਭਾਈ ਹਰਨਾਮ ਸਿੰਘ ਸ. ਸੁੰਦਰ ਸਿੰਘ ਕਾਲਾ ਸੰਘਿਆਂ ਕਪੂਰਥਲਾ
15. ਭਾਈ ਇੰਦਰ ਸਿੰਘ ਸ. ਫੁੰਮਣ ਸਿੰਘ ਸ਼ੇਖ ਦੌਲਤ ਲੁਧਿਆਣਾ
16. ਭਾਈ ਜਗਤ ਸਿੰਘ ਸ. ਦੇਵਾ ਸਿੰਘ ਗੁਜਰਵਾਲ ਲੁਧਿਆਣਾ
17. ਭਾਈ ਜਿੰਦਰ ਸਿੰਘ ਸ. ਮੰਗਲ ਸਿੰਘ ਚੌਧਰੀ ਵਾਲਾ ਅੰਮ੍ਰਿਤਸਰ
18. ਭਾਈ ਕਰਮ ਸਿੰਘ ਸ. ਸੁੰਦਰ ਸਿੰਘ ਕੋਟਲਾ ਅਜਨੇਰ ਲੁਧਿਆਣਾ
19. ਭਾਈ ਕਰਤਾਰ ਸਿੰਘ ਸ. ਬਿਸ਼ਨ ਸਿੰਘ ਪਟਿਆਲਾ ਪਟਿਆਲਾ
20. ਭਾਈ ਕੇਸਰ ਸਿੰਘ ਸ. ਮੰਗਲ ਸਿੰਘ ਸੁਰਸਿੰਘ ਲਾਹੌਰ (ਹੁਣ ਅੰਮ੍ਰਿਤਸਰ)
21. ਭਾਈ ਕਿਰਪਾ ਸਿੰਘ ਸ. ਜਵਾਹਰ ਸਿੰਘ ਲੌਂਗ ਮਾਜਰੀ ਹੁਸ਼ਿਆਰਪੁਰ
22. ਭਾਈ ਲਾਭ ਸਿੰਘ ਸ. ਰਾਮ ਸਿੰਘ ਚੱਕ ਵਾਲੀਆ ਲਾਹੌਰ (ਹੁਣ ਤਰਨਤਾਰਨ)
23. ਭਾਈ ਲਾਭ ਸਿੰਘ ਸ. ਬੂੜ ਸਿੰਘ ਵਲਟੋਹਾ ਲਾਹੌਰ (ਹੁਣ ਤਰਨਤਾਰਨ)
24. ਭਾਈ ਲਾਲ ਸਿੰਘ ਸ. ਉਦੇ ਸਿੰਘ ਨਾਰੰਗਵਾਲ ਲੁਧਿਆਣਾ
25. ਭਾਈ ਮਹਾਰਾਜ ਸਿੰਘ, ਸ. ਨਿਹਾਲ ਸਿੰਘ ਕਸੇਲ ਅੰਮ੍ਰਿਤਸਰ
26. ਭਾਈ ਮਹਿੰਦਰ ਸਿੰਘ ਸ. ਨਰੈਣ ਸਿੰਘ ਮਾਜਰੀ ਲੁਧਿਆਣਾ
27. ਭਾਈ ਮੰਗਲ ਸਿੰਘ ਸ. ਮੂਲ ਸਿੰਘ ਵਲਟੋਹਾ ਲਾਹੌਰ (ਹੁਣ ਅੰਮ੍ਰਿਤਸਰ)
28. ਭਾਈ ਮਸਤਾਨ ਸਿੰਘਸ. ਮਹਿਤਾਬ ਸਿੰਘ ਨਾਰੰਗਵਾਲ ਲੁਧਿਆਣਾ
29. ਭਾਈ ਨਾਹਰ ਸਿੰਘ ਸ. ਠਾਕਰ ਸਿੰਘ ਗੁਜਰਵਾਲ ਲੁਧਿਆਣਾ
30. ਭਾਈ ਨੱਥਾ ਸਿੰਘ ਸ. ਮੰਗਲ ਸਿੰਘ ਧੁੰਨ ਲਾਹੌਰ
31. ਭਾਈ ਪਾਖਰ ਸਿੰਘ ਸ. ਭਾਨ ਸਿੰਘ ਢੁਡੀਕੇ ਫਿਰੋਜ਼ਪੁਰ (ਹੁਣ ਮੋਗਾ)
32. ਭਾਈ ਪਾਲਾ ਸਿੰਘ ਸ. ਬੱਗਾ ਸਿੰਘ ਢੁਡੀਕੇ ਫਿਰੋਜ਼ਪੁਰ (ਹੁਣ ਮੋਗਾ)
33. ਭਾਈ ਰਾਮ ਸਿੰਘ ਸ. ਸਾਹਿਬ ਸਿੰਘ ਫੂਲੇਵਾਲ ਲੁਧਿਆਣਾ
34. ਭਾਈ ਰਣਧੀਰ ਸਿੰਘ ਸ. ਨੱਥਾ ਸਿੰਘ ਨਾਰੰਗਵਾਲ ਲੁਧਿਆਣਾ
35. ਭਾਈ ਸੱਜਣ ਸਿੰਘ ਸ. ਮੋਹਨ ਸਿੰਘ ਨਾਰੰਗਵਾਲ ਲੁਧਿਆਣਾ
36. ਭਾਈ ਸੰਤਾ ਸਿੰਘ ਸ. ਚੂਹੜ ਸਿੰਘ ਨੰਦਪੁਰ ਕਲੌੜ ਪਟਿਆਲਾ ਰਿਆਸਤ
37. ਭਾਈ ਸੁੱਚਾ ਸਿੰਘ ਸ. ਗੁਰਦਿੱਤ ਸਿੰਘ ਚੋਹਲਾ ਕਲਾਂ ਅੰਮ੍ਰਿਤਸਰ
38. ਸ੍ਰੀ ਸੁਲਤਾਨ ਸ਼ਾਹ ਸ੍ਰੀ ਮਾਘੀ ਸ਼ਾਹ ਭਿੱਖੀਵਿੰਡ ਲਾਹੌਰ (ਹੁਣ ਤਰਨਤਾਰਨ)
39. ਭਾਈ ਸੁੰਦਰ ਸਿੰਘ ਸ. ਰਤਨ ਸਿੰਘ ਦੂਲੋ ਨੰਗਲ ਅੰਮ੍ਰਿਤਸਰ
40. ਭਾਈ ਸੂਜਾ ਸਿੰਘ ਸ. ਖੁਸ਼ਹਾਲ ਸਿੰਘ ਵਲਟੋਹਾ ਲਾਹੌਰ (ਹੁਣ ਤਰਨਤਾਰਨ)
41. ਭਾਈ ਸੁਰਜਨ ਸਿੰਘ ਸ. ਮਹਾਂ ਸਿੰਘ ਗੁਜਰਵਾਲ ਲੁਧਿਆਣਾ
42. ਭਾਈ ਤੇਜਾ ਸਿੰਘ ਸ. ਦਯਾਲ ਸਿੰਘ ਭਿੱਖੀਵਿੰਡ ਲਾਹੌਰ (ਹੁਣ ਤਰਨਤਾਰਨ)
43. ਭਾਈ ਠਾਕਰ ਸਿੰਘ ਸ. ਸੂਬਾ ਸਿੰਘ ਠੱਠੀਆਂ ਅੰਮ੍ਰਿਤਸਰ
44. ਭਾਈ ਊਧਮ ਸਿੰਘ ਸ. ਜੀਵਨ ਸਿੰਘ ਲਾਧੂਪੁਰਾ ਗੁਰਦਾਸਪੁਰ
45. ਭਾਈ ਵਸਾਖਾ ਸਿੰਘ ਸ. ਈਸ਼ਰ ਸਿੰਘ ਦਦੇਹਰ ਅੰਮ੍ਰਿਤਸਰ

(ਙ) ਉਮਰਕੈਦ ਤੋਂ ਘੱਟ ਸਜ਼ਾਵਾਂ ਵਾਲੇ ਗ਼ਦਰੀ:

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ ਸਜ਼ਾ |
|---|---|---|---|
| 1. ਭਾਈ ਜੰਮੂ | ਸ. ਵਸਾਊ | ਵਲਟੋਹਾ | ਲਾਹੌਰ (ਤਰਨਤਾਰਨ)<br>6 ਮਹੀਨੇ ਸਖ਼ਤ ਕੈਦ |
| 2. ਭਾਈ ਜੱਸਾ ਸਿੰਘ | ਸ. ਨੱਥਾ ਸਿੰਘ | ਝਾੜ ਸਾਹਿਬ | ਅੰਮ੍ਰਿਤਸਰ<br>6 ਮਹੀਨੇ ਸਖ਼ਤ ਕੈਦ |
| 3. ਭਾਈ ਕਾਹਨ ਸਿੰਘ | ਸ. ਸਰੂਪ ਸਿੰਘ | ਹਸਨਪੁਰ | ਲੁਧਿਆਣਾ<br>4 ਸਾਲ ਸਖ਼ਤ ਕੈਦ |
| 4. ਭਾਈ ਮਹਿੰਦਰ ਸਿੰਘ | ਸ. ਨੰਦ ਸਿੰਘ | ਢੁੱਡੀਕੇ | ਫਿਰੋਜ਼ਪੁਰ (ਹੁਣ ਮੋਗਾ)<br>3 ਸਾਲ ਸਖ਼ਤ ਕੈਦ |
| 5. ਭਾਈ ਪਾਲਾ ਸਿੰਘ | ਸ. ਕਾਲਾ ਸਿੰਘ | ਢੁੱਡੀਕੇ | ਫਿਰੋਜ਼ਪੁਰ (ਹੁਣ ਮੋਗਾ)<br>3 ਸਾਲ ਸਖ਼ਤ ਕੈਦ |
| 6. ਭਾਈ ਫੇਰਾ ਸਿੰਘ | ਸ. ਲਹਿਣਾ ਸਿੰਘ | ਕੋਟ ਝੰਡਾ ਸਿੰਘ | ਸਿਆਲਕੋਟ<br>2 ਸਾਲ ਸਖ਼ਤ ਕੈਦ |
| 7. ਭਾਈ ਸ਼ਾਮ ਸਿੰਘ | ਸ. ਭੋਲਾ ਸਿੰਘ | ਢੁਡੀਕੇ | ਫੀਰੋਜ਼ਪੁਰ (ਹੁਣ ਮੋਗਾ)<br>3 ਸਾਲ ਸਖ਼ਤ ਕੈਦ |
| 8. ਭਾਈ ਸ਼ੇਰ ਸਿੰਘ | ਸ. ਲਹਿਣਾ ਸਿੰਘ | ਠੀਕਰੀਵਾਲਾ | ਗੁਰਦਾਸਪੁਰ<br>1 ਸਾਲ ਸਖ਼ਤ ਕੈਦ |

ਜਿਹੜੇ ਫਾਂਸੀ ਲੱਗ ਗਏ ਉਹ ਤਾਂ ਅਮਰ ਸ਼ਹੀਦ ਹੋ ਗਏ ਪਰ ਬਾਕੀਆਂ ਨੂੰ ਉਮਰ ਕੈਦਾਂ, ਦੇਸ਼ ਨਿਕਾਲਾ ਤੇ ਜਾਇਦਾਦ ਜ਼ਬਤੀ ਦੇ ਹੁਕਮ ਦੇ ਕੇ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਉਹਨਾਂ ਨੇ ਆਪਣੀ ਜ਼ਿੰਦਗੀ ਦਾ ਇਕ ਇਕ ਪਲ ਕਸ਼ਟ ਤੇ ਤਸੀਹੇ ਝੱਲਦਿਆਂ ਜੇਲ੍ਹਾਂ ਵਿਚ ਅਣ-ਮਨੁੱਖੀ ਜੀਵਨ ਜਿਊਂਦਿਆਂ ਗੁਜ਼ਾਰਿਆ। ਬਾਬਾ ਸੋਹਣ ਸਿੰਘ ਭਕਨਾ ਨੇ ਲਿਖਿਆ ਹੈ ਕਿ,"ਇਕ ਕ੍ਰਾਂਤੀਕਾਰੀ ਭਾਵੇਂ ਜੇਲ੍ਹ ਵਿਚ ਹੈ ਜਾਂ ਬਾਹਰ, ਉਸ ਨੂੰ ਹਮੇਸ਼ਾਂ ਵੰਗਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸ ਦਾ ਸੰਘਰਸ਼ ਬੁਨਿਆਦੀ ਤੌਰ 'ਤੇ ਜ਼ਬਰ ਅਤੇ ਅਨਿਆਂ ਵਿਰੁੱਧ ਹੁੰਦਾ ਹੈ।"

ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਉਮਰ ਕੈਦੀਆਂ ਨੂੰ ਅੰਡੇਮਾਨ ਜੇਲ੍ਹ ਵਿਚ ਭੇਜਿਆ ਗਿਆ। ਕਈ ਦੇਸ਼ ਭਗਤਾਂ ਨੂੰ ਕਈ ਕਈ ਸਾਲ ਲੋਹੇ ਦੇ ਪਿੰਜਰਿਆ ਵਿਚ ਬੰਦ ਰਖਿਆ ਗਿਆ। ਉਨ੍ਹਾਂ ਨੂੰ ਟੱਟੀ ਪਿਸ਼ਾਬ ਤੇ ਰੋਟੀ ਪਾਣੀ ਪਿੰਜਰੇ ਅੰਦਰ ਹੀ ਕਰਨਾ ਪੈਂਦਾ। ਮਹੀਨਿਆਂ ਬੱਧੀ ਕੋਠੀ ਬੰਦ, ਘੱਟ ਖਾਣਾ, ਬੇੜੀਆਂ, ਖੜ੍ਹੀਆਂ ਹੱਥਕੜੀਆਂ, ਕੋਹਲੂ ਦੀ ਮੁਸ਼ੱਕਤ, ਸੁੱਕਾ ਨਾਰੀਅਲ ਕੁੱਟਣਾ, 30 ਪੌਂਡ ਦੀ ਮੁਸ਼ੱਕਤ ਵਿਚੋਂ ਇਕ ਪੌਂਡ ਵੀ ਘੱਟ ਹੁੰਦਾ ਤਾਂ 30 ਬੈਂਤਾਂ ਦੀ ਸਜ਼ਾ ਦਿੱਤੀ ਜਾਂਦੀ। ਇਹਨਾਂ ਦੇਸ਼ ਭਗਤਾਂ 'ਤੇ ਅਣਮਨੁੱਖੀ ਜ਼ੁਲਮ ਢਾਹਿਆ ਗਿਆ।

ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਦੇ ਉਮਰ ਕੈਦੀਆਂ ਨੂੰ ਅੰਡੇਮਾਨ ਦੀ ਬਜਾਏ ਭਾਰਤੀ ਜੇਲ੍ਹਾਂ ਵਿਚ ਰਖਿਆ ਗਿਆ। ਇਸ ਮੁਕੱਦਮੇ ਦੇ ਉਮਰ ਕੈਦੀ ਦੇਸ਼ ਭਗਤ ਹਰਨਾਮ ਸਿੰਘ ਕਾਲਾ ਸੰਘਿਆਂ ਦਾ ਬਿਆਨ ਜੇਲ੍ਹਾਂ ਅੰਦਰ ਨਰਕ ਭੋਗਣ ਦੀ ਦਾਸਤਾਂ ਨੂੰ ਬਿਆਨ ਕਰਦਾ ਹੈ। ਉਹ ਦੱਸਦੇ ਹਨ ਕਿ,"ਸਜ਼ਾ ਦੇ ਬਾਅਦ ਮੈਨੂੰ ਤੇ 10 ਹੋਰ ਆਦਮੀਆਂ ਨੂੰ ਮਿੰਟਗੁੰਮਰੀ ਜੇਲ੍ਹ ਭੇਜਿਆ ਗਿਆ। 20 ਸੇਰ ਚੱਕੀ ਨਾਲ ਪੀਠਣ ਦੀ ਮੁਸ਼ੱਕਤ, ਟੋਪੀਆਂ ਪਹਿਨਣ ਨੂੰ

ਦਿੱਤੀਆਂ ਗਈਆਂ। ਹਰ ਕਿਸੇ ਦੇ ਧਾਰਮਿਕ ਚਿੰਨ੍ਹ ਤਾਂ ਲਾਹੌਰ ਜੇਲ੍ਹ ਵਿਚ ਹੀ ਲੁਹਾ ਲਏ ਗਏ ਸਨ। ਮੁਸ਼ੱਕਤ ਪੂਰੀ ਨਾ ਹੋਣ ਤੇ ਟੋਪੀਆਂ ਪਹਿਨਣ ਤੋਂ ਇਨਕਾਰ ਕਰਨ 'ਤੇ ਬੇੜੀ ਪਾ ਕੇ ਪਿੰਜਰੇ ਬੰਦ ਕਰ ਦਿੱਤਾ ਜਾਂਦਾ ਸੀ। ਇਹ ਪਿੰਜਰਾ 2 ਫੁੱਟ ਚੌੜਾ, 10 ਫੁੱਟ ਲੰਮਾ ਤੇ ਸਾਢੇ 3 ਫੁੱਟ ਉੱਚਾ ਜਿਸ ਵਿਚ ਆਦਮੀ ਨਾ ਖੜ੍ਹ ਸਕਦਾ ਸੀ ਨਾ ਲੰਮੇ ਪੈ ਸਕਦਾ ਸੀ। ਟੱਟੀ ਪਿਸ਼ਾਬ ਤੇ ਖਾਣ ਨੂੰ ਰੋਟੀ ਪਾਣੀ ਵੀ ਅੰਦਰ ਤੇ ਪੀਣ ਨੂੰ ਇਕ ਘੜੀ ਪਾਣੀ ਦੀ ਦਿੱਤੀ ਜਾਂਦੀ ਸੀ। ਕੈਦੀਆਂ ਦੀ ਮਾਰ ਕੁਟਾਈ ਕਰਨੀ, ਜੰਗਲਿਆਂ ਦੇ ਨਾਲ ਨੂੜ ਦੇਣਾ, ਠੰਡੇ ਪਾਣੀ ਵਿਚ ਗੋਤੇ ਦੇਣਾ ਅਤੇ ਨੰਗਿਆਂ ਕਰਕੇ ਬਰਫ਼ 'ਤੇ ਲਿਟਾ ਦੇਣਾ ਤਾਂ ਆਮ ਹੀ ਸੀ। ਇਥੋਂ ਹਜ਼ਾਰੀ ਬਾਗ਼ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਜਿਥੇ ਭਾਈ ਰਣਧੀਰ ਸਿੰਘ ਨੇ ਸ਼ਬਦ ਕੀਰਤਨ ਦੀ ਰੌਣਕ ਲਾਈ ਹੋਈ ਸੀ। ਇਥੇ ਭੈੜੀ ਖੁਰਾਕ, ਪਰਨੇ, ਗੁਟਕੇ ਖੋਹ ਲਏ, ਗੰਦੀ ਭਾਜੀ (ਸਬਜ਼ੀ), ਗੰਦਾ ਆਟਾ ਅਤੇ ਪੀਹਣ ਨੂੰ ਚੱਕੀ ਦੀ ਮੁਸ਼ੱਕਤ। ਡੰਡੇ ਦੇ ਜ਼ੋਰ ਨਾਲ ਪਰੇਡ ਕਰਾਉਣ 'ਤੇ ਜ਼ੋਰ ਦਿੱਤਾ। ਸ਼ਕਾਇਤ ਕਰਨ 'ਤੇ ਡੰਡੇ ਬੇੜੀਆਂ, ਟਾਟ ਵਰਦੀਆਂ, ਖੜੀਆਂ ਹੱਥਕੜੀਆਂ, ਪੁੱਠੀਆਂ ਹੱਥ ਕੜੀਆਂ ਦੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਲੱਗੀਆਂ। ਨੱਥਾ ਸਿੰਘ ਧੂੰਨ (ਜ਼ਿਲਾ ਲਾਹੌਰ) ਨੇ ਕਿਹਾ "ਯਾਰੋ ਇਸ ਤਰ੍ਹਾਂ ਉਮਰ ਕੈਦ ਕਿਵੇਂ ਕੱਟੀ ਜਾਏਗੀ, ਜਾਂ ਤਾਂ ਲੜ ਮਰੋ ਜਾਂ ਇਥੋਂ ਭੱਜ ਚਲਣੇ ਦਾ ਕੋਈ ਉਪਾਅ ਕਰੋ, ਅਸੀਂ ਇਹ ਗੰਦੇ ਰਾਸ਼ਨ ਖਾ ਕੇ ਕਿਵੇਂ ਬਚਾਂਗੇ।"

ਦੇਸ਼ ਭਗਤ ਕੈਦੀਆਂ ਨੇ ਨੱਠਣ ਲਈ ਕੋਡ ਪਾਠ ਕਰੋ ਨਿਸ਼ਚਿਤ ਕਰ ਲਿਆ। ਪਹਿਰੇਦਾਰ ਨੂੰ ਗੱਲੀਂ ਲਾ ਕੇ ਰੋਸ਼ਨਦਾਨ ਦੀਆਂ ਇੱਟਾਂ ਕੱਢ ਕੇ ਖੁੱਲਾ ਕਰ ਲਿਆ। ਡਿਊਟੀ ਵਾਲੇ ਸਿਪਾਹੀ ਨੂੰ ਸੁੱਚਾ ਸਿੰਘ ਤੇ ਤੇਜਾ ਸਿੰਘ ਨੇ ਢਾਹ ਕੇ ਮੂੰਹ ਵਿਚ ਪੱਥਰ ਅੜਾ ਕੇ ਚੰਗੀ ਤਰ੍ਹਾਂ ਕੱਪੜੇ ਨਾਲ ਬੰਦ ਕਰਕੇ ਨੂੜ ਦਿੱਤਾ ਤੇ ਚਾਬੀਆਂ ਲੈ ਲਈਆਂ। ਉਸਦੀ ਬਰਾਂਡੀ ਲਾਹ ਕੇ ਤੇਜਾ ਸਿੰਘ ਪਾ ਕੇ ਡਿਊਟੀ ਦੇਣ ਲੱਗ ਪਿਆ। ਬਹੁਤੇ ਕੈਦੀ ਉੱਚੀ ਉੱਚੀ ਪਾਠ ਕਰਨ ਲੱਗ ਪਏ। ਪਾਲਾ ਸਿੰਘ ਢੁੱਡੀਕੇ ਨੇ ਉੱਚੀ ਉੱਚੀ ਚੰਡੀ ਦਾ ਪਾਠ ਕਰਨਾ ਆਰੰਭ ਕਰ ਦਿੱਤਾ। ਕੁਝ ਗ਼ਦਰੀ ਕੈਦੀਆਂ ਨੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਅਰਜਨ ਸਿੰਘ ਨੇ ਕੌਲੀਆਂ ਦੇ ਤਬਲੇ ਬਣਾ ਕੇ ਜ਼ੋਰ ਜ਼ੋਰ ਨਾਲ ਵਜਾਉਣੇ ਸ਼ੁਰੂ ਕਰ ਦਿੱਤੇ। ਰੌਲ਼ੇ ਵਿਚ ਕਿਸੇ ਨੂੰ ਕੀ ਸੁਣਾਈ ਦਿੰਦਾ ਸੀ। 18 ਕੋਠੜੀਆਂ ਦੇ ਜੰਦਰੇ ਖੋਲ੍ਹ ਕੇ ਸਭ ਨੂੰ ਬਾਹਰ ਕੱਢ ਲਿਆ ਅਤੇ ਸਿਪਾਹੀਆਂ ਤੇ ਹੌਲਦਾਰ ਨੂੰ ਕੈਦੀ ਬਣਾ ਕੇ ਵੱਖ ਵੱਖ ਕੋਠੜੀਆਂ ਵਿਚ ਬੰਦ ਕਰ ਦਿੱਤਾ। ਜੰਦਿਆਂ ਨੂੰ ਵੱਖ ਵੱਖ ਪਰਨਿਆਂ ਵਿਚ ਬੰਨ੍ਹ ਕੇ ਕੋਰੜੇ ਬਣਾ ਲਏ।

ਭਾਈ ਰਣਧੀਰ ਸਿੰਘ ਦੀ ਕੋਠੜੀ ਦਾ ਤਾਲਾ ਗਲਤ ਚਾਬੀ ਹੋਣ ਕਾਰਨ ਨਾ ਖੁੱਲ੍ਹ ਸਕਿਆ। ਉਨੀ ਦੇਰ ਨੂੰ ਨਵੀਂ ਗਾਰਦ ਨੇ ਕੋਠੀਆਂ ਖਾਲੀ ਵੇਖ ਕੇ ਸੀਟੀ ਵਜਾਈ ਤੇ ਜੇਲ੍ਹ ਅਲਾਰਮ ਵੱਜ ਗਿਆ। ਭਾਈ ਰਣਧੀਰ ਸਿੰਘ ਨੇ ਬਾਕੀਆਂ ਨੂੰ ਇਥੋਂ ਹਰਨ ਹੋ ਜਾਣ ਲਈ ਕਿਹਾ। ਅਠਾਰਾਂ ਕੈਦੀ ਇਕ ਦੂਜੇ ਦੀ ਪਿੱਠ 'ਤੇ ਚੜ੍ਹ ਕੇ ਜੇਲ੍ਹ ਦੀ ਕੰਧ ਟੱਪਣ ਵਿਚ ਸਫ਼ਲ ਹੋ ਗਏ। ਜੇਲ੍ਹ ਚਿੱਠੀਆਂ ਵਿਚ ਭਾਈ ਰਣਧੀਰ ਸਿੰਘ ਨਾਰੰਗਵਾਲ ਜੇਲ੍ਹ ਵਿਚੋਂ ਕੰਧ ਟੱਪਣ ਵਾਲੇ ਅਠਾਰਾਂ ਗ਼ਦਰੀਆਂ ਦੇ ਨਾਵਾਂ ਦੀ ਸੂਚੀ ਇਸ ਪ੍ਰਕਾਰ ਦੱਸਦੇ ਹਨ:

1. ਭਾਈ ਅਤਰ ਸਿੰਘ (ਜ਼ਿਲ੍ਹਾ ਲੁਧਿਆਣਾ) 2. ਭਾਈ ਅਰਜਣ ਸਿੰਘ ਜਗਰਾਉਂ (ਲੁਧਿਆਣਾ) 3. ਭਾਈ ਇੰਦਰ ਸਿੰਘ (ਲੁਧਿਆਣਾ) 4. ਭਾਈ ਸੁੱਚਾ ਸਿੰਘ (ਅੰਮ੍ਰਿਤਸਰ) 5. ਭਾਈ ਸੱਜਣ ਸਿੰਘ (ਨਾਰੰਗਵਾਲ) 6. ਭਾਈ ਲ਼ਾਲ ਸਿੰਘ (ਨਾਰੰਗਵਾਲ) 7. ਭਾਈ

ਸੁੰਦਰ ਸਿੰਘ (ਅੰਮ੍ਰਿਤਸਰ) 8. ਹਰਨਾਮ ਸਿੰਘ ਕਾਲਾ ਸੰਘਿਆਂ (ਕਪੂਰਥਲਾ) 9. ਭਾਈ ਹਰਨਾਮ ਸਿੰਘ (ਰਸੂਲਪੁਰ) 10. ਭਾਈ ਹਰੀ ਸਿੰਘ ਲੋਪੋਕੇ (ਅੰਮ੍ਰਿਤਸਰ) 11. ਭਾਈ ਹੀਰਾ ਸਿੰਘ ਚਰੜ (ਲਾਹੌਰ, ਹੁਣ ਅੰਮ੍ਰਿਤਸਰ)12. ਭਾਈ ਕੇਸਰ ਸਿੰਘ (ਲਾਹੌਰ, ਹੁਣ ਅੰਮ੍ਰਿਤਸਰ) 13. ਭਾਈ ਕਿਰਪਾ ਸਿੰਘ ਲੌਂਗ ਮਾਜਰੀ (ਹੁਸ਼ਿਆਰਪੁਰ) 14. ਭਾਈ ਕਰਮ ਸਿੰਘ, ਕੋਟਲਾ ਅਜਨੇਰ (ਲੁਧਿਆਣਾ) 15. ਭਾਈ ਗੁੱਜਰ ਸਿੰਘ ਭਕਨਾ (ਅੰਮ੍ਰਿਤਸਰ) 16. ਭਾਈ ਗੰਡਾ ਸਿੰਘ ਲਾਹੌਰ 17. ਭਾਈ ਪਾਖਰ ਸਿੰਘ ਢੁੱਡੀਕੇ (ਫਿਰੋਜ਼ਪੁਰ-ਹੁਣ ਮੋਗਾ)18. ਭਾਈ ਪਾਲਾ ਸਿੰਘ ਢੁੱਡੀਕੇ (ਫਿਰੋਜ਼ਪੁਰ-ਹੁਣ ਮੋਗਾ)

ਭਾਈ ਪਾਖਰ ਸਿੰਘ ਢੁੱਡੀਕੇ ਕੰਧ 'ਤੇ ਖੜ੍ਹ ਕੇ ਇਨ੍ਹਾਂ ਨੂੰ ਬਾਹਾਂ ਤੋਂ ਫੜਕੇ ਕੰਧ ਟਪਾਉਣ ਵਿਚ ਮਦਦ ਕਰ ਰਿਹਾ ਸੀ। ਜੇਲ੍ਹ ਦੀ ਕੰਧ ਟੱਪਣ ਵਾਲੇ ਪੰਜ ਗ਼ਦਰੀਆਂ ਦੇ ਬਹੁਤ ਸੱਟਾਂ ਲੱਗ ਗਈਆਂ, ਕਈਆਂ ਦੇ ਗਿੱਟੇ ਟੁੱਟ ਗਏ ਤੇ ਉਹ ਭੱਜ ਨਾ ਸਕੇ। ਆਖਰ ਮਿਲਟਰੀ ਪੁਲਸ ਨੇ ਇਨ੍ਹਾਂ ਪੰਜਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਨ੍ਹਾਂ ਵਿਚੋਂ ਇਕ ਪਾਖਰ ਸਿੰਘ ਢੁੱਡੀਕੇ ਵੀ ਸੀ। ਤਿੰਨ ਚਾਰ ਹੇਠਾਂ ਰਹਿ ਗਏ। ਜਮਾਂਦਾਰ ਨੇ ਲਲਕਾਰਾ ਮਾਰਿਆ ਕਿ ਇਨ੍ਹਾਂ ਨਿਹੱਥਿਆਂ ਨੂੰ ਤਾਂ ਫੜ ਲਉ। ਕੰਧ ਤੇ ਖੜੋਤੇ ਹੀਰਾ ਸਿੰਘ ਚਰੜ ਨੇ ਗਰਜ ਕੇ ਆਖਿਆ,"ਹੁਣ ਕੀ ਵੇਖਦੇ ਹੋ, ਚਲਾ ਦਿਓ ਇਕ ਬੰਬ, ਇਹ ਸਹੁਰੇ ਹੱਟਦੇ ਹੀ ਨਹੀਂ।" ਇਹ ਸੁਣਕੇ ਗੁੱਜਰ ਸਿੰਘ ਨੇ ਤੀਲੀ ਬਾਲੀ ਤੇ ਜੇਲ੍ਹ ਦੇ ਦਰਵਾਜ਼ੇ ਨਾਲੋਂ ਲਾਹਿਆ ਹੋਇਆ ਤਾਲਾ ਉਹਦੇ ਵੱਲ ਨੂੰ ਸੁੱਟਿਆ। ਉਹ ਸੱਚੀ ਮੁੱਚੀ ਡਰ ਕੇ ਭੱਜ ਗਿਆ।

ਹਜ਼ਾਰੀ ਬਾਗ਼ ਜੇਲ੍ਹ ਵਿਚ ਗ਼ਦਰੀਆਂ 'ਤੇ ਬਹੁਤ ਜ਼ਬਰ ਜ਼ੁਲਮ ਢਾਹੇ ਜਾਂਦੇ ਸਨ। ਆਖਰਕਾਰ ਗ਼ਦਰੀਆਂ ਨੇ ਜੇਲ੍ਹ ਤੋੜਨ ਦੀ ਯੋਜਨਾ ਬਣਾਈ ਅਤੇ 8, 9 ਮਾਰਚ 1918 ਦੀ ਰਾਤ ਨੂੰ ਜਦੋਂ ਗ਼ਦਰੀ ਭੱਜਣ ਲੱਗੇ ਤਾਂ ਉਸ ਸਮੇਂ ਜੇਲ੍ਹ ਅਧਿਕਾਰੀ ਕਿੰਨੇ ਭੈਅ ਵਿਚ ਵਿਚਰ ਰਹੇ ਸਨ। ਇਸ ਬਾਰੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਆਪਣੇ ਖੋਜ ਪੱਤਰ 'ਇਕ ਹੋਰ ਗ਼ਦਰ' ਵਿਚ ਲਿਖਦੇ ਹਨ ਕਿ ਪਹਿਲਾ: ਜਦੋਂ ਜੇਲ੍ਹ ਅਲਾਰਮ ਵੱਜਿਆ ਤਾਂ ਜੇਲ੍ਹ ਦੇ ਗਾਰਡਾਂ ਨੂੰ ਕਿਹਾ ਗਿਆ ਕਿ ਆਪਣੇ ਹਥਿਆਰ ਅਸਲਾਖਾਨੇ ਵਿਚ ਜਮ੍ਹਾਂ ਕਰਵਾ ਦੇਣ, ਐਸਾ ਨਾ ਹੋਵੇ ਕਿ ਦੌੜਦੇ ਹੋਏ ਗ਼ਦਰੀਏ ਉਹਨਾਂ ਦੀਆਂ ਰਾਈਫਲਾਂ ਹੀ ਨਾਲ ਲੈ ਜਾਣ।

ਦੂਜਾ: ਗ਼ਦਰੀ ਸਫ਼ਲਤਾ ਸਹਿਤ ਜੇਲ੍ਹ ਤੋੜ ਕੇ ਉੱਚੀ ਉੱਚੀ ਸ਼ਬਦ ਗਾਉਣ ਲੱਗੇ ਤਾਂ ਕਿ ਦੂਜੇ ਪਾਸਿਓ ਸ਼ੋਰ ਦੀ ਆਵਾਜ਼ ਮੱਧਮ ਪੈ ਜਾਵੇ। ਜੇਲ੍ਹ ਵਾਰਡਨ ਨੇ ਸੋਚਿਆ ਕਿ ਉਹਨਾਂ ਦਾ ਸ਼ਬਦ ਗਾਉਣ ਜ਼ਿਆਦਾ ਉੱਚਾ ਹੈ... ਉਹ ਦੌੜਦਾ ਹੋਇਆ ਜੇਲ੍ਹਰ ਪਾਸ ਗਿਆ ਕਿ ਉਹ ਸਿੱਖ ਫੇਰ ਦੌੜਨ ਵਾਲਾ ਮੰਤਰ ਜਪ ਰਹੇ ਹਨ। ਭਾਈ ਅਰਜਨ ਸਿੰਘ ਜਗਰਾਉਂ ਅਤੇ ਭਾਈ ਸੱਜਣ ਸਿੰਘ ਨਾਰੰਗਵਾਲ ਜੇਲ੍ਹ ਵਿਚੋਂ ਭੱਜਣ ਤੋਂ ਬਾਅਦ ਫੜ੍ਹੇ ਗਏ ਸੀ। ਇਨ੍ਹਾਂ ਦੀ ਜਦੋਂ ਉਮਰ ਕੈਦ ਦੀ ਸਜ਼ਾ ਖ਼ਤਮ ਹੋਈ ਤਾਂ ਹਕੂਮਤ ਨੇ ਜੇਲ੍ਹ ਵਿਚੋਂ ਭੱਜਣ ਦੇ ਦੋਸ਼ ਤਹਿਤ ਇਨ੍ਹਾਂ ਦੀ ਦੋ-ਦੋ ਸਾਲ ਦੀ ਸਜ਼ਾ ਹੋਰ ਵਧਾ ਦਿੱਤੀ ਸੀ। ਹਰਨਾਮ ਸਿੰਘ ਕਾਲਾ ਸੰਘਿਆਂ ਦੀ ਸਜ਼ਾ ਵੀ ਵਧਾਈ ਗਈ ਸੀ। ਸਜ਼ਾ ਵਧਾਉਣ ਦਾ ਬਹਾਨਾ ਭਾਵੇਂ ਕੋਈ ਹੋਰ ਬਣਾਇਆ ਗਿਆ ਸੀ।

ਸੈਂਕੜੇ ਅਜਿਹੇ ਮਹਾਨ ਦੇਸ਼ ਭਗਤ ਗ਼ਦਰੀ ਬਾਬਿਆਂ ਦੀਆਂ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕੀਤੀਆਂ ਕੁਰਬਾਨੀਆਂ ਵਿਸ਼ਵ ਇਤਿਹਾਸ ਦਾ ਇਕ ਸੁਨਹਿਰੀ ਅਧਿਆਇ ਹਨ।

# ਸਹਾਇਕ ਪੁਸਤਕਾਂ


1. ਗ਼ਦਰ ਪਾਰਟੀ ਦਾ ਇਤਿਹਾਸ: 1912-17, ਗੁਰਚਰਨ ਸਿੰਘ ਸਹਿੰਸਰਾ, ਪ੍ਰਕਾਸ਼ਕ: ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 2006
2. ਜੇਲ ਚਿੱਠੀਆਂ: ਭਾਈ ਰਣਧੀਰ ਸਿੰਘ, ਲੁਧਿਆਣਾ, 1992
3. ਕਨੇਡਾ ਦੇ ਗ਼ਦਰੀ ਯੋਧੇ: ਸੋਹਣ ਸਿੰਘ ਪੂਨੀ, ਪ੍ਰਕਾਸ਼ਕ: ਸਿੰਘ ਬ੍ਰਦਰਜ਼, ਅੰਮ੍ਰਿਤਸਰ, 2009
4. ਢੁੱਡੀਕੇ ਦੇ ਗ਼ਦਰੀ ਬਾਬੇ: ਧਰਮ ਸਿੰਘ ਸਹੋਤਾ, ਢੁੱਡੀਕੇ, 1972
5. ਅਮਰ ਸ਼ਹੀਦ ਉਤਮ ਸਿੰਘ ਹਾਂਸ: ਅਜੈਬ ਸਿੰਘ ਹਾਂਸ, ਪ੍ਰਕਾਸ਼ਕ: ਫਸਟ ਵਰਡ ਪਬਲਿਕੇਸ਼ਨਜ਼, ਲੁਧਿਆਣਾ, 2007
6. ਗ਼ਦਰ ਲਹਿਰ ਦੇ ਅਣਫੋਲੇ ਵਰਕੇ: ਭਗਤ ਸਿੰਘ ਬਿਲਗਾ, ਪ੍ਰਕਾਸ਼ਕ: ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, 1998
7. ਲਹੂ ਭਿੰਨੀਆਂ ਯਾਦਾਂ: ਹਰਭਜਨ ਸਿੰਘ ਚਮਿੰਡਾ (ਗਿਆਨੀ), ਅੰਮ੍ਰਿਤਸਰ, 1987
8. ਮਾਲਵਾ ਇਤਿਹਾਸ: ਸੰਤ ਵਸਾਖਾ ਸਿੰਘ, ਪ੍ਰਕਾਸ਼ਕ: ਗੁਰਮਤਿ ਪ੍ਰਚਾਰਕ ਸਿੰਘ ਸਭਾ, ਕਿਸ਼ਨਪੁਰ ਕਲਾਂ
9. ਗ਼ਦਰੀ ਸ਼ਹੀਦਾਂ ਤੇ ਦੇਸ਼ ਭਗਤਾਂ ਦਾ ਪਿੰਡ: ਖੁਰਦਪੁਰ: ਚਰੰਜੀ ਲਾਲ ਕੰਗਣੀਵਾਲ, ਪ੍ਰਕਾਸ਼ਕ: ਪ੍ਰਬੰਧਕ ਕਮੇਟੀ ਗੁਰਦੁਆਰਾ ਤਪਸਰ ਸਾਹਿਬ ਖੁਰਦਪੁਰ, 2016
10. ਗ਼ਦਰ ਡਾਇਰੈਕਟਰੀ: ਨਾਹਰ ਸਿੰਘ, ਕਿਰਪਾਲ ਸਿੰਘ, ਗੋਬਿੰਦ ਸਦਨ ਦਿੱਲੀ, 1996
11. ਕੌਮੀ ਲਹਿਰ: ਯੁਵਕ ਕੇਂਦਰ ਜਲੰਧਰ
12. ਵਾਰ ਅਗੇਂਸਟ ਕਿੰਗ ਐਮਪਰਰ: ਗ਼ਦਰ ਆਫ਼ 1914-15: ਮਲਵਿੰਦਰਜੀਤ ਸਿੰਘ ਵੜੈਚ ਅਤੇ ਪ੍ਰੋ. ਹਰਿੰਦਰ ਸਿੰਘ, ਪ੍ਰਕਾਸ਼ਕ: ਭਾਈ ਰਣਧੀਰ ਸਿੰਘ ਟਰੱਸਟ ਇੰਡੀਆ, 2001
13. ਐਨ ਅਕਾਊਂਟ ਆਫ਼ ਦਾ ਗ਼ਦਰ ਕਾਨਪਰੇਸੀ (1913-15) ਐਫ.ਸੀ.ਆਈਸਮੋਂਗਰ ਐਂਡ ਜੇ.ਸਲੈਟਰੀ, ਅਰਚਨਾ ਪਬਲੀਕੇਸ਼ਨ, ਮੇਰਠ, 2003
14. ਗ਼ਦਰ ਲਹਿਰ: ਇਤਿਹਾਸ ਦੇ ਕੁਝ ਪੰਨੇ: ਰਾਏ ਜਸਬੀਰ ਸਿੰਘ, ਪ੍ਰਕਾਸ਼ਕ: ਕੇ.ਜੀ. ਗ੍ਰਾਫਕਿਸ, ਅੰਮ੍ਰਿਤਸਰ, 2014
15. ਭਾਈ ਰੰਗਾ ਸਿੰਘ ਖ਼ੁਰਦਪੁਰ ਦੇ ਭਰਾ ਦੀ ਚਿੱਠੀ ਦਾ ਵੇਰਵਾ
16. ਹਿੰਦੋਸਤਾਨ ਦੀ ਆਜ਼ਾਦੀ ਦੀ ਲੜਾਈ ਵਿਚ ਪੰਜਾਬ-ਭਾਗ ਪਹਿਲਾ, ਰਾਮ ਸਿੰਘ ਮਜੀਠਾ-
17. ਗ਼ਦਰ ਡਾਇਰੈਕਟਰੀ-1916 ਤੇ (1936)
18. ਬਿਆਨ ਬਾਬਾ ਨਿਰੰਜਨ ਸਿੰਘ (ਪੰਡੋਰੀ ਲੱਧਾ ਸਿੰਘ)
19. ਰੰਗਾ ਸਿੰਘ ਖੁਰਦਪੁਰ ਦੇ ਵੱਡੇ ਭਰਾ ਪ੍ਰਤਾਪ ਸਿੰਘ ਵਲੋਂ ਹੱਥੀਂ ਲਿਖਿਆ ਸੰਖੇਪ ਵੇਰਵਾ
20. ਗ਼ਦਰ ਅੰਦੋਲਨ : ਸੰਖੇਪ ਇਤਿਹਾਸ, ਹਰੀਸ਼ ਕੇ. ਪੁਰੀ (ਅਨੁਵਾਦ ਡਾ. ਨਰੇਸ਼), ਨੈਸ਼ਨਲ ਬੁੱਕ ਟਰੱਸਟ ਇੰਡੀਆ-2014

# ਅਣਲਿਖਤ ਇਤਿਹਾਸ ਦੇ ਪੱਤਰੇ

-ਡਾ. ਰਘਬੀਰ ਕੌਰ

ਹਿੰਦੋਸਤਾਨ ਦੇ ਇਤਿਹਾਸ ਵਿਚ ਦੇਸ਼ ਦੀ ਆਜ਼ਾਦੀ ਲਈ ਬਰਤਾਨਵੀ ਸਾਮਰਾਜ ਵਿਰੁੱਧ ਚੱਲੀਆਂ ਅਨੇਕਾਂ ਮੁਕਤੀ ਲਹਿਰਾਂ ਵਿਚ ਔਰਤਾਂ ਦੇ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਅਸੀਂ ਇਥੇ ਜੇ ਗ਼ਦਰ ਲਹਿਰ ਨਾਲ ਸੰਬੰਧਿਤ ਔਰਤਾਂ ਦੇ ਯੋਗਦਾਨ ਦੀ ਹੀ ਗੱਲ ਕਰੀਏ ਤਾਂ ਪ੍ਰਤੱਖ ਤੌਰ ਤੇ ਭਾਵੇਂ ਇਕੋ ਇਕ ਔਰਤ ***ਬੀਬੀ ਗੁਲਾਬ ਕੌਰ ਦਾ ਹੀ ਜ਼ਿਕਰ ਆਉਂਦਾ ਹੈ ਪਰ ਅਪ੍ਰਤੱਖ ਤੌਰ ਤੇ ਸੈਂਕੜੇ ਹੀ ਅਜਿਹੀਆਂ ਔਰਤਾਂ ਹਨ ਜਿਨ੍ਹਾਂ ਦੇ ਪੁੱਤਰ, ਭਰਾ, ਪਿਉ ਜਾਂ ਪਤੀ ਤਾਂ ਆਪਣੇ ਦੇਸ਼ ਦੀ ਆਜ਼ਾਦੀ ਦੀ ਬਲੀ ਚੜ੍ਹ ਗਏ ਪਰ ਪਿਛੋਂ ਉਨ੍ਹਾਂ ਦੀਆਂ ਮਾਵਾਂ, ਭੈਣਾਂ, ਧੀਆਂ ਤੇ ਪਤਨੀਆਂ ਨਾਲ ਕੀ ਬੀਤੀ, ਇਸ ਬਾਰੇ ਅਜੇ ਇਤਿਹਾਸ ਦੇ ਪੰਨੇ ਕੋਰੇ ਹਨ।***

ਪਹਿਲਾ ਸਪਲੀਮੈਂਟਰੀ ਲਾਹੌਰ ਸਾਜਿਸ਼ ਕੇਸ ਦੇ ਸ਼ਹੀਦਾਂ ਅਤੇ ਜੇਲ੍ਹਾਂ ਵਿਚ ਉਮਰ ਭਰ ਸਜ਼ਾਵਾਂ ਭੁਗਤਣ ਵਾਲੇ ਦੇਸ਼ ਭਗਤਾਂ ਤੇ ਸੰਘਰਸ਼ੀ ਜੀਵਨ 'ਤੇ ਜਦੋਂ ਝਾਤ ਮਾਰੀ ਤਾਂ ਇਸ ਦੀਆਂ ਅਨੇਕਾਂ ਹੋਰ ਪਰਤਾਂ ਵੀ ਸਾਹਮਣੇ ਆਈਆਂ। ਇਨ੍ਹਾਂ ਵਿਚੋਂ ਇਕ ਪਰਤ ਇਹ ਹੈ ਕਿ ਇਨ੍ਹਾਂ ਦੇਸ਼ ਭਗਤਾਂ ਦੇ ਪਰਿਵਾਰਾਂ ਨੂੰ ਪਿਛੋਂ ਜਿਹੜੇ ਦੁੱਖ, ਮੁਸੀਬਤਾਂ ਤੇ ਕਸ਼ਟ ਝੱਲਣੇ ਪਏ ਉਨ੍ਹਾਂ ਦਾ ਇਕ ਲੰਮਾ ਇਤਿਹਾਸ ਹੈ ਜੋ ਅਜੇ ਲਿਖਿਆ ਨਹੀਂ ਗਿਆ। ਅਜਿਹੇ ਪਰਿਵਾਰਾਂ ਦੀਆਂ ਔਰਤਾਂ ਦੀਆਂ ਕੁਰਬਾਨੀਆਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਪਹਿਲੀ ਨਜ਼ਰੇ ਜੇ ਅਸੀਂ ਫ਼ਾਂਸੀ ਲੱਗਣ ਵਾਲੇ ਇਸ ਕੇਸ ਦੇ ਪੰਜ ਗ਼ਦਰੀਆਂ ਦੇ ਪਰਿਵਾਰਾਂ 'ਤੇ ਹੀ ਝਾਤ ਮਾਰੀਏ ਤਾਂ ਇਨ੍ਹਾਂ ਪਰਿਵਾਰਾਂ ਦੇ ਪਿਛੋਕੜ ਬਾਰੇ ਕੋਈ ਵਧੇਰੇ ਜਾਣਕਾਰੀ ਉਪਲਬੱਧ ਨਹੀਂ ਹੈ। ਭਾਈ ਰੰਗਾ ਸਿੰਘ ਖੁਰਦਪੁਰ ਦੇ ਵਿਆਹੇ ਹੋਣ ਦਾ ਕੋਈ ਪ੍ਰਮਾਣ ਹੀ ਨਹੀਂ ਮਿਲਦਾ। ਭਾਈ ਬੀਰ ਸਿੰਘ ਬਾਹੋਵਾਲ ਦੇ ਦੋ ਪੁੱਤਰ ਤੇ ਇਕ ਧੀ ਸੀ। ਧੀ ਰੱਬ ਨੂੰ ਪਿਆਰੀ ਹੋ ਗਈ ਤੇ ਪੁੱਤਰ ਗਰੀਬੀ ਦੇ ਸਤਾਏ ਪੰਜਾਬ ਛੱਡ ਕਿਸੇ ਬਾਹਰਲੀ ਸਟੇਟ ਵਿਚ ਵਸ ਗਏ। ਭਾਈ ਉੱਤਮ ਸਿੰਘ ਹਾਂਸ ਵਿਆਹੇ ਤਾਂ ਸੀ ਪਰ ਪਤਨੀ ਦੀ ਮੌਤ ਹੋ ਗਈ ਤੇ ਮੁੜ ਵਿਆਹ ਨਾ ਕਰਾਇਆ। ਭਾਈ ਰੂੜ ਸਿੰਘ ਵਿਆਹੇ ਤਾਂ ਸੀ ਪਰ ਕੋਈ ਸੰਤਾਨ ਪੈਦਾ ਨਾ ਹੋਈ। ਭਾਈ ਈਸ਼ਰ ਸਿੰਘ ਵਿਆਹੇ ਹੋਏ ਸਨ। ਇਸ ਪਰਿਵਾਰ ਦੀ ਬੜੀ ਦਰਦਨਾਕ ਵਿਥਿਆ ਹੈ। ਇਸ ਪਰਿਵਾਰ ਦੀਆਂ ਔਰਤਾਂ ਦੇ ਸੰਘਰਸ਼ੀ ਜੀਵਨ ਦੀ ਗਾਥਾ ਦੀ ਇਕ ਛੋਟੀ ਜਿਹੀ ਬਾਤ ਰੂਪੀ ਜਾਣਕਾਰੀ ਤੁਹਾਡੇ

ਨਾਲ ਸਾਂਝੀ ਕਰ ਰਹੇ ਹਾਂ।

**ਬੀਬੀ ਧਰਮ ਕੌਰ (ਮਾਤਾ ਭਾਈ ਈਸ਼ਰ ਸਿੰਘ ਢੁੱਡੀਕੇ)**:- ਸ਼ਹੀਦ ਈਸ਼ਰ ਸਿੰਘ ਢੁੱਡੀਕੇ ਦੀ ਮਾਤਾ ਬੀਬੀ ਧਰਮ ਕੌਰ ਛੇ ਪੁੱਤਰਾਂ ਦੀ ਮਾਂ ਸੀ। ਇਨ੍ਹਾਂ ਵਿਚੋਂ ਤਿੰਨ ਪੁੱਤਰਾਂ ਦੀ ਮੌਤ ਕਿਸੇ ਨਾਮੁਰਾਦ ਬੀਮਾਰੀ ਕਾਰਨ ਹੋ ਗਈ ਸੀ। ਭਾਈ ਈਸ਼ਰ ਸਿੰਘ 1907 ਵਿਚ ਚੰਗੇ ਰੁਜ਼ਗਾਰ ਦੀ ਭਾਲ ਵਿਚ ਕਨੇਡਾ ਚਲੇ ਗਏ। ਦੂਜੇ ਦੋਵਾਂ ਭਰਾਵਾਂ ਵਿਚੋਂ ਹਜ਼ਾਰਾ ਸਿੰਘ ਦਾ ਵਿਆਹ ਪਿੰਡ ਝੱਖੜਵਾਲਾ ਨੇੜੇ ਜੈਤੋ ਮੰਡੀ ਦੇਸ਼ ਭਗਤ ਸ੍ਰ. ਭੂੰਮਣ ਸਿੰਘ ਦੀ ਧੀ ਬੀਬੀ ਰਾਮ ਕੌਰ ਨਾਲ ਹੋ ਗਿਆ। ਰਾਮ ਕੌਰ ਦੇ ਵਿਆਹ ਤੋਂ ਛੇਤੀ ਬਾਦ ਹੀ ਬੀਬੀ ਧਰਮ ਕੌਰ ਦੇ ਇਹ ਦੋਵੇਂ ਪੁੱਤਰ ਵੀ ਰੱਬ ਨੂੰ ਪਿਆਰੇ ਹੋ ਗਏ। ਬੀਬੀ ਰਾਮ ਕੌਰ ਦੇ ਹੱਥੀਂ ਅਜੇ ਰਾਗਲਾ ਚੂੜਾ ਸੀ ਕਿ ਉਹ ਵਿਧਵਾ ਹੋ ਗਈ। ਪੰਜ ਪੁੱਤਰਾਂ ਦੇ ਤੁਰ ਜਾਣ ਤੇ ਬੇਸਹਾਰਾ ਹੋਈ ਬੀਬੀ ਧਰਮ ਕੌਰ ਨੇ ਆਪਣੇ ਪੁੱਤਰ ਈਸ਼ਰ ਸਿੰਘ ਨੂੰ ਵਿਦੇਸ਼ ਤੋਂ ਵਾਪਸ ਬੁਲਾ ਲਿਆ। ਉਸ ਸਮੇਂ ਦੇ ਸਮਾਜਿਕ ਮਰਿਆਦਾ ਅਨੁਸਾਰ ਦੋਵਾਂ ਪਰਿਵਾਰਾਂ ਦੀ ਸਹਿਮਤੀ ਨਾਲ ਬੀਬੀ ਰਾਮ ਕੌਰ ਨੂੰ ਭਾਈ ਈਸ਼ਰ ਸਿੰਘ ਦੇ ਘਰ ਬਿਠਾ ਦਿੱਤਾ ਗਿਆ। ਭਾਈ ਈਸ਼ਰ ਸਿੰਘ 8-9 ਮਹੀਨਿਆਂ ਬਾਅਦ ਦੁਬਾਰਾ ਦਸੰਬਰ 1912 ਨੂੰ ਕਨੇਡਾ ਚਲੇ ਗਏ। ਬੀਬੀ ਰਾਮ ਕੌਰ ਆਪਣੇ ਮਾਂ-ਬਾਪ ਰੂਪੀ ਸੱਸ-ਸਹੁਰੇ ਦੀ ਸੇਵਾ ਸੰਭਾਲ ਤੇ ਘਰ ਦੇ ਕੰਮਕਾਜ ਵਿਚ ਰੁਝ ਗਈ। ਦਸੰਬਰ 1914 ਵਿਚ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਹਿੱਸਾ ਲੈਣ ਲਈ ਭਾਈ ਈਸ਼ਰ ਸਿੰਘ ਫਿਰ ਵਾਪਸ ਆ ਗਏ। ਮਹੀਨਾ ਕੁ ਘਰ ਠਹਿਰੇ ਫਿਰ ਗੁਪਤਵਾਸ ਹੋ ਕੇ ਪਾਰਟੀ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਕਾਰਨ ਫੜ੍ਹੇ ਗਏ। ਇਨ੍ਹਾਂ ਨੂੰ ਲਾਹੌਰ ਸਾਜਿਸ਼ ਕੇਸ ਵਿਚ ਧਰ ਲਿਆ। ਬੀਬੀ ਰਾਮ ਕੌਰ ਪੁੱਤਰ ਦੀ ਮਾਂ ਬਣ ਗਈ। ਪੁੱਤਰ ਦਾ ਨਾਂ ਰੱਖਿਆ ਭਾਗ ਸਿੰਘ। ਭਾਗ ਸਿੰਘ ਦੇ ਪਿਤਾ ਈਸ਼ਰ ਸਿੰਘ ਨੇ ਤਾਂ ਆਪਣੇ ਪੁੱਤਰ ਦਾ ਮੂੰਹ ਵੀ ਨਹੀਂ ਸੀ ਵੇਖਿਆ ਕਿ ਹਕੂਮਤ ਨੇ ਭਾਈ ਈਸ਼ਰ ਸਿੰਘ ਨੂੰ ਫ਼ਾਂਸੀ ਚਾੜ੍ਹ ਕੇ ਸ਼ਹੀਦ ਕਰ ਦਿੱਤਾ।

ਛੇਆਂ ਪੁੱਤਰਾਂ ਦੀ ਮਾਂ ਬੀਬੀ ਧਰਮ ਕੌਰ ਦੇ ਸਾਰੇ ਪੁੱਤਰ ਇਕ ਇਕ ਕਰਕੇ ਰੱਬ ਨੂੰ ਪਿਆਰੇ ਹੋ ਗਏ। ਬੀਬੀ ਧਰਮ ਕੌਰ ਤੇ ਉਸਦਾ ਪਤੀ ਸੱਜਣ ਸਿੰਘ ਨੇ ਪੁੱਤਰਾਂ ਦੇ ਵਿਯੋਗ ਵਿਚ ਰੋ-ਰੋ ਕੇ ਜੱਗ ਨਾਲ ਪਈ ਸਾਂਝ ਦੀ ਜੋਤ ਬੁੱਝ ਜਾਣ ਕਾਰਨ ਆਪਣੀਆਂ ਅੱਖਾਂ ਦੀ ਜੋਤ ਵੀ ਗੁਆ ਲਈ ਸੀ। ਭਾਈ ਈਸ਼ਰ ਸਿੰਘ ਦੀ ਸ਼ਹੀਦੀ ਤੋਂ ਬਾਦ ਮਾਂ ਬਾਪ ਜਿਊਂਦੀਆਂ ਲਾਸ਼ਾਂ ਬਣ ਕੇ ਰਹਿ ਗਏ ਸਨ।

**ਬੀਬੀ ਰਾਮ ਕੌਰ (ਸੁਪਤਨੀ ਸ਼ਹੀਦ ਭਾਈ ਈਸ਼ਰ ਸਿੰਘ)** :- ਬੀਬੀ ਰਾਮ ਕੌਰ ਮਾਤਾ ਧਰਮ ਕੌਰ ਦੀ ਨੂੰਹ ਸੀ। ਇਸਦਾ ਵਿਆਹ ਸ. ਹਜ਼ਾਰਾ ਸਿੰਘ ਸਪੁੱਤਰ ਸ੍ਰ. ਸੱਜਣ ਸਿੰਘ ਢੁੱਡੀਕੇ ਨਾਲ ਹੋਇਆ ਸੀ। ਅਜੇ ਬੀਬੀ ਰਾਮ ਕੌਰ ਨੂੰ ਵਿਆਹ ਦੇ ਅਰਥ ਵੀ ਸਮਝ ਨਾ ਪਏ ਕਿ ਹਜ਼ਾਰਾ ਸਿੰਘ ਦੀ ਕਿਸੇ ਬਿਮਾਰੀ ਕਾਰਨ ਮੌਤ ਹੋ ਗਈ ਤੇ ਇਹ ਵਿਧਵਾ ਹੋ ਗਈ। ਬੀਬੀ ਰਾਮ ਕੌਰ ਦੇ ਪੇਕੇ ਪਰਿਵਾਰ ਸ. ਭੂੰਮਣ ਸਿੰਘ ਝੱਖੜਵਾਲ ਅਤੇ ਸਹੁਰੇ ਪਰਿਵਾਰ ਸ੍ਰ. ਸੱਜਣ ਸਿੰਘ ਦੋਵਾਂ ਪਰਿਵਾਰਾਂ ਦੀ ਸਹਿਮਤੀ ਨਾਲ ਸਮਾਜਕ

ਮਰਿਆਦਾ ਅਨੁਸਾਰ ਦਸੰਬਰ 1912 ਵਿਚ ਬੀਬੀ ਰਾਮ ਕੌਰ ਨੂੰ ਹਜ਼ਾਰਾ ਸਿੰਘ ਦੇ ਛੋਟੇ ਭਰਾ ਈਸ਼ਰ ਸਿੰਘ ਦੇ ਘਰ ਬਿਠਾ ਦਿੱਤਾ ਗਿਆ। ਕੁਝ ਮਹੀਨੇ ਘਰ ਰੁਕਣ ਤੋਂ ਬਾਦ ਈਸ਼ਰ ਸਿੰਘ ਦੁਬਾਰਾ ਕਨੇਡਾ ਚਲੇ ਗਏ ਤੇ ਦੋ ਸਾਲ ਬਾਅਦ ਵਾਪਸ ਆਏ ਸਨ। ਆਪਣੇ ਘਰ ਆਇਆਂ ਨੂੰ ਅਜੇ ਮਹੀਨਾ ਕੁ ਹੋਇਆ ਸੀ ਕਿ ਪੁਲਿਸ ਨੇ ਘਰ ਵਿਚ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ। ਆਪ ਘਰ ਛੱਡ ਬਾਹਰ ਕਿਸੇ ਗੁਪਤ ਜਗ੍ਹਾ 'ਤੇ ਰਹਿ ਕੇ ਕ੍ਰਾਂਤੀਕਾਰੀ ਕਾਰਵਾਈਆਂ ਵਿਚ ਰੁੱਝ ਗਏ। ਆਖਰ ਪੁਲੀਸ ਨੇ ਗ੍ਰਿਫਤਾਰ ਕਰਕੇ ਸਪਲੀਮੈਂਟ ਲਾਹੌਰ ਸਾਜਿਸ਼ ਕੇਸ ਵਿਚ ਧਰ ਲਿਆ। ਆਪ ਨੇ ਜੇਲ੍ਹ ਵਿਚ ਆਪਣੇ ਪੁੱਤਰ ਭਾਗ ਸਿੰਘ ਦੇ ਜਨਮ ਦੀ ਖ਼ਬਰ ਸੁਣੀ ਸੀ। ਉਸੇ ਜੇਲ੍ਹ ਵਿਚ ਉਨ੍ਹੀਂ ਦਿਨੀਂ ਦੇਸ਼ ਭਗਤ ਚੂਹੜ ਸਿੰਘ ਲੀਲ ਵੀ ਸਨ। ਉਨ੍ਹਾਂ ਦੇ ਘਰ ਪੋਤਰੀ ਨੇ ਜਨਮ ਲਿਆ ਸੀ। ਦੋਵਾਂ ਬੱਚਿਆਂ ਦੇ ਆਪਸੀ ਵਿਆਹ ਕਰਨ ਦਾ ਫੈਸਲਾ ਬਾਬਿਆਂ ਨੇ ਜੇਲ੍ਹ ਵਿਚ ਹੀ ਕਰ ਦਿੱਤਾ ਸੀ। 18 ਜੂਨ 1916 ਨੂੰ ਭਾਈ ਈਸ਼ਰ ਸਿੰਘ ਨੂੰ ਹਕੂਮਤ ਨੇ ਫਾਂਸੀ ਚਾੜ੍ਹ ਕੇ ਜਾਇਦਾਦ ਜਬਤ ਕਰ ਲਈ। ਬੀਬੀ ਰਾਮ ਕੌਰ ਤਕਰੀਬਨ 18 ਸਾਲ ਦੀ ਉਮਰ ਵਿਚ ਵਿਧਵਾ ਤੋਂ ਸੁਹਾਗਣ ਬਣੀ ਦੂਜੀ ਵਾਰ ਫੇਰ ਵਿਧਵਾ ਹੋ ਗਈ ਸੀ।

ਛੋਟੀ ਉਮਰ ਵਿਚ ਬੀਬੀ ਰਾਮ ਕੌਰ ਤੇ ਮੁਸੀਬਤ ਦੇ ਪਹਾੜ ਟੁੱਟ ਪਏ। ਘਰ ਵਿਚ ਕਮਾਊ ਕੋਈ ਨਾ ਰਿਹਾ। ਘਰ ਵਿਚ ਬਜ਼ੁਰਗ ਸੱਸ-ਸਹੁਰਾ ਸਨ ਜਿਨ੍ਹਾਂ ਦੀ ਆਪਣੇ ਛੇ ਪੁੱਤਰਾਂ ਦੇ ਵਿਯੋਗ ਵਿਚ ਰੋ-ਰੋ ਕੇ ਅੱਖਾਂ ਦੀ ਜੋਤ ਬੁੱਝ ਚੁੱਕੀ ਸੀ। ਪਰ ਹੁਣ ਇਨ੍ਹਾਂ ਦੀ ਆਸ ਦੀ ਕਿਰਨ ਸੀ ਬਾਲ ਭਾਗ ਨੂੰ ਪਾਲ ਕੇ ਘਰ ਦਾ ਦੀਵਾ ਜਗਦਾ ਰੱਖਣ ਦੀ। ਬੀਬੀ ਰਾਮ ਕੌਰ ਦੇ ਮਾਂ-ਬਾਪ ਨੇ ਇਸ ਔਖੀ ਘੜੀ ਵਿਚ ਇਸ ਪਰਿਵਾਰ ਨੂੰ ਸਹਾਰਾ ਦਿੱਤਾ ਸੀ। ਉਨ੍ਹਾਂ ਨੇ ਆਪਣੀ ਧੀ ਰਾਮ ਕੌਰ ਨੂੰ ਕਿਹਾ ਕਿ ਧੀਏ ਹੁਣ ਤੇਰਾ ਇਹੋ ਘਰ ਹੈ। ਆਪਣੇ ਪੁੱਤਰ ਨੂੰ ਪਾਲ ਤੇ ਬੁੱਢੇ ਮਾਂ-ਬਾਪ (ਸੱਸ ਸਹੁਰੇ) ਦੀ ਸੇਵਾ ਕਰ। ਅਸੀਂ ਜਿੰਨੇ ਜੋਗੇ ਹਾਂ ਤੇਰੇ ਨਾਲ ਹਾਂ।

ਉਨ੍ਹਾਂ ਨੇ ਬਾਲ ਭਾਗ ਸਿੰਘ ਦੇ ਦੁੱਧ ਪੀਣ ਲਈ ਇਕ ਗਾਂ ਇਸਦੇ ਘਰ ਲਿਆ ਕਿੱਲੇ ਨਾਲ ਬੰਨ੍ਹ ਦਿੱਤੀ। ਇਕ ਕੱਪੜੇ ਸੀਊਣ ਵਾਲੀ ਸਿਲਾਈ ਮਸ਼ੀਨ, ਘਰ ਵਰਤੋਂ ਲਈ ਥੋੜ੍ਹਾ ਬਹੁਤ ਹੋਰ ਸਾਮਾਨ ਤੇ ਕੁਝ ਨਕਦੀ ਦੇ ਦਿੱਤੀ। ਬੀਬੀ ਰਾਮ ਕੌਰ ਨੇ ਘਰ ਦੀ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਚੁੱਕ ਲਈ ਸੀ। ਘਰ ਵਿਚ ਬੁੱਢੇ ਮਾਪਿਆਂ ਦੀ ਦੇਖ ਰੇਖ ਤੇ ਸੇਵਾ ਸੰਭਾਲ ਕਰਨੀ, ਛੋਟੇ ਬਾਲ ਭਾਗ ਸਿੰਘ ਦਾ ਪਾਲਣ-ਪੋਸ਼ਣ, ਗਾਂ ਨੂੰ ਪੱਠੇ ਪਾਉਣੇ ਆਦਿ ਸਾਰੇ ਕੰਮ ਉਹ ਖੁਦ ਹੀ ਕਰਦੀ ਸੀ। ਇਨ੍ਹਾਂ ਕੰਮਾਂ ਤੋਂ ਵਿਹਲੀ ਹੋ ਕੇ ਉਹ ਕੱਪੜੇ ਸਿਊਣ ਦਾ ਕੰਮ ਕਰਦੀ ਸੀ। ਉਹ ਮਿਹਨਤ ਕਰਕੇ ਆਪਣੇ ਘਰ ਦਾ ਗੁਜ਼ਾਰਾ ਤੋਰਦੀ ਸੀ। ਮੁੱਕਦੀ ਗੱਲ ਮਸ਼ੀਨ ਵਾਂਗ ਕੰਮ ਕਰਦੀ ਬੀਬੀ ਰਾਮ ਕੌਰ ਤਾਂ ਖੁਦ ਇਕ ਮਸ਼ੀਨ ਬਣ ਗਈ ਸੀ।

ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਅਗਾਂਹਵਧੂ ਵਿਚਾਰਾਂ ਵਾਲੇ ਲੇਖਕ ਅਤੇ ਜਥੇਬੰਦੀਆਂ ਦਾ ਇਥੇ ਆਉਣਾ ਜਾਣਾ ਬਣਿਆ ਰਹਿੰਦਾ ਹੈ। ਇਕ ਦਿਨ

ਲੇਖਕ ਹਰੀ ਸਿੰਘ ਢੁੱਡੀਕੇ ਨਾਲ ਗੱਲਬਾਤ ਦੌਰਾਨ ਮੈਂ ਉਨ੍ਹਾਂ ਨੂੰ ਪੁੱਛਿਆ ਕਿ, "ਕੀ ਤੁਸੀਂ ਮਾਤਾ ਰਾਮ ਕੌਰ ਨੂੰ ਕਦੇ ਮਿਲੇ ਸੀ।" ਉਨ੍ਹਾਂ ਝੱਟ 'ਹਾਂ' ਵਿਚ ਜਵਾਬ ਦਿੰਦਿਆਂ ਕਿਹਾ, "ਅਸੀਂ ਨਿੱਕੇ ਹੁੰਦੇ ਬਾਹਰ ਖੇਡਦੇ ਹੁੰਦੇ ਸੀ ਤਾਂ ਉਨ੍ਹਾਂ ਦੇ ਘਰ ਅੰਦਰੋਂ ਮਸ਼ੀਨ ਚੱਲਣ ਦੀ ਆਵਾਜ਼ ਸੁਣਾਈ ਦਿੰਦੀ ਹੁੰਦੀ ਸੀ। ਅਸੀਂ ਸਮਝਦੇ ਸੀ ਕਿ 'ਦਰਜੀਆਂ ਦਾ ਘਰ ਹੈ।' ਵੱਡੇ ਹੋਏ ਤਾਂ ਪਤਾ ਲੱਗਾ ਕਿ ਇਹ ਦੇਸ਼ ਦੀ ਆਜ਼ਾਦੀ ਦੇ ਕੌਮੀ ਪਰਵਾਨਿਆਂ ਦਾ ਘਰ ਹੈ, ਜਿਨ੍ਹਾਂ ਨੇ ਭਾਰਤ ਮਾਂ ਦੇ ਪੈਰ੍ਹਾਂ ਵਿਚੋਂ ਗੁਲਾਮੀ ਦੇ ਸੰਗਲ ਤੋੜਨ ਲਈ ਫ਼ਾਂਸੀਆਂ ਦੇ ਰੱਸੇ ਚੁੰਮੇ ਸਨ।"

ਬੀਬੀ ਰਾਮ ਕੌਰ ਦੇ ਸੰਘਰਸ਼ੀ ਜੀਵਨ ਦੀ ਗਾਥਾ ਅਜੇ ਅਣਲਿਖੇ ਇਤਿਹਾਸ ਦਾ ਪੰਨਾ ਹੈ। ਬੀਬੀ ਰਾਮ ਕੌਰ ਨੇ ਸਪੁੱਤਰ ਸ੍ਰ. ਭਾਗ ਸਿੰਘ ਨੂੰ ਪਾਲ ਪੋਸ ਕੇ ਇਸ ਦੇਸ਼ ਭਗਤਾਂ ਦੇ ਪਰਿਵਾਰ ਦੇ ਚਿਰਾਗ ਨੂੰ ਜਗਦਾ ਰੱਖਣ ਲਈ ਇਕ ਬੜਾ ਵੱਡਾ ਯੋਗਦਾਨ ਪਾਇਆ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

**ਬੀਬੀ ਰਣਬੀਰ ਕੌਰ (ਭਾਈ ਈਸ਼ਰ ਸਿੰਘ ਢੁੱਡੀਕੇ ਦੀ ਨੂੰਹ)**:- ਬੀਬੀ ਰਣਬੀਰ ਕੌਰ ਗ਼ਦਰੀ ਭਾਈ ਚੂਹੜ ਸਿੰਘ ਤੇ ਮਾਤਾ ਚੰਦ ਕੌਰ ਲੀਲ-ਪੱਖੋਵਾਲ ਦੀ ਪੋਤਰੀ ਦੇਸ਼ ਭਗਤ ਭਾਈ ਕਿਸ਼ਨ ਸਿੰਘ ਤੇ ਮਾਤਾ ਭਗਵਾਨ ਕੌਰ ਦੀ ਧੀ ਸੀ। ਦੇਸ਼ ਭਗਤਾਂ ਦੇ ਪਰਿਵਾਰਾਂ ਨੂੰ ਸਿੱਖਿਅਤ ਕਰਨ ਲਈ ਬਾਬਾ ਸੋਹਣ ਸਿੰਘ ਭਕਨਾ (ਗ਼ਦਰ ਪਾਰਟੀ ਦੇ ਪਹਿਲੇ ਪ੍ਰਧਾਨ) ਨੇ ਆਪਣੇ ਪਿੰਡ ਵਿਚ ਸਕੂਲ ਆਸ਼ਰਮ ਵਜੋਂ ਖੋਲ੍ਹਿਆ ਹੋਇਆ ਸੀ। ਉੱਥੇ ਰਹਿੰਦਿਆਂ ਬੀਬੀ ਰਣਬੀਰ ਕੌਰ ਤੇ ਇਸਦੇ ਭਰਾ ਸੇਵਕ ਸਿੰਘ ਨੂੰ ਬਾਬਾ ਸੋਹਣ ਸਿੰਘ ਭਕਨਾ ਮੁੱਢਲੀ ਵਿਦਿਆ ਦੇਣ ਲਈ ਆਪਣੇ ਪਿੰਡ ਲੈ ਗਏ ਸਨ। ਬੀਬੀ ਰਣਬੀਰ ਕੌਰ ਬਾਬਾ ਜੀ ਦੀ ਗ਼ਦਰ ਲਹਿਰ ਨੂੰ ਦੇਣ ਤੋਂ ਕਾਫੀ ਪ੍ਰਭਾਵਿਤ ਹੋਈ ਅਤੇ ਆਪ ਵੀ ਇਸ ਲਹਿਰ ਨਾਲ ਜੁੜ ਗਈ। ਇਹ ਉਹ ਬੀਬੀ ਹੈ ਜਿਸਦਾ ਰਿਸ਼ਤਾ ਜੇਲ੍ਹ ਵਿਚ ਭਾਈ ਈਸ਼ਰ ਸਿੰਘ ਦੇ ਪੁੱਤਰ ਭਾਗ ਸਿੰਘ ਨਾਲ ਹੋਣਾ ਤਹਿ ਹੋ ਗਿਆ ਸੀ। ਦਰਅਸਲ ਜਿਸ ਬੀਬੀ ਮਹਿੰਦਰ ਕੌਰ ਇਸਦੀ ਵੱਡੀ ਭੈਣ ਨਾਲ ਰਿਸ਼ਤਾ ਤਹਿ ਹੋਇਆ ਸੀ ਉਸਦੀ ਮੌਤ ਹੋ ਗਈ ਤੇ ਬਾਬਿਆਂ ਦੇ ਦਿੱਤੇ ਵਚਨ ਨੂੰ ਪੂਰਾ ਕਰਨ ਲਈ ਉਸ ਤੋਂ ਛੋਟੀ ਬੀਬੀ ਰਣਬੀਰ ਕੌਰ ਦਾ ਵਿਆਹ ਸ੍ਰ. ਭਾਗ ਸਿੰਘ ਨਾਲ ਕਰ ਦਿੱਤਾ ਗਿਆ। ਬੀਬੀ ਰਣਬੀਰ ਕੌਰ ਨੂੰ ਦੇਸ਼ ਭਗਤੀ ਦੀ ਭਾਵਨਾ ਤਾਂ ਗੁੜ੍ਹਤੀ ਵਿਚੋਂ ਹੀ ਮਿਲੀ ਸੀ। ਇਨ੍ਹਾਂ ਦੇ ਪਿਤਾ ਜੀ ਸ੍ਰ. ਕਿਸ਼ਨ ਸਿੰਘ ਦੇਸ਼ ਭਗਤ ਸਨ। ਦੇਸ਼ ਭਗਤਾਂ ਦਾ ਪੁਲਸ ਪਿੱਛਾ ਕਰਦੀ ਸੀ। ਇਸ ਲਈ ਅਜਿਹੇ ਦੇਸ਼ ਭਗਤ ਅਕਸਰ ਘਰੋਂ ਬਾਹਰ ਹੀ ਰਹਿੰਦੇ ਸਨ। ਕਿਹਾ ਜਾਂਦਾ ਹੈ ਕਿ ਇਕ ਵਾਰੀ ਪੁਲਸ ਨੇ ਛਾਪਾ ਮਾਰਿਆ ਭਾਈ ਕਿਸ਼ਨ ਸਿੰਘ ਤਾਂ ਫੜ੍ਹੇ ਨਾ ਗਏ ਪਰ ਅਸਲਾ ਪਿਆ ਸੀ। ਉਸ ਵੇਲੇ ਕਿਸ਼ਨ ਸਿੰਘ ਦੀ ਪਤਨੀ ਭਗਵਾਨ ਕੌਰ ਬੀਬੀ ਰਣਬੀਰ ਕੌਰ ਦੀ ਮਾਂ ਪਾਥੀਆਂ ਪੱਥ ਰਹੀ ਸੀ ਤੇ ਉਸ ਨੇ ਪਿਸਤੌਲ ਪਾਥੀਆਂ ਵਿਚ ਹੀ ਪੱਥ ਦਿੱਤਾ ਸੀ। ਸ੍ਰ. ਅਮਰਜੀਤ ਸਿੰਘ ਪੋਤਰਾ ਭਾਈ ਈਸ਼ਰ ਸਿੰਘ, ਦੋਹਤਰਾ ਭਾਈ ਕਿਸ਼ਨ ਸਿੰਘ ਤੇ ਬੀਬੀ ਭਗਵਾਨ ਕੌਰ, ਮੈਂਬਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਨੇ

ਦੱਸਿਆ ਕਿ ਉਨ੍ਹਾਂ ਦੇ ਨਾਨੀ ਜੀ ਮਾਤਾ ਭਗਵਾਨ ਕੌਰ ਨੇ ਆਪਣੇ ਸਿਰ 'ਤੇ ਪੱਗ ਬੰਨ੍ਹ ਕੇ ਹੱਲ ਚਲਾਉਂਦੀ ਤੇ ਖੇਤੀਬਾੜੀ ਦਾ ਸਾਰਾ ਕੰਮਕਾਜ ਆਪ ਕਰਦੇ ਸੀ। ਇਸ ਲਈ ਦੇਸ਼ ਭਗਤੀ ਦੀ ਭਾਵਨਾ ਸਾਨੂੰ ਆਪਣੇ ਵਿਰਸੇ ਦਾਦਕੇ-ਨਾਨਕੇ ਤੋਂ ਮਿਲੀ ਹੈ, ਜਿਸ 'ਚ ਵਧੇਰੇ ਯੋਗਦਾਨ ਮੇਰੇ ਦਾਦੀ ਜੀ ਨਾਨੀ ਜੀ ਅਤੇ ਮਾਤਾ ਜੀ ਦਾ ਹੈ।

**ਬੀਬੀ ਦਇਆ ਕੌਰ** (**ਮਾਤਾ ਅਰਜਨ ਸਿੰਘ ਜਗਰਾਉਂ**) :- ਮਾਤਾ ਦਇਆ ਕੌਰ ਇਕ ਬਹੁਤ ਬਹਾਦਰ ਇਸਤਰੀ ਸੀ। ਇਸਦਾ ਪੁੱਤਰ ਭਾਈ ਅਰਜਣ ਸਿੰਘ ਵੀ ਢੁੱਡੀਕੇ ਦੇ ਗ਼ਦਰੀਆਂ ਦਾ ਸਾਥੀ ਸੀ ਅਤੇ ਇਨ੍ਹਾਂ ਵੱਲੋਂ ਕੀਤੀਆਂ ਜਾਂਦੀਆਂ ਮੀਟਿੰਗਾਂ ਵਿਚ ਅਕਸਰ ਸ਼ਾਮਲ ਹੁੰਦਾ ਸੀ। 1915 ਵਿਚ ਹੋਰ ਦੇਸ਼ ਭਗਤਾਂ ਵਾਂਗ ਇਸਨੂੰ ਵੀ ਇਸੇ ਕੇਸ ਤਹਿਤ ਪੁਲਸ ਫੜ੍ਹ ਕੇ ਲੁਧਿਆਣੇ ਕੋਤਵਾਲੀ ਲੈ ਗਈ। ਕਿਹਾ ਜਾਂਦਾ ਹੈ ਕਿ ਪੁਲਸ ਨੇ ਮਾਤਾ ਜੀ ਕੋਲ ਆ ਕੇ ਕਿਹਾ ਕਿ ਉਹ ਆਪਣੇ ਪੁੱਤਰ ਨੂੰ ਕਹੇ ਜੋ ਕੁਝ ਇਸਨੂੰ ਪਤਾ ਹੈ ਸੱਚੋ ਸੱਚ ਦੱਸ ਦੇਵੇ। ਅਸੀਂ ਇਸਨੂੰ ਛੱਡ ਦਿਆਂਗੇ। ਮਾਤਾ ਜਦੋਂ ਪੁੱਤਰ ਨੂੰ ਮਿਲਣ ਗਈ ਤਾਂ ਕਿਹਾ ਕਿ ਪੁੱਤਰਾ ਹੁਣ ਤਕੜਾ ਹੋ ਕੇ ਰਹੀ ਐਵੇਂ ਨਾ ਮੂੰਹੋਂ ਕੁਝ ਕਹਿ ਕੇ ਕਿਸੇ ਹੋਰ ਨੂੰ ਫਸਾਈਂ।

ਗਿਆਨੀ ਹਰਭਜਨ ਸਿੰਘ ਚਮਿੰਡਾ ਜੋ ਖੁਦ ਇਸੇ ਕੇਸ ਵਿਚ ਇਨ੍ਹਾਂ ਨਾਲ ਹਜ਼ਾਰੀ ਬਾਗ ਜੇਲ੍ਹ ਵਿਚ ਰਹੇ ਸਨ। ਉਹ ਕੌਮੀ ਲਹਿਰ ਵਿਚ ਛਪੇ ਇਕ ਲੇਖ 'ਗ਼ਦਰ ਪਾਰਟੀ ਦੀ ਮਹਿੰਮਾ' ਵਿਚ ਲਿਖਦੇ ਹਨ ਕਿ ਮਾਈ ਦਇਆ ਕੌਰ ਨੇ ਆਪਣੇ 22 ਸਾਲ ਦੇ ਗਭਰੂ ਤੇ ਇਕਲੌਤੇ ਪੁੱਤਰ ਨੂੰ ਕਿਹਾ ਕਿ, "ਖਬਰਦਾਰ ਜੇ ਦੇਸ਼ ਭਗਤਾਂ ਤੇ ਗਵਾਹੀ ਦੇ ਕੇ ਘਰ ਆਇਆ। ਪੜਛੇ ਵੱਢ ਸੁਟਾਂਗੀ।" ਧੰਨ ਹੈ ਉਹ ਮਾਂ ਜਿਸ ਨੇ ਪੁੱਤਰ ਪਿਆਰ ਤੋਂ ਉੱਪਰ ਉੱਠ ਕੇ ਇਕ ਦੇਸ਼ ਭਗਤ ਮਾਂ ਦਾ ਫਰਜ਼ ਅਦਾ ਕੀਤਾ।

ਹਿੰਦੋਸਤਾਨ ਦੇ ਸੁਤੰਤਰਤਾ ਸੰਗਰਾਮ 'ਚ ਔਰਤਾਂ ਵਲੋਂ ਕੀਤੀ ਗਈ ਅਜਿਹੀ ਕੁਰਬਾਨੀ ਨੂੰ ਅਜੇ ਤੱਕ ਇਤਿਹਾਸ ਦੇ ਪੱਤਰਿਆਂ ਵਿਚ ਸ਼ਾਮਲ ਨਹੀਂ ਕੀਤਾ ਗਿਆ। ਅਜਿਹੇ ਗੌਰਵਮਈ ਤੇ ਕੁਰਬਾਨੀਆਂ ਭਰਪੂਰ ਇਤਿਹਾਸ ਨੂੰ ਪੜ੍ਹਦਿਆਂ ਮਨ ਵਿਚ ਸੁਆਲ ਉੱਠਦੇ ਹਨ ਕਿ ਇਨ੍ਹਾਂ ਮਾਵਾਂ, ਭੈਣਾਂ, ਧੀਆਂ ਅਤੇ ਪਤਨੀਆਂ ਨੇ ਕਿਵੇਂ ਸਹਾਰੇ ਹੋਣਗੇ ਇਨ੍ਹਾਂ ਮੌਤਾਂ ਦੇ ਸਦਮਿਆਂ ਦੇ ਸੱਲ? ਕਿਵੇਂ ਬਤੀਤ ਕੀਤੇ ਹੋਣਗੇ ਆਪਣੀਆਂ ਜ਼ਿੰਦਗੀਆਂ ਦੇ ਦਿਨ? ਕਦੋਂ ਤੇ ਕੌਣ ਪਾਏਗਾ ਅਜਿਹੀਆਂ ਸੈਂਕੜੇ ਔਰਤਾਂ ਦੀ ਕੁਰਬਾਨੀ ਦੀ ਬਾਤ?

ਇਨ੍ਹਾਂ ਮਹਾਨ ਔਰਤਾਂ ਦੀ ਕੁਰਬਾਨੀ ਨੂੰ ਸਾਡਾ ਕੋਟਿ ਕੋਟਿ ਪ੍ਰਣਾਮ ਹੈ।

***

# ਗ਼ਦਰੀ ਸ਼ਹੀਦਾਂ ਦਾ ਬੇਮਿਸਾਲ ਕੁਰਬਾਨੀ ਭਰਿਆ ਇਤਿਹਾਸ

*18 ਜੂਨ ਸ਼ਹੀਦੀ ਸ਼ਤਾਬਦੀ ਦਿਵਸ ਸਬੰਧੀ*

**-ਪ੍ਰਿਥੀਪਾਲ ਸਿੰਘ ਮਾੜੀਮੇਘਾ**

18 ਜੂਨ 1916 ਨੂੰ ਅੰਗਰੇਜ਼ ਸਾਮਰਾਜੀ ਹਕੂਮਤ ਨੇ ਗ਼ਦਰੀ ਈਸ਼ਰ ਸਿੰਘ ਢੁੱਡੀਕੇ, ਰੰਗਾ ਸਿੰਘ ਖੁਰਦਪੁਰ, ਬੀਰ ਸਿੰਘ ਬਾਹੋਵਾਲ, ਉੱਤਮ ਸਿੰਘ ਹਾਂਸ ਅਤੇ ਰੂੜ ਸਿੰਘ ਤਲਵੰਡੀ ਦੁਸਾਂਝ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਫਾਹੇ ਲਾ ਕੇ ਸ਼ਹੀਦ ਕਰ ਦਿੱਤਾ ਸੀ। ਇਸ ਵਾਰ 18 ਜੂਨ 2016 ਨੂੰ ਇਹਨਾਂ ਮਹਾਨ ਦੇਸ਼ ਭਗਤਾਂ ਦਾ ਸ਼ਹੀਦੀ ਸ਼ਤਾਬਦੀ ਦਿਵਸ ਹੈ।

ਗ਼ਦਰੀ ਈਸ਼ਰ ਸਿੰਘ ਢੁੱਡੀਕੇ 1907, ਉੱਤਮ ਸਿੰਘ ਹਾਂਸ 1906 ਅਤੇ ਭਾਈ ਬੀਰ ਸਿੰਘ ਬਾਹੋਵਾਲ 1906 ਵਿਚ ਕਨੇਡਾ ਗਏ ਸਨ। ਉਕਤ ਗ਼ਦਰੀ ਕਨੇਡਾ ਦੀ ਗ਼ਦਰ ਪਾਰਟੀ ਦੇ ਸੰਸਥਾਪਕਾਂ ਵਿਚੋਂ ਭਾਈ ਰੰਗਾ ਸਿੰਘ ਖੁਰਦਪੁਰ 1910 ਵਿਚ ਅਮਰੀਕਾ ਚਲੇ ਗਏ। ਆਪ ਅਮਰੀਕਾ ਦੀ ਗ਼ਦਰ ਪਾਰਟੀ ਦੇ ਨਿਧੜਕ ਵਰਕਰ ਸਨ। ਭਾਈ ਰੂੜ ਸਿੰਘ ਤਲਵੰਡੀ ਦੁਸਾਂਝ (ਫਿਰੋਜ਼ਪੁਰ) ਪੰਜਾਬ ਵਿਚੋਂ ਹੀ ਗ਼ਦਰੀਆਂ ਨਾਲ ਰਲੇ ਸਨ। ਗਰੀਬੀ ਅਤੇ ਕਰਜ਼ੇ ਦੇ ਭਾਰ ਥੱਲੇ ਦੱਬੇ ਹੋਏ ਬਹੁਤੇ ਪੰਜਾਬੀ ਕਿਰਤੀ-ਕਿਸਾਨ ਹੀ ਵਿਦੇਸ਼ਾਂ ਵਿਚ ਗਏ ਸਨ। ਅਮਰੀਕਾ-ਕਨੇਡਾ ਦੇ ਗੋਰਿਆਂ ਨੇ ਹਿੰਦੀ ਕਿਰਤੀਆਂ ਨਾਲ ਨਸਲੀ ਵਿਤਕਰਾ ਕਰਨਾ ਸ਼ੁਰੂ ਕਰ ਦਿੱਤਾ। ਹੋਟਲਾਂ ਵਿਚ ਇਨ੍ਹਾਂ ਨੂੰ ਗੋਰਿਆਂ ਦੇ ਬਰਾਬਰ ਬੈਠ ਕੇ ਰੋਟੀ ਖਾਣ ਨਹੀਂ ਦਿੱਤੀ ਜਾਂਦੀ ਸੀ। ਸਿਨੇਮਾ ਘਰਾਂ ਵਿਚ ਇਨ੍ਹਾਂ ਦੀਆਂ ਸੀਟਾਂ ਅਲੱਗ ਹੁੰਦੀਆਂ ਸਨ। ਰਾਹ ਜਾਂਦੇ ਹਿੰਦੀਆਂ ਨੂੰ ਗੋਰੇ ਲੋਕ ਅਤੇ ਉਹਨਾਂ ਦੇ ਬੱਚੇ ਗੁਲਾਮ-ਗੁਲਾਮ ਕਹਿ ਕੇ ਚਿੜਾਉਂਦੇ ਸਨ। ਇਹੋ ਜਿਹੀ ਜਲਾਲਤ ਭਰੀ ਜ਼ਿੰਦਗੀ ਤੋਂ ਤੰਗ ਆ ਕੇ ਹਿੰਦੀ ਕਿਰਤੀਆਂ ਦੇ ਮਨਾਂ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਦੇ ਵਲਵਲੇ ਉੱਠੇ। ਉਹਨਾਂ ਸਲਾਹਾਂ ਕੀਤੀਆਂ ਅਤੇ ਹਿੰਦੋਸਤਾਨ ਦੀ ਅੰਗਰੇਜ਼ੀ ਹਕੂਮਤ ਵਲੋਂ ਜਲਾਵਤਨ ਕੀਤੇ ਗਏ ਦੇਸ਼ ਭਗਤਾਂ ਤੇ ਵਿਦੇਸ਼ 'ਚ ਪੜ੍ਹਨ ਗਏ ਵਿਦਿਆਰਥੀਆਂ ਨਾਲ ਮਿਲ ਕੇ ਅਮਰੀਕਾ ਵਿਚ 'ਗ਼ਦਰ ਪਾਰਟੀ' ਸਥਾਪਿਤ ਕਰ ਲਈ। 'ਗ਼ਦਰ ਅਖ਼ਬਾਰ' ਦੇ ਪ੍ਰਚਾਰ ਨਾਲ ਗ਼ਦਰ ਪਾਰਟੀ ਬੜੀ ਤੇਜ਼ੀ ਨਾਲ ਅੰਤਰਰਾਸ਼ਟਰੀ ਪੱਧਰ ਤੱਕ ਫੈਲ ਗਈ। ਪਾਰਟੀ ਦੀਆਂ ਕਈ ਦੇਸ਼ਾਂ ਵਿੱਚ ਬਰਾਂਚਾਂ ਕਾਇਮ ਹੋ ਗਈਆਂ। ਗ਼ਦਰ ਪਾਰਟੀ ਨੇ ਆਪਣਾ ਮੁੱਖ ਹੈਡਕੁਆਟਰ ਸਾਨਫਰਾਂਸਿਸਕੋ ਵਿਚ ਯੁਗਾਂਤਰ ਆਸ਼ਰਮ ਦੇ

ਨਾਮ ਨਾਲ ਬਣਾਇਆ। ਪਾਰਟੀ ਨੇ ਸਿਧਾਂਤਕ ਨਿਰਣਾ ਇਹ ਲਿਆ ਕਿ ਹਥਿਆਰਬੰਦ ਸੰਘਰਸ਼ ਰਾਹੀਂ ਭਾਰਤ ਨੂੰ ਬਰਤਾਨਵੀ ਹਕੂਮਤ ਤੋਂ ਆਜ਼ਾਦ ਕਰਵਾ ਕੇ ਮਨੁੱਖੀ ਬਰਾਬਰੀ ਦੇ ਆਧਾਰ ਵਾਲਾ ਸਮਾਜ ਸਿਰਜਿਆ ਜਾਵੇਗਾ। ਉਹ ਸਮਾਜ ਧਰਮ ਨਿਰਪੱਖ ਤੇ ਜਮਹੂਰੀ ਹੋਵੇਗਾ।

ਗ਼ਦਰ ਪਾਰਟੀ ਨੇ ਆਪਣੇ ਯੁੱਧਨੀਤਕ ਦਾਅ-ਪੇਚ ਅਨੁਸਾਰ ਪਹਿਲੀ ਸੰਸਾਰ ਜੰਗ ਲਗਦਿਆਂ ਸਾਰ ਹੀ ਐਲਾਨ ਕਰ ਦਿੱਤਾ ਕਿ ਸਾਰੇ ਗ਼ਦਰੀ ਸੂਰਮੇ ਭਾਰਤ ਜਾਣ ਅਤੇ ਗ਼ਦਰ ਨੂੰ ਅੰਜਾਮ ਦੇਣ। ਇਸ ਐਲਾਨ ਤੋਂ ਬਾਅਦ ਦੂਜੇ ਗ਼ਦਰੀਆਂ ਦੀ ਤਰ੍ਹਾਂ ਭਾਈ ਈਸ਼ਰ ਸਿੰਘ ਢੁੱਡੀਕੇ, ਰੰਗਾ ਸਿੰਘ ਖੁਰਦਪੁਰ, ਬੀਰ ਸਿੰਘ ਬਾਹੋਵਾਲ ਅਤੇ ਉੱਤਮ ਸਿੰਘ ਹਾਂਸ ਪੰਜਾਬ ਆ ਗਏ।

ਵਿਦੇਸ਼ਾਂ ਵਿੱਚੋਂ ਆਏ ਗ਼ਦਰੀ, ਜੋ ਅੰਗਰੇਜ਼ਾਂ ਦੇ ਜਾਲ਼ ਵਿਚ ਫਸਣ ਤੋਂ ਬਚ ਗਏ ਸਨ, ਉਨ੍ਹਾਂ ਨੇ ਸਤੰਬਰ 1914 ਵਿਚ ਖੰਨੇ ਅਤੇ 16-17 ਅਕਤੂਬਰ 1914 ਨੂੰ ਦੀਵਾਲੀ ਦੇ ਤਿਉਹਾਰ ਮੌਕੇ ਘੰਟਾ ਘਰ ਅੰਮ੍ਰਿਤਸਰ ਵਿਖੇ ਮੀਟਿੰਗਾਂ ਕੀਤੀਆਂ। ਗ਼ਦਰੀਆਂ ਨੇ ਕੰਮ ਵੰਡ ਕਰਕੇ ਜ਼ਿਲ੍ਹੇਵਾਰ ਡਿਊਟੀਆਂ ਲੈ ਲਈਆਂ। ਭਾਈ ਰੰਗਾ ਸਿੰਘ ਖੁਰਦਪੁਰ ਦੀ ਜਲੰਧਰ, ਭਾਈ ਉੱਤਮ ਸਿੰਘ ਹਾਂਸ ਦੀ ਲੁਧਿਆਣਾ ਅਤੇ ਭਾਈ ਈਸ਼ਰ ਸਿੰਘ ਢੁੱਡੀਕੇ ਦੀ ਫਿਰੋਜ਼ਪੁਰ ਡਿਊਟੀ ਲੱਗੀ ਸੀ। ਇਸੇ ਤਰ੍ਹਾਂ ਦੂਜੇ ਵੀ ਜ਼ਿੰਮੇਵਾਰ ਗ਼ਦਰੀਆਂ ਦੀਆਂ ਡਿਊਟੀਆਂ ਲੱਗੀਆਂ ਸਨ। ਗ਼ਦਰੀਆਂ ਨੇ ਪਹਿਲੇ ਪੜਾਅ ਵਜੋਂ ਕੌਮਾਗਾਟਾ ਮਾਰੂ ਜਹਾਜ਼ ਦੇ ਮੁਸਾਫਰਾਂ, ਵਿਦੇਸ਼ਾਂ ਵਿਚੋਂ ਆਏ ਗ਼ਦਰੀਆਂ ਅਤੇ ਪਿੰਡਾਂ ਦੇ ਲੋਕਾਂ ਨਾਲ ਤਾਲਮੇਲ ਬਣਾ ਉਨ੍ਹਾਂ ਨੂੰ ਗ਼ਦਰ ਵਿਚ ਸ਼ਾਮਲ ਹੋਣ ਲਈ ਤਿਆਰ ਕਰਨਾ ਸੀ। ਉਨ੍ਹਾਂ ਤਕ ਪਾਰਟੀ ਦੀਆਂ ਛਪਤਾਂ ਪਹੁੰਚਾਉਂਦੀਆਂ ਅਤੇ ਗੁਪਤ ਮਿਲਣ ਸਥਾਨ ਵੀ ਕਾਇਮ ਕਰਨੇ ਸਨ।

ਗ਼ਦਰੀਆਂ ਨੇ ਮੁੱਖ ਗੁਪਤ ਸਥਾਨ ਲੋਹਟਬੱਧੀ ਤੇ ਢੁੱਡੀਕੇ, ਦੁਆਬੇ ਵਿਚ ਸੰਘਵਾਲ ਤੇ ਪੰਡੋਰੀ ਲੱਧਾ ਸਿੰਘ ਦੇ ਲਾਗੇ 'ਬਿੰਝੋ' ਸਾਧ ਦੇ ਡੇਰਾ, ਲਾਹੌਰ ਵਿਚ ਭਾਈ ਪਰਮਾਨੰਦ ਦੀ ਦੁਕਾਨ, ਮੀਆਂ ਮੀਰ ਛਾਉਣੀ ਦੇ ਫੌਜੀਆਂ ਨੂੰ ਮਿਲਣ ਵਾਸਤੇ ਭਾਈ ਮਦਨ ਸਿੰਘ 'ਗਾਗੋ' ਤਰਖਾਣੇ ਦੀ ਦੁਕਾਨ, ਮਾਝੇ ਵਿਚ ਝਾੜ ਸਾਹਿਬ, ਸੁਰ ਸਿੰਘ, ਦਦੇਹਰ-ਮਰਹਾਣਾ, ਬੂੜ ਚੰਦ, ਵਲਟੋਹਾ ਆਦਿ ਬਣਾਏ ਹੋਏ ਸਨ।

ਗ਼ਦਰੀਆਂ ਦੀ ਯੋਜਨਾ ਇਹ ਸੀ ਕਿ ਗ਼ਦਰ ਦੀ ਸ਼ੁਰੂਆਤ ਲਾਹੌਰ ਦੀ ਮੀਆਂਮੀਰ ਛਾਉਣੀ ਤੇ ਫਿਰੋਜ਼ਪੁਰ ਤੋਂ ਕੀਤੀ ਜਾਵੇਗੀ। ਇਸ ਕਾਰਜ ਦੀ ਪੂਰਤੀ ਲਈ ਗ਼ਦਰੀਆਂ ਨੇ ਆਪਣੇ-ਆਪ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਤੇ ਅੱਗੇ ਦੋਹਾਂ ਨਾਲ ਤਾਲਮੇਲ ਰੱਖਣ ਲਈ ਇਕ ਕੇਂਦਰੀ ਕਮੇਟੀ ਨਿਰਧਾਰਤ ਕੀਤੀ। ਉਸ ਅੱਠ ਮੈਂਬਰੀ ਕਮੇਟੀ ਵਿਚ ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਨਾਲ ਭਾਈ ਬੀਰ ਸਿੰਘ ਬਾਹੋਵਾਲ ਵੀ ਸਨ।

ਗ਼ਦਰੀਆਂ ਨੇ 19 ਫਰਵਰੀ 1915 ਨੂੰ ਮੀਆਂਮੀਰ ਤੇ ਫਿਰੋਜ਼ਪੁਰ ਤੋਂ 'ਗ਼ਦਰ ਭਾਵ ਇਨਕਲਾਬ' ਕਰਨ ਦਾ ਮਤਾ ਪਕਾ ਲਿਆ। ਗ਼ਦਰੀਆਂ ਨੂੰ ਪੱਕਾ ਯਕੀਨ ਸੀ

ਕਿ 'ਗ਼ਦਰ', ਲਾਹੌਰ ਤੋਂ ਲੈ ਕੇ ਫੈਜਾਬਾਦ ਦੀਆਂ ਛਾਉਣੀਆਂ ਤਕ ਫੈਲ ਜਾਵੇਗਾ। ਉਕਤ ਮੰਤਵ ਦੀ ਪੂਰਤੀ ਲਈ ਗ਼ਦਰੀ- ਆਗੂਆਂ ਨਾਲ ਭਾਈ ਉੱਤਮ ਸਿੰਘ ਹਾਂਸ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਰੰਗਾ ਸਿੰਘ ਖੁਰਦਪੁਰ, ਭਾਈ ਬੀਰ ਸਿੰਘ ਬਾਹੋਵਾਲ ਅਤੇ ਭਾਈ ਰੂੜ ਸਿੰਘ ਤਲਵੰਡੀ ਦੁਸਾਂਝ ਆਪੋ-ਆਪਣੇ ਮੋਰਚਿਆਂ 'ਤੇ ਪਹੁੰਚ ਗਏ।

ਗ਼ਦਰੀਆਂ ਨੇ ਸਾਰੀਆਂ ਪੁਜੀਸ਼ਨਾਂ ਮੱਲ ਲਈਆਂ ਸਨ ਪਰ ਦੂਜੇ ਪਾਸੇ ਪਾਰਟੀ ਅੰਦਰ ਛੁਪੇ ਮੁਖਬਰਾਂ ਨੇ ਗ਼ਦਰੀਆਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਮੁਖਬਰਾਂ ਨੇ ਗ਼ਦਰੀਆਂ ਦੀ ਸਾਰੀ ਯੋਜਨਾ ਅੰਗਰੇਜ਼ਾਂ ਨੂੰ ਦੱਸ ਦਿੱਤੀ ਸੀ ਤੇ ਅੰਗਰੇਜ਼ਾਂ ਨੇ ਛਾਉਣੀਆਂ ਵਿਚ ਹਿੰਦੀ ਫੌਜੀਆਂ ਨੂੰ ਬੇਹਥਿਆਰੇ ਕਰਕੇ ਉਨ੍ਹਾਂ ਤੇ ਸਖ਼ਤ ਪਹਿਰੇ ਲਾ ਦਿੱਤੇ ਸਨ। ਗ਼ਦਰੀਆਂ ਨੇ ਜਦੋਂ ਇਹ ਸਭ ਕੁਝ ਦੇਖਿਆ ਤਾਂ ਉਹ ਨਿਰਾਸ਼ ਹੋ ਕੇ ਆਪਣੇ ਟਿਕਾਣਿਆਂ ਨੂੰ ਮੁੜ ਆਏ।

ਗ਼ਦਰ ਦੀ ਯੋਜਨਾ ਲੀਕ ਹੋ ਜਾਣ ਕਰਕੇ ਮੁਖਬਰਾਂ ਨੇ ਅੰਗਰੇਜ਼ਾਂ ਨੂੰ, ਗ਼ਦਰੀਆਂ ਦੇ ਟਿਕਾਣਿਆਂ ਦੀ ਵੀ ਸੂਹ ਦੇ ਦਿੱਤੀ। ਮੁਖਬਰਾਂ ਦੀ ਸੂਹ ਦੇ ਆਧਾਰ ਤੇ ਗ਼ਦਰੀਆਂ ਦੀ ਫੜੋ-ਫੜੀ ਤੇਜ਼ ਹੋ ਗਈ ਅਤੇ ਅੰਗਰੇਜ਼ਾਂ ਨੇ 82 ਦੇ ਕਰੀਬ ਗ਼ਦਰੀ ਗ੍ਰਿਫ਼ਤਾਰ ਕਰ ਲਏ ਸਨ। ਗ਼ਦਰੀਆਂ ਤੇ ਲਾਹੌਰ ਸਾਜਿਸ਼ ਕੇਸ 26 ਅਪ੍ਰੈਲ 1915 ਨੂੰ ਚਲਾਇਆ ਗਿਆ। ਇਸ ਕੇਸ ਵਿਚ ਭਾਈ ਬੀਰ ਸਿੰਘ ਬਾਹੋਵਾਲ ਅਤੇ ਭਾਈ ਉੱਤਮ ਸਿੰਘ ਹਾਂਸ ਸਮੇਤ 17 ਗ਼ਦਰੀ ਮਫਰੂਰ ਕਰਾਰ ਦਿੱਤੇ ਗਏ ਸਨ।

ਇਕ ਪਾਸੇ ਅੰਗਰੇਜ਼ੀ ਹਕੂਮਤ ਦੀ ਇੰਨੀ ਕਰੜਾਈ ਹੋ ਗਈ ਸੀ ਅਤੇ ਦੂਜੇ ਪਾਸੇ ਹਕੂਮਤ ਦੀਆਂ ਨਜ਼ਰਾਂ ਤੋਂ ਬਚੇ ਗ਼ਦਰੀਆਂ ਦੀ ਖਲੜੀ ਵਿਚ ਰਤਾ ਜਿੰਨਾ ਵੀ ਡਰ ਨਹੀਂ ਸੀ। ਉਹ ਇਕੱਠੇ ਹੋ ਕੇ ਗ਼ਦਰ ਨੂੰ ਦੁਬਾਰਾ ਤੋਂ ਸ਼ੁਰੂ ਕਰਨ ਲਈ ਮੀਟਿੰਗਾਂ ਕਰ ਰਹੇ ਸਨ। ਇਨ੍ਹਾਂ ਗ਼ਦਰੀਆਂ ਵਿਚ ਸਨ ਭਾਈ ਬੀਰ ਸਿੰਘ ਬਾਹੋਵਾਲ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਉੱਤਮ ਸਿੰਘ ਹਾਂਸ, ਭਾਈ ਪ੍ਰੇਮ ਸਿੰਘ ਸੁਰ ਸਿੰਘ ਆਦਿ। ਇਨ੍ਹਾਂ ਗ਼ਦਰੀਆਂ ਨੇ ਮੁੜ ਸੰਗਠਤ ਹੋ ਕੇ ਫੈਸਲਾ ਕੀਤਾ ਕਿ ਮੁਖਬਰਾਂ ਨੇ ਗ਼ਦਰ ਸਫ਼ਲ ਨਹੀਂ ਹੋਣ ਦਿੱਤਾ। ਇਸ ਕਰਕੇ ਪਹਿਲ ਦੇ ਆਧਾਰ 'ਤੇ ਇਨ੍ਹਾਂ ਦਾ ਜੀਵਨਘਾਤ ਕੀਤਾ ਜਾਵੇ ਤੇ ਫਿਰ ਹਥਿਆਰ ਇਕੱਤਰ ਕਰਕੇ ਗ਼ਦਰ ਕਰਨ ਦੀ ਨਵੇਂ ਸਿਰ ਤੋਂ ਤਿਆਰੀ ਕੀਤੀ ਜਾਵੇ।

ਹਥਿਆਰ ਪ੍ਰਾਪਤ ਕਰਨ ਦੇ ਮਕਸਦ ਨਾਲ ਗ਼ਦਰੀਆਂ ਨੇ ਕਪੂਰਥਲਾ ਛਾਉਣੀ ਦੇ ਅਸਲਾਖਾਨੇ 'ਤੇ ਹਮਲਾ ਕਰਨ ਦੀ ਯੋਜਨਾ ਬਣਾਈ। ਇਸ ਨੂੰ ਅਮਲੀ ਰੂਪ ਦੇਣ ਵਾਸਤੇ 21 ਜਥੇਦਾਰ ਨਿਯੁਕਤ ਕੀਤੇ ਗਏ। ਜਿਨ੍ਹਾਂ ਵਿਚ ਭਾਈ ਉੱਤਮ ਸਿੰਘ ਹਾਂਸ, ਭਾਈ ਰੰਗਾ ਸਿੰਘ ਖੁਰਦਪੁਰ, ਭਾਈ ਰੂੜ ਸਿੰਘ ਤਲਵੰਡੀ ਦੁਸਾਂਝ ਅਤੇ ਭਾਈ ਈਸ਼ਰ ਸਿੰਘ ਢੁੱਡੀਕੇ ਵੀ ਸਨ। ਛਾਉਣੀ 'ਤੇ ਹਮਲਾ ਕਰਨ ਦੀ ਤਾਰੀਖ ਮਿਥ ਲਈ ਪਰ ਮਿਥੀਂ ਹੋਈ ਤਾਰੀਖ ਤੇ ਪੁੱਜੇ, ਬੰਦਿਆਂ ਤੇ ਹਥਿਆਰਾਂ ਦੀ ਘਾਟ ਨੂੰ ਭਾਂਪਦਿਆ ਹੋਇਆਂ ਗ਼ਦਰੀਆਂ ਨੇ ਇਹ ਐਕਸ਼ਨ ਮੁਲਤਵੀ ਕਰ ਦਿੱਤਾ।

ਕਪੂਰਥਲੇ ਦੀ ਨਾਕਾਮਯਾਬੀ ਤੋਂ ਬਾਅਦ ਗ਼ਦਰੀਆਂ ਨੇ ਵੱਲੇ ਵਾਲੇ ਪੁਲ ਤੇ ਲੱਗੀ ਗਾਰਦ ਤੋਂ ਹਥਿਆਰ ਖੋਹਣ ਦਾ ਐਕਸ਼ਨ ਕਰ ਦਿੱਤਾ। ਇਸ ਐਕਸ਼ਨ ਵਿਚ ਭਾਈ ਰੂੜ ਸਿੰਘ ਤਲਵੰਡੀ ਦੁਸਾਂਝ ਵੀ ਸ਼ਾਮਲ ਸੀ। ਗਾਰਦ ਦੇ ਸਿਪਾਹੀਆਂ ਨੇ ਰੌਲਾ ਪਾ ਕੇ ਪਿੰਡ ਦੀ ਵਾਹਰ ਇਕੱਠੀ ਕਰ ਲਈ। ਵਾਹਰ ਤੇ ਪੁਲੀਸ, ਗ਼ਦਰੀਆਂ ਦੇ ਪਿਛੇ ਹੋ ਤੁਰੀ। ਗ਼ਦਰੀਆਂ ਨੇ ਪੁਲੀਸ ਤੇ ਵਾਹਰ ਨਾਲ 38 ਘੰਟੇ ਦੇ ਕਰੀਬ ਮੁਕਾਬਲਾ ਕੀਤਾ। ਅਖੀਰ ਅੰਗਰੇਜ਼ਾਂ ਨੇ ਕੁਝ ਗ਼ਦਰੀ ਤਾਂ ਫੜ ਲਏ ਪਰ ਰੂੜ ਸਿੰਘ ਪਹਿਲਾਂ ਹੀ ਬਚ ਕੇ ਨਿਕਲ ਗਿਆ ਸੀ। ਅੰਗਰੇਜ਼ੀ ਹਕੂਮਤ ਨੂੰ ਗ਼ਦਰੀਆਂ ਦੀ ਇਸ ਸਕੀਮ ਦਾ ਪਤਾ ਲੱਗ ਗਿਆ। ਹਕੂਮਤ ਆਪਣੇ ਮੁਖਬਰਾਂ ਰਾਹੀਂ ਗ਼ਦਰੀਆਂ ਦੇ ਪਿੱਛੇ ਲੱਗ ਤੁਰੀ ਤੇ ਅੰਤ ਹਕੂਮਤ ਨੇ ਚਿੱਟੀ ਪਿੰਡ ਦੇ ਗੁਰਦੁਆਰੇ ਵਿਚੋਂ ਭਾਈ ਬੀਰ ਸਿੰਘ ਬਾਹੋਵਾਲ ਨੂੰ ਤਿੰਨ ਗ਼ਦਰੀਆਂ ਸਮੇਤ ਗ੍ਰਿਫਤਾਰ ਕਰ ਲਿਆ।

ਮੁਖਬਰਾਂ ਦੀ ਸੂਹ ਤੇ ਅੰਗਰੇਜ਼ੀ ਹਕੂਮਤ ਨੂੰ 19 ਸਤੰਬਰ 1915 ਨੂੰ ਭਾਈ ਉੱਤਮ ਸਿੰਘ ਹਾਂਸ ਅਤੇ ਈਸ਼ਰ ਸਿੰਘ ਢੁੱਡੀਕੇ ਨੂੰ ਪਿੰਡ ਜਿਊਣਵਾਲ ਫਰੀਦਕੋਟ ਤੋਂ ਇਕ ਸਾਧੂ ਦੀ ਕੁਟੀਆ ਵਿਚੋਂ ਫੜ ਲਿਆ। ਅੰਗਰੇਜ਼ ਹਾਕਮ ਰੰਗਾ ਸਿੰਘ ਖੁਦਰਪੁਰ ਨੂੰ ਹੋਤੀ ਮਰਦਾਨ (ਪਾਕਿਸਤਾਨ) ਤੋਂ ਗ੍ਰਿਫਤਾਰ ਕਰਨ ਵਿਚ ਕਾਮਯਾਬ ਹੋ ਗਈ। ਭਾਈ ਰੂੜ ਸਿੰਘ ਵੀ ਅੰਗਰੇਜ਼ਾਂ ਦੀ ਗ੍ਰਿਫਤ ਵਿਚ ਆ ਗਿਆ। ਅੰਗਰੇਜ਼ ਹਕੂਮਤ ਨੇ ਇਸ ਅਰਸੇ ਵਿਚ 102 ਦੇ ਕਰੀਬ ਗ਼ਦਰੀ ਫੜੇ ਸਨ। ਫੜੇ ਗਏ ਗ਼ਦਰੀਆਂ ਤੇ ਦੂਜਾ ਲਾਹੌਰ ਸਾਜਿਸ਼ ਕੇਸ (ਪਹਿਲਾਂ ਸਪਲੀਮੈਂਟਰੀ) ਚਲਾਇਆ ਗਿਆ। ਇਸ ਮੁਕੱਦਮੇ ਵਿਚ ਅੰਗਰੇਜ਼ਾਂ ਨੇ 18 ਜੂਨ 1916 ਨੂੰ ਭਾਈ ਬੀਰ ਸਿੰਘ ਬਾਹੋਵਾਲ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਰੰਗਾ ਸਿੰਘ ਖੁਰਦਪੁਰ, ਭਾਈ ਰੂੜ ਸਿੰਘ ਤਲਵੰਡੀ ਦੁਸਾਂਝ ਅਤੇ ਭਾਈ ਉੱਤਮ ਸਿੰਘ ਹਾਂਸ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ।

✲✲✲

# ਗ਼ਦਰ ਤਹਿਰੀਕ ਦੇ ਸਬ ਸੈਂਟਰ ਢੁੱਡੀਕੇ ਦੇ ਸੰਗਰਾਮੀ ਬਾਬੇ

-ਅਮਰਜੀਤ ਸਿੰਘ

ਪੋਤਰਾ ਸ਼ਹੀਦ ਬਾਬਾ ਈਸ਼ਰ ਸਿੰਘ ਢੁੱਡੀਕੇ

ਜੇਕਰ ਮਾਲਵਾ ਖੇਤਰ ਦੇ ਸੰਗਰਾਮੀ ਇਤਿਹਾਸ ਦੀ ਗੱਲ ਕਰੀਏ ਤਾਂ ਪਿੰਡ ਢੁੱਡੀਕੇ ਨੂੰ ਨਤਮਸਤਕ ਹੋਏ ਬਿਨਾਂ ਨਹੀਂ ਰਿਹਾ ਜਾ ਸਕਦਾ। ਢੁੱਡੀਕੇ ਜਿਹੜਾ ਪਹਿਲਾਂ ਫ਼ਿਰੋਜ਼ਪੁਰ ਜ਼ਿਲ੍ਹੇ ਦਾ ਪਿੰਡ ਸੀ, ਫਿਰ ਜ਼ਿਲ੍ਹਾ ਫਰੀਦਕੋਟ ਵਿੱਚ ਆਇਆ ਤੇ ਹੁਣ ਜ਼ਿਲ੍ਹਾ ਮੋਗਾ ਵਿੱਚ ਹੈ। ਗੱਲ ਆਪਾਂ ਉੱਨਵੀਂ ਸਦੀ ਦੇ ਅੰਤਲੇ ਸਾਲਾਂ ਤੋਂ ਸ਼ੁਰੂ ਕਰਦੇ ਹਾਂ। ਢੁੱਡੀਕੇ ਪਿੰਡ ਵੀ ਪੰਜਾਬ ਦੇ ਦੂਸਰੇ ਪਿੰਡਾਂ ਵਾਂਗ ਅੰਗਰੇਜ਼ੀ ਸਾਮਰਾਜੀਆਂ ਦੀ ਗੁਲਾਮੀ ਦੇ ਸ਼ਿਕੰਜੇ ਵਿੱਚ ਜਕੜਿਆ ਹੋਇਆ, ਆਰਥਿਕ ਮੰਦਵਾੜੇ ਵਿੱਚੋਂ ਗੁਜ਼ਰ ਰਿਹਾ ਸੀ। ਕਿਸਾਨੀ ਰੋਟੀ-ਰੋਜ਼ੀ ਦੀ ਭਾਲ ਵਿੱਚ ਕੈਨੇਡਾ ਅਮਰੀਕਾ ਤੇ ਮਲਾਇਆ ਵਰਗੇ ਦੇਸ਼ਾਂ ਨੂੰ ਵਹੀਰਾਂ ਘੱਤ ਰਹੀ ਸੀ। ਕੁਝ ਕਿਸਾਨੀ ਵਿਸ਼ਵ-ਯੁੱਧਾਂ ਦਾ ਖਾਜਾ ਬਣਨ ਲਈ ਅੰਗਰੇਜ਼ਾਂ ਦੀ ਫੌਜ ਵਿੱਚ ਭਰਤੀ ਹੋਣ ਲਈ ਮਜ਼ਬੂਰ ਸੀ।

ਇਹਨਾਂ ਹਾਲਤਾਂ ਵਿੱਚ ਇਸ ਪਿੰਡ 'ਚੋਂ ਦੋ ਜਣੇ ਈਸ਼ਰ ਸਿੰਘ ਕੈਨੇਡਾ ਨੂੰ ਤੇ ਪਾਖਰ ਸਿੰਘ ਅਮਰੀਕਾ ਨੂੰ ਗਏ। ਇਹ ਗੱਲ 1912 ਦੀ ਹੈ। ਉੱਥੇ ਪਹੁੰਚ ਕੇ ਉਨ੍ਹਾਂ ਨੂੰ ਗੁਲਾਮੀ ਤੇ ਆਜ਼ਾਦੀ ਦੇ ਫ਼ਰਕ ਦਾ ਤੀਬਰ ਅਹਿਸਾਸ ਹੋਇਆ। ਗੁਲਾਮ ਕੌਮਾਂ ਨੂੰ ਕਿਸ ਤਰ੍ਹਾਂ ਕੁੱਤਿਆਂ ਬਰਾਬਰ ਸਮਝਿਆ ਜਾਂਦਾ ਸੀ, ਕਿਸ ਤਰ੍ਹਾਂ ਉਹਨਾਂ ਦੇ ਸਵੈਮਾਨ ਨੂੰ ਸੱਟ ਮਾਰੀ ਜਾਂਦੀ ਸੀ। ਗੋਰੀ ਨਸਲ ਵੱਲੋਂ, ਕਿਵੇਂ ਭਾਰਤੀਆਂ ਨਾਲ ਨਫ਼ਰਤ ਕੀਤੀ ਜਾਂਦੀ ਸੀ, ਇਹਨਾਂ ਬਾਬਿਆਂ ਤੋਂ ਇਹ ਗੱਲ ਬਰਦਾਸ਼ਤ ਨਾ ਹੋਈ। ਬਾਬਾ ਈਸ਼ਰ ਸਿੰਘ ਕੈਨੇਡਾ ਵਿਚ ਤੇ ਬਾਬਾ ਪਾਖਰ ਸਿੰਘ ਅਮਰੀਕਾ ਵਿੱਚ ਗ਼ਦਰ ਪਾਰਟੀ ਦੇ ਸੰਪਰਕ ਵਿੱਚ ਆ ਗਏ ਤੇ ਪਾਰਟੀ ਦੇ ਪੱਕੇ ਮੈਂਬਰ ਬਣ ਗਏ। ਪਾਰਟੀ ਪ੍ਰੋਗਰਾਮ ਅਨੁਸਾਰ 1914 ਵਿੱਚ ਦੋਵੇਂ ਜਣੇ ਆਸਟਰੇਲੀਅਨ ਜਹਾਜ਼ ਰਾਹੀਂ, ਆਪਣੀ ਮਾਂ ਭੂਮੀ ਨੂੰ ਆਜ਼ਾਦ ਕਰਾਉਣ ਲਈ ਭਾਰਤ ਪਰਤ ਆਏ ਤੇ ਪਾਰਟੀ ਦੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਪਿੰਡ ਪਹੁੰਚ ਕੇ ਇਹਨਾਂ ਨੇ ਗ਼ਦਰੀ ਗਿਆਨ ਦੇ ਕੇ ਪਿੰਡ 'ਚੋਂ ਹੀ ਅੱਠ ਮੈਂਬਰ ਹੋਰ ਭਰਤੀ ਕਰ ਲਏ। ਇਸ ਲਹਿਰ 'ਚ ਇਕੱਲੇ ਢੁੱਡੀਕਿਆਂ ਦੇ ਹੀ 10 ਮੈਂਬਰ ਸ਼ਾਮਲ ਹੋ ਗਏ। ਢੁੱਡੀਕੇ ਵਾਲੇ ਐਨੇ ਸਰਗਰਮ ਹੋ ਗਏ ਕਿ ਹਕੂਮਤ ਨੂੰ ਪਿੰਡ ਵਿੱਚ ਤਾਜ਼ੀਰੀ-ਪੁਲਸ ਚੌਂਕੀ ਬਿਠਾਉਣੀ ਪਈ, ਜਿਸਦਾ ਸਾਰਾ ਖਰਚਾ ਛਿਮਾਹੀ ਮਾਮਲੇ ਦੇ ਨਾਲ ਹੀ ਪਿੰਡ ਵਾਲਿਆਂ

ਤੋਂ ਉਗਰਾਹਿਆ ਜਾਂਦਾ। ਢੁੱਡੀਕੇ, ਮਾਲਵੇ, 'ਚ ਗ਼ਦਰ-ਪਾਰਟੀ ਦੀ ਸਬ-ਸੈਂਟਰ ਬਣ ਗਿਆ।

ਢੁੱਡੀਕੇ ਬਾਰੇ ਜੱਜਾਂ ਦੀ ਖਾਸ ਟਿੱਪਣੀ:-

ਦੂਜੇ ਕੇਸ ਦੇ ਫੈਸਲੇ ਵਿੱਚ ਜੱਜਾਂ ਨੇ ਗ਼ਦਰ ਲਹਿਰ ਦੇ ਸਮੁੱਚੇ ਪੰਜਾਬ ਵਿੱਚ ਤਿੰਨ ਪਿੰਡਾਂ ਨੂੰ ਗ਼ਦਰ ਲਹਿਰ ਦੇ ਗੜ੍ਹ ਜਾਂ ਧੁਰੇ ਮਿੱਥਿਆ ਹੈ। ਪਹਿਲਾਂ ਮਾਲਵੇ ਵਿੱਚ ਢੁੱਡੀਕੇ, ਦੂਜਾ ਦੁਆਬੇ ਵਿੱਚ ਸੰਘਵਾਲ ਅਤੇ ਤੀਜਾ ਮਾਝੇ ਵਿੱਚ ਸੁਰ ਸਿੰਘ।

ਆਮ ਪ੍ਰਭਾਵ ਗ਼ਦਰ ਲਹਿਰ ਬਾਰੇ ਇਹ ਹੈ ਕਿ ਉਹ ਨਾਕਾਮ ਰਹੀ ਸੀ ਤੇ ਇਸਦੇ ਦੂਰ-ਰਸੀ ਸਿੱਟਿਆਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ। ਦਰਅਸਲ ਇਤਿਹਾਸ ਪ੍ਰਤੀ ਇਹ ਪਹੁੰਚ ਹੀ ਸਾਰਥਕ ਤੇ ਯਥਾਰਥਿਕ ਨਹੀਂ।

ਪਹਿਲੀ ਵੱਡੀ ਜੰਗ ਖਤਮ ਹੋਣ ਤੇ ਸਰਕਾਰ ਨੇ ਰੌਲਟ-ਐਕਟ (ਕਾਲਾ ਕਾਨੂੰਨ) ਪਾਸ ਕਰਨਾ ਚਾਹਿਆ, ਜਿਹੜਾ ਕਿ ਇਹਨਾਂ ਗ਼ਦਰ ਲਹਿਰ ਵਰਗੀਆਂ ਲਹਿਰਾਂ ਤੋਂ ਭੈਭੀਤ ਹੋ ਕੇ ਬਣਾਇਆ ਗਿਆ ਸੀ। ਇਸਦੇ ਵਿਰੁੱਧ ਜਲਸਿਆਂ-ਜਲੂਸਾਂ ਦਾ ਨਤੀਜਾ ਜਲ੍ਹਿਆ ਵਾਲੇ ਬਾਗ ਦਾ ਖ਼ੂਨੀ ਕਾਂਡ ਹੋ ਨਿਬੜਿਆ। ਇਸ ਪ੍ਰਕਾਰ ਇਸ ਸਿਆਸੀ ਨਜ਼ਾਕਤ ਮੌਕੇ ਮਹਾਤਮਾ ਗਾਂਧੀ ਹੋਰਾਂ ਵੀ ਨਾ ਮਿਲਵਰਤਣ ਲਹਿਰ ਚਲਾਈ। ਨਾ-ਮਿਲਵਰਤਣ ਲਹਿਰ ਤੇ ਇਸ ਤੋਂ ਅੱਗੇ ਇਸੇ ਕਾਂਗਰਸ ਨੇ ਦਸੰਬਰ 1929 ਦੇ ਲਾਹੌਰ ਸ਼ੈਸ਼ਨ ਵਿੱਚ ਪਹਿਲੀ ਵਾਰ ਪੂਰਨ ਸਵਰਾਜ ਦੀ ਮੰਗ ਕੀਤੀ, ਜਦੋਂ ਕਿ ਗ਼ਦਰ ਪਾਰਟੀ 1913 ਤੋਂ ਹੀ ਪੂਰਨ ਸਵਰਾਜ ਨੂੰ ਹਥਿਆਰਬੰਦ ਜਦੋ-ਜਹਿਦ ਨਾਲ ਹਾਸਲ ਕਰਨ ਲਈ ਜੂਝ ਰਹੀ ਸੀ।

ਸਮੁੱਚੀ ਗ਼ਦਰ ਲਹਿਰ ਅਤੇ ਇਸ ਪਿੰਡ ਦੇ ਗ਼ਦਰੀ ਜੁਝਾਰੂ ਤੇ ਲੋਕ ਇਤਿਹਾਸ ਨੂੰ ਖਾਸ ਮਨਸ਼ੇ ਤਹਿਤ ਜਾਣ-ਬੁਝ ਕੇ ਲੁਕੋਇਆ ਤੇ ਨੱਪਿਆ ਗਿਆ ਤਾਂ ਜੋ ਆਉਣ ਵਾਲੀ ਪੀੜ੍ਹੀ ਆਪਣੇ ਅਸਲੀ ਵਿਰਸੇ ਤੋਂ ਵਾਂਝੀ ਤੇ ਕੋਰੀ ਰਹੇ। ਉਹ ਆਪਣੇ ਪੁਰਖਿਆਂ ਦੀਆਂ ਕੁਰਬਾਨੀਆਂ ਤੇ ਕਾਰਨਾਮਿਆਂ ਤੋਂ ਬੇਖਬਰ ਰਹਿਣ ਤਾਂ ਜੋ ਗ਼ਦਰੀ ਬਾਬਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਾਲੀਆਂ ਅਜੋਕੀਆਂ ਲਹਿਰਾਂ ਲਈ ਇਹ ਇਨਕਲਾਬੀ ਬਾਬੇ ਪ੍ਰੇਰਨਾ ਸਰੋਤ ਨਾ ਹੋ ਸਕਣ।

ਪਿੰਡ ਢੁੱਡੀਕੇ ਗ਼ਦਰ ਪਾਰਟੀ ਦਾ ਮਾਲਵੇ ਦਾ ਸਬ-ਸੈਂਟਰ ਹੋਣ ਕਰਕੇ, ਗ਼ਦਰੀ ਬਾਬਿਆਂ ਦੀਆਂ ਅਕਸਰ ਇੱਥੇ ਮੀਟਿੰਗਾਂ ਹੁੰਦੀਆਂ ਰਹਿੰਦੀਆਂ, ਕਦੀ ਪਿੰਡ ਦੇ ਪ੍ਰਾਇਮਰੀ ਸਕੂਲ 'ਚ ਜਿੱਥੇ ਮਾਸਟਰ ਫੇਰਾ ਸਿੰਘ ਸਿਆਲਕੋਟੀ ਇਹਨਾਂ ਮੀਟਿੰਗਾਂ ਦਾ ਪ੍ਰਬੰਧ ਕਰਦੇ। ਕਦੀ ਬਾਬਾ ਪਾਖਰ ਸਿੰਘ ਦੇ ਖੂਹ ਤੇ ਜਾਂ ਕਿਸੇ ਹੋਰ ਬੀਆ-ਬਾਨ ਜਗ੍ਹਾ 'ਤੇ। ਕਰਤਾਰ ਸਿੰਘ ਸਰਾਭਾ ਅਕਸਰ ਇਨ੍ਹਾਂ ਮੀਟਿੰਗਾਂ ਵਿਚ ਸ਼ਿਰਕਤ ਕਰਦਾ।

ਇਸ ਪ੍ਰਕਾਰ ਇੱਕ ਵਿਸ਼ੇਸ਼ ਗੁਪਤ ਮੀਟਿੰਗ 2 ਜੂਨ 1915 ਨੂੰ ਦੌਧਰ ਦੇ ਰਜਵਾਹੇ (ਕੱਸੀ) 'ਤੇ ਹੋਈ ਸੀ, ਜਿਸ ਵਿਚ 5 ਜੂਨ 1915 ਨੂੰ ਕਪੂਰਥਲੇ ਫੌਜੀ ਅਸਲਾ ਲੁੱਟਣ ਲਈ ਸਕੀਮ ਬਣਾਈ ਗਈ ਸੀ। ਇਹ ਸਕੀਮ ਭਾਵੇਂ ਕਈ ਕਾਰਨਾਂ ਕਰਕੇ ਸਿਰੇ

ਨਾ ਚੜ੍ਹ ਸਕੀ ਪਰ ਇਸ ਆਧਾਰ ਤੇ 2 ਜੂਨ ਦੀ ਮੀਟਿੰਗ ਵਿਚ ਸ਼ਾਮਲ ਹੋਣ ਕਰਕੇ ਕਪੂਰਥਲੇ 5 ਜੂਨ 1915 ਨੂੰ ਇਕੱਠੇ ਹੋਣ ਕਰਕੇ ਕਈ ਗ਼ਦਰੀਆਂ ਨੂੰ ਉਮਰ ਕੈਦਾਂ ਵਗੈਰਾ ਸੁਣਾਈਆਂ ਗਈਆਂ ਸਨ। ਇਸ ਮੀਟਿੰਗ ਵਿੱਚ ਭਾਵੇਂ 40 ਕੁ ਗ਼ਦਰੀਆਂ ਬਾਰੇ ਸ਼ਾਮਲ ਹੋਣਾ ਦੱਸਿਆ ਜਾਂਦਾ ਹੈ, ਪਰ ਜੱਜਾਂ ਅਨੁਸਾਰ ਹੇਠ ਲਿਖੇ ਗ਼ਦਰੀਆਂ ਨੇ ਹਿੱਸਾ ਲਿਆ:-

ਸ਼ਹੀਦ ਬਾਬਾ ਈਸ਼ਰ ਸਿੰਘ ਢੁੱਡੀਕੇ, ਸ਼ਹੀਦ ਬੰਤਾ ਸਿੰਘ ਸੰਘਵਾਲ (ਜਲੰਧਰ), ਬਾਬਾ ਪਾਲਾ ਸਿੰਘ ਵੱਡਾ ਢੁੱਡੀਕੇ, ਸ਼ਹੀਦ ਰੂੜ ਸਿੰਘ, ਸ਼ਹੀਦ ਬੂਟਾ ਸਿੰਘ ਅਕਾਲਗੜ੍ਹ (ਲੁਧਿਆਣਾ), ਸ਼ਹੀਦ ਚੰਨਣ ਸਿੰਘ ਪਿੰਡ ਬੂੜ੍ਹ ਚੰਦ (ਅੰਮ੍ਰਿਤਸਰ), ਬਾਬਾ ਪਾਲਾ ਸਿੰਘ ਛੋਟਾ ਢੁੱਡੀਕੇ, ਬਾਬਾ ਸ਼ਾਮ ਸਿੰਘ ਢੁੱਡੀਕੇ, ਬਾਬਾ ਮਹਿੰਦਰ ਸਿੰਘ ਢੁੱਡੀਕੇ, ਬਾਬਾ ਪਾਖਰ ਸਿੰਘ ਢੁੱਡੀਕੇ, ਬਾਬਾ ਅਰਜਨ ਸਿੰਘ ਜਗਰਾਓਂ, ਸ੍ਰੀ ਕਪੂਰ ਸਿੰਘ ਕਾਉਂਕੇ, ਸ਼ਹੀਦ ਕਾਲਾ ਸਿੰਘ ਜਗਤਪੁਰ (ਅੰਮ੍ਰਿਤਸਰ), ਸ਼ਹੀਦ ਬੀਰ ਸਿੰਘ ਬਾਹੋਵਾਲ ਅਤੇ ਸ੍ਰੀ ਨੰਦ ਸਿੰਘ ਦੌਧਰ ਸ਼ਾਮਲ ਸਨ।

ਇਹ ਕਾਫੀ ਸਾਰੇ ਗ਼ਦਰੀਆਂ ਦਾ ਇਕੱਠ ਸੀ ਜਿਨ੍ਹਾਂ ਨੇ ਹੋਰਨਾਂ ਨੂੰ ਨਾਲ ਮਿਲਾ ਕੇ ਹਥਿਆਰਬੰਦ ਹੋ ਕੇ 5 ਜੂਨ 1915 ਨੂੰ ਕਪੂਰਥਲੇ ਛਾਉਣੀ ਨੇੜੇ ਬਾਹਰਵਾਰ ਇਕੱਠੇ ਹੋ ਕੇ, ਉਥੋਂ ਦੇ ਇੱਕ ਹਮਦਰਦ ਫੌਜੀ ਹਵਾਲਦਾਰ ਭਗਵਾਨ ਸਿੰਘ ਦੀ ਮਦਦ ਨਾਲ ਅਸਲਾਖਾਨਾ ਲੁੱਟਣਾ ਸੀ। ਹਥਿਆਰਾਂ ਤੇ ਨਫ਼ਰੀ ਦੀ ਘਾਟ ਕਰਕੇ ਇਸ ਹਮਲੇ ਦੀ ਸਕੀਮ ਅੱਗੇ ਪਾ ਦਿੱਤੀ ਗਈ ਤੇ ਪਹਿਲਾਂ ਕੁਝ ਹਥਿਆਰ ਹਾਸਲ ਕਰਨ ਖਾਤਰ ਵੱਲਾ ਰੇਲਵੇ ਪੁਲ (ਅੰਮ੍ਰਿਤਸਰ) ਦੀ ਪੁਲੀਸ ਚੌਂਕੀ ਤੇ ਹਮਲਾ ਕਰਕੇ ਕੁਝ ਰਾਈਫਲਾਂ ਲੁੱਟਣ ਦਾ ਫੈਸਲਾ ਲਿਆ ਗਿਆ। ਇਹ ਵਾਰਦਾਤ ਜਿਸਨੂੰ ਕਪੂਰਥਲਾ ਰੇਡ ਵੀ ਕਿਹਾ ਜਾਂਦਾ ਹੈ, ਜੂਨ 1915 ਵਿਚ ਵਾਪਰੀ। ਇਹ ਹਮਲਾ ਉਸ ਇਨਕਲਾਬੀ ਲਹਿਰ ਜਿਹੜੀ ਫਰਵਰੀ 1915 ਨੂੰ ਖਿੰਡਾ ਦਿੱਤੀ ਗਈ ਲਗਦੀ ਸੀ, ਨੂੰ ਮੁੜ ਸੁਰਜੀਤ ਕਰਨ ਦਾ ਗ਼ਦਰੀਆਂ ਦਾ ਇਕ ਵਿਸ਼ੇਸ਼ ਹੰਭਲਾ ਸੀ।

✲✲✲

# .ਗਦਰੀ ਸ਼ਹੀਦ ਬਾਬਾ ਈਸ਼ਰ ਸਿੰਘ

-ਅਮਰਜੀਤ ਸਿੰਘ
ਪੋਤਰਾ ਸ਼ਹੀਦ ਬਾਬਾ ਈਸ਼ਰ ਸਿੰਘ ਢੁੱਡੀਕੇ

ਆਪ ਜੀ ਦਾ ਜਨਮ 1888 ਨੂੰ ਪੱਤੀ ਕੌਲੂ ਕੀ ਪਿੰਡ ਢੁੱਡੀਕੇ ਜ਼ਿਲ੍ਹਾ ਫਿਰੋਜ਼ਪੁਰ ਹੁਣ ਜ਼ਿਲ੍ਹਾ ਮੋਗਾ ਵਿਖੇ ਹੋਇਆ। ਆਪ ਦੇ ਪਿਤਾ ਜੀ ਦਾ ਨਾਮ ਸ੍ਰ. ਸੱਜਣ ਸਿੰਘ ਅਤੇ ਮਾਤਾ ਦਾ ਨਾਮ ਧਰਮ ਕੌਰ ਸੀ। ਆਪ ਛੋਟੇ ਕਿਸਾਨੀ ਪਰਿਵਾਰ ਨਾਲ ਸੰਬੰਧ ਰੱਖਦੇ ਸਨ। ਆਪ ਦੇ 5 ਭਰਾ ਹੋਰ ਸਨ, ਜਿਨ੍ਹਾਂ ਵਿਚੋਂ 3 ਭਰਾਵਾਂ ਦੀ ਬੀਮਾਰੀ ਕਾਰਨ ਪਹਿਲਾਂ ਹੀ ਮੌਤ ਹੋ ਚੁੱਕੀ ਸੀ। ਬਾਕੀ 3 ਜੋ ਜਿਉਂਦੇ ਸਨ, ਉਨ੍ਹਾਂ ਵਿੱਚੋਂ ਇਕ ਸ: ਡੁੰਮਣ ਸਿੰਘ ਦੀ ਲੜਕੀ ਰਾਮ ਕੌਰ ਨਾਲ ਪਿੰਡ ਝੱਖੜ ਵਾਲਾ ਨੇੜੇ ਜੈਤੋ ਮੰਡੀ ਵਿਆਹਿਆ ਸੀ। ਇਨ੍ਹਾਂ ਤਿੰਨਾਂ ਭਰਾਵਾਂ ਦੇ ਨਾਮ ਹਜਾਰਾ ਸਿੰਘ, ਰੂੜ ਸਿੰਘ ਤੇ ਈਸ਼ਰ ਸਿੰਘ ਸਨ। ਆਪ ਤਕਰੀਬਨ ਵੀਹ ਸਾਲ ਦੀ ਉਮਰ ਤਕ ਖੇਤੀਬਾੜੀ ਕਰਨ ਤੋਂ ਬਾਅਦ 1907 ਵਿਚ ਰੋਜ਼ੀ ਰੋਟੀ ਕਮਾਉਣ ਲਈ ਕੈਨੇਡਾ ਨੂੰ ਚਲੇ ਗਏ। ਉਥੇ ਵੈਨਕੋਵਰ ਸ਼ਹਿਰ ਵਿੱਚ ਇੱਕ ਲੱਕੜ ਮਿੱਲ ਵਿੱਚ ਕੰਮ ਕੀਤਾ ਤੇ ਚਾਰ ਸਾਲ ਉਥੇ ਰਹੇ।

ਘਰੋਂ ਪਤਾ ਲਗਾ ਕਿ ਉਨ੍ਹਾਂ ਦੇ ਪਿੰਡ ਰਹਿੰਦੇ ਦੋਨਾਂ ਭਰਾਵਾਂ ਹਜ਼ਾਰਾ ਸਿੰਘ ਤੇ ਰੂੜ ਸਿੰਘ ਦੀ ਮੌਤ ਹੋ ਗਈ ਸੀ। ਇਸ ਤਰ੍ਹਾਂ ਆਪ 1911 ਵਿਚ ਵੈਨਕੋਵਰ ਛੱਡ ਕੇ ਢੁੱਡੀਕੇ ਆ ਗਏ। ਘਰ ਦੀ ਹਾਲਤ ਬਹੁਤ ਮਾੜੀ ਸੀ। ਪੁੱਤਰਾਂ ਦੇ ਵਿਯੋਗ ਵਿਚ ਮਾਤਾ ਪਿਤਾ ਅੱਖਾਂ ਦੀ ਜੋਤ ਗੁਆ ਚੁੱਕੇ ਸਨ। ਉਨ੍ਹਾਂ ਨੂੰ ਸਾਂਭਣ ਵਾਲਾ ਘਰ ਵਿਚ ਕੋਈ ਨਹੀਂ ਸੀ। ਇਸ ਹਾਲਤ ਨੂੰ ਮੁੱਖ ਰੱਖ ਕੇ ਘਰ ਵਿਚ ਵਿਚਾਰ ਕੀਤੀ ਗਈ ਤੇ ਸ: ਡੁੰਮਣ ਸਿੰਘ ਝੱਖੜਵਾਲਾ ਵਾਲੇ ਨਾਲ ਗੱਲ ਕੀਤੀ ਗਈ ਅਤੇ ਸਮਾਜਕ ਪ੍ਰੰਪਰਾ ਅਨੁਸਾਰ ਬਾਬਾ ਈਸ਼ਰ ਸਿੰਘ ਜੀ ਰਾਮ ਕੌਰ ਨੂੰ ਪਤਨੀ ਵਜੋਂ ਲੈ ਆਏ। ਉਸ ਵਕਤ ਰਾਮ ਕੌਰ ਦੀ ਉਮਰ 16-17 ਸਾਲ ਦੀ ਸੀ। ਆਪ ਆਪਣੀ ਪਤਨੀ ਨਾਲ ਤਕਰੀਬਨ 9 ਮਹੀਨੇ ਹੀ ਰਹੇ ਅਤੇ ਦਸੰਬਰ 1912 ਵਿਚ ਕੈਨੇਡਾ ਵਾਪਿਸ ਚਲੇ ਗਏ। ਕੈਨੇਡਾ ਰਹਿੰਦਿਆਂ ਆਪ ਨੇ ਗੋਰਿਆਂ ਦਾ ਹਿੰਦੀਆਂ ਪ੍ਰਤੀ ਨਫ਼ਰਤ ਭਰਿਆ ਵਿਵਹਾਰ ਦੇਖਿਆ। ਇਸ ਤਰ੍ਹਾਂ ਦੀਆਂ ਕਈ ਨਿਰਾਦਰ ਭਰੀਆਂ ਘਟਨਾਵਾਂ ਆਪ ਨਾਲ ਵੀ ਹੋਈਆਂ ਜਿਨ੍ਹਾਂ ਤੋਂ ਆਪ ਨੇ ਮਹਿਸੂਸ ਕੀਤਾ ਕਿ ਇਸ ਸਾਰੇ ਦੁਰਵਿਵਹਾਰ ਦਾ ਕਾਰਨ ਹਿੰਦੋਸਤਾਨ ਦੀ ਗੁਲਾਮੀ ਹੈ। ਅਪ੍ਰੈਲ 1913 ਵਿਚ ਜਦ .ਗਦਰ ਪਾਰਟੀ ਦਾ ਗਠਨ ਹੋਇਆ ਤਾਂ ਆਪ ਉਸਦੇ ਮੈਂਬਰ ਬਣ ਗਏ।

ਆਪ ਪਾਸ ਜੋ ਵੀ ਉਸ ਸਮੇਂ ਇਕੱਠਾ ਕੀਤਾ ਧਨ ਸੀ ਉਹ ਸਾਰਾ ਪਾਰਟੀ ਨੂੰ ਸਹਾਇਤਾ ਦੇ ਰੂਪ ਵਿਚ ਦੇ ਦਿੱਤਾ। ਕੈਨੇਡਾ ਵਿਚ ਹੀ .ਗਦਰ ਪਾਰਟੀ ਨੇ ਜੋ ਆਪ ਦੀ ਡਿਊਟੀ ਲਾਈ ਉਹ ਆਪ ਨੇ ਤਨ, ਮਨ ਤੇ ਧਨ ਨਾਲ ਨਿਭਾਈ। ਪਾਰਟੀ ਲਈ ਫੰਡ ਇਕੱਠਾ ਕਰਨ ਲਈ ਪੂਰਾ ਸਹਿਯੋਗ ਦਿੱਤਾ।

ਗ਼ਦਰ ਪਾਰਟੀ ਦੇ ਫ਼ੁਰਮਾਨ ਅਨੁਸਾਰ ਆਪ ਅਗਸਤ 1914 ਵਿਚ ਭਾਰਤ ਵਿਚ ਗ਼ਦਰ ਕਰਨ ਲਈ ਰਵਾਨਾ ਹੋਏ। ਢੁੱਡੀਕੇ ਦੇ ਬਾਬਾ ਪਾਖਰ ਸਿੰਘ, ਹਾਂਸ ਕਲਾਂ ਦੇ ਬਾਬਾ ਉੱਤਮ ਸਿੰਘ ਆਪ ਦੇ ਨਾਲ ਉਸੇ ਜਹਾਜ਼ ਐਸ.ਐਸ. ਮੰਗੋਲੀਆ ਰਾਹੀਂ ਹਾਂਗਕਾਂਗ ਪਹੁੰਚੇ। ਹਾਂਗਕਾਂਗ ਤੋਂ ਆਸਟਰੇਲੀਅਨ ਨਾਮ ਦਾ ਫਰਾਂਸੀਸੀ ਜਹਾਜ ਫੜਿਆ ਤੇ 12 ਦਸੰਬਰ 1914 ਨੂੰ ਸ੍ਰੀ ਲੰਕਾ ਦੀ ਰਾਜਧਾਨੀ ਕੋਲੰਬੋ ਪਹੁੰਚੇ। ਉਥੇ ਉਨ੍ਹਾਂ ਦੀ ਪੁਲਿਸ ਵੱਲੋਂ ਤਲਾਸ਼ੀ ਲਈ ਗਈ ਪਰ ਕੋਈ ਇਤਰਾਜ਼ਯੋਗ ਵਸਤੂ ਨਾ ਲੱਭੀ। ਫਿਰ ਲੰਕਾ ਤੋਂ ਹਿੰਦੁਸਤਾਨ ਜਾ ਕੇ ਧਨੁਸ਼ਕੋਡੀ ਜਗ੍ਹਾ ਤੇ 14 ਦਸੰਬਰ 1914 ਨੂੰ ਭਾਰਤ ਦੀ ਪੋਲੀਸ ਦੇ ਹਵਾਲੇ ਕਰ ਦਿੱਤਾ ਗਿਆ। ਉਸ ਤੋਂ ਅੱਗੇ ਆਪ ਨੂੰ ਗੱਡੀ ਰਾਹੀਂ ਪੰਜਾਬ ਵਿਚ ਭੇਜਿਆ ਗਿਆ। ਆਪ 19-20 ਦਸੰਬਰ ਦੇ ਨੇੜ-ਤੇੜ ਲੁਧਿਆਣੇ ਪੁੱਜੇ। ਇਥੇ ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕੁਝ ਦਿਨ ਆਪ ਪੁਲਿਸ ਹਿਰਾਸਤ ਵਿਚ ਰਹੇ। ਹਿਰਾਸਤ ਵਿਚ ਹੀ ਆਪ ਤੇ ਇੰਤਹਾ ਤਸ਼ੱਦਦ ਕੀਤਾ ਗਿਆ ਤਾਂ ਜੋ ਪਾਰਟੀ ਦੇ ਦੂਸਰੇ ਮੈਂਬਰਾਂ ਬਾਰੇ ਕੋਈ ਜਾਣਕਾਰੀ ਮਿਲ ਸਕੇ। ਪਰ ਆਪ ਨੇ ਪੁਲਿਸ ਦੇ ਪੱਲੇ ਕੁਝ ਨਾ ਪਾਇਆ ਅਖ਼ੀਰ ਫਿਰ ਆਪ ਨੂੰ ਢੁੱਡੀਕੇ ਲਿਜਾ ਕੇ ਜੂਹ ਬੰਦ ਕਰ ਦਿੱਤਾ ਗਿਆ। ਕੁਝ ਸਮੇਂ ਬਾਅਦ ਆਪ ਤੋਂ ਜ਼ਮਾਨਤ ਦੀ ਮੰਗ ਕੀਤੀ ਗਈ। ਪਰ ਆਪ ਜ਼ਮਾਨਤ ਲਈ ਰਜ਼ਾਮੰਦ ਨਾ ਹੋਏ। ਜਨਵਰੀ ਦੇ ਅਖੀਰ ਤੇ ਆਪ ਇਲਾਕੇ ਦੇ ਜ਼ੈਲਦਾਰ ਨੂੰ ਇਹ ਕਹਿ ਕੇ ਕਿ ਮੈਂ ਸਹੁਰਿਆਂ ਨੂੰ ਚਲਿਆ ਹਾਂ ਖਿਸਕ ਗਏ। ਸਹੁਰੇ ਘਰ ਤਾਂ ਕੀ ਜਾਣਾ ਸੀ ਆਪ ਰੂਪੋਸ਼ ਹੋ ਗਏ ਤੇ ਗ਼ਦਰ ਪਾਰਟੀ ਵਾਸਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਗ਼ਦਰ ਪਾਰਟੀ ਵਿਚ ਆਪ ਨੇ ਤਿੰਨ ਨਾਵਾਂ ਈਸ਼ਰ ਸਿੰਘ, ਤਾਰਾ ਸਿੰਘ ਤੇ ਪੂਰਨ ਸਿੰਘ ਦੇ ਨਾਵਾਂ ਥੱਲੇ ਕੰਮ ਕੀਤਾ।

ਭਾਵੇਂ ਭਾਰਤ ਪਹੁੰਚਦਿਆਂ ਹੀ ਬਹੁਤ ਸਾਰੇ ਗ਼ਦਰੀ ਲੀਡਰ ਗ੍ਰਿਫ਼ਤਾਰ ਕਰ ਲਏ ਗਏ। ਬਾਕੀ ਬਚਿਆਂ ਹੋਇਆਂ ਗ਼ਦਰੀ ਕਾਰਕੁੰਨਾਂ ਨੇ ਆਪਸ ਵਿਚ ਤਾਲਮੇਲ ਕਰਕੇ ਜਥੇਬੰਦੀ ਦਾ ਇਕ ਨਵਾਂ ਢਾਂਚਾ ਖੜ੍ਹਾ ਕੀਤਾ। ਪੰਜਾਬ ਨੂੰ ਗ਼ਦਰ ਪਾਰਟੀ ਦੇ ਕਰਮ ਖੇਤਰ ਲਈ ਕਈ ਹਿੱਸਿਆਂ ਵਿਚ ਵੰਡਿਆ ਗਿਆ ਅਤੇ ਅੱਡੋ ਅੱਡ ਹਿੱਸਿਆਂ ਦੀ ਜ਼ਿੰਮੇਂਵਾਰੀ ਅੱਡੋ ਅੱਡ ਲੀਡਰਾਂ ਨੂੰ ਸੌਂਪੀ ਗਈ। ਅੰਮ੍ਰਿਤਸਰ ਜ਼ਿਲ੍ਹੇ ਵਿਚ ਗੁੱਜਰ ਸਿੰਘ ਭਕਨਾ, ਲਾਹੌਰ ਵਿਚ ਪ੍ਰੇਮ ਸਿੰਘ ਸੁਰ ਸਿੰਘ ਜਲੰਧਰ ਵਿਚ ਰੰਗਾ ਸਿੰਘ ਖੁਰਦਪੁਰ, ਹੁਸ਼ਿਆਰਪੁਰ ਵਿਚ ਜਵੰਦ ਸਿੰਘ ਨੰਗਲ ਕਲਾਂ ਤੇ ਲੁਧਿਆਣੇ ਵਿਚ ਉੱਤਮ ਸਿੰਘ ਹਾਂਸ ਨੂੰ ਤਾਇਨਾਤ ਕੀਤਾ ਗਿਆ। ਜ਼ਿਲ੍ਹਾ ਫਿਰੋਜ਼ਪੁਰ ਵਿਚ ਡਿਊਟੀ ਈਸ਼ਰ ਸਿੰਘ ਢੁੱਡੀਕੇ ਨੂੰ ਸੌਂਪੀ ਗਈ। ਢੁੱਡੀਕੇ ਵਿਖੇ ਉਨ੍ਹਾਂ ਨੇ ਗ਼ਦਰ ਪਾਰਟੀ ਦਾ ਮਾਲਵੇ ਦਾ ਸਬ ਸੈਂਟਰ ਬਣਾ ਕੇ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ। ਭਾਈ ਈਸ਼ਰ ਸਿੰਘ ਰੂਪੋਸ਼ ਰਹਿੰਦਿਆਂ ਹੀ ਗ਼ਦਰ ਪਾਰਟੀ ਦਾ ਪ੍ਰਚਾਰ ਕਰਦੇ ਤੇ ਲੋਕਾਂ ਨੂੰ ਪਾਰਟੀ ਨਾਲ ਜੋੜਨ ਦੇ ਉਪਰਾਲੇ ਕਰਦੇ ਰਹੇ। ਪੁਲਿਸ ਨੂੰ ਇਸ ਗੱਲ ਦੀ ਭਿਣਕ ਸੀ ਕਿ ਆਪ ਗਾਹੇ ਬਗਾਹੇ ਪਿੰਡ ਢੁੱਡੀਕੇ ਗੇੜਾ ਮਾਰਦੇ ਹਨ।

ਕਈ ਵੇਰ ਪੁਲਿਸ ਵੱਲੋਂ ਘਰ ਛਾਪੇ ਵੀ ਮਾਰੇ ਗਏ। ਪਰ ਆਪ ਪੁਲਿਸ ਦੇ ਹੱਥ ਨਾ ਆਏ। ਪਿੰਡ ਦੇ ਨੰਬਰਦਾਰਾਂ ਨੂੰ ਵੀ ਪੁਲਿਸ ਵੱਲੋਂ ਤੰਗ ਕੀਤਾ ਜਾਂਦਾ ਸੀ ਤੇ ਉਹ ਭਾਈ ਈਸ਼ਰ ਸਿੰਘ ਬਾਰੇ ਕੋਈ ਸੂਹ ਦੇਣ ਪਰ ਚਾਰ ਨੰਬਰਦਾਰਾਂ ਨੇ ਜਿਨ੍ਹਾਂ ਦੇ ਨਾਮ (1) ਜੀਵਨ ਸਿੰਘ ਪਤੀ ਕੌਲੂ (2) ਕਾਹਲਾ ਸਿੰਘ ਪਤੀ ਬਾਜਾ (3) ਬੂੜ ਸਿੰਘ ਪਤੀ ਕਪੂਰਾ (4) ਬਿਸ਼ਨ ਸਿੰਘ ਪਤੀ ਝੰਡਾ ਨੇ

ਆਪਣੀਆਂ ਨੰਬਰਦਾਰੀਆਂ ਤਾਂ ਤੁੜਵਾ ਲਈਆਂ ਪਰ ਪੁਲਿਸ ਦੇ ਕੁਝ ਹੱਥ ਪੱਲੇ ਨਾ ਪਾਇਆ। ਇਕ ਵੇਰ ਪੁਲਿਸ ਨੇ ਛਾਪਾ ਮਾਰਿਆ। ਥਾਣੇਦਾਰ ਘਰ ਤੋਂ ਬਾਹਰ ਹੀ ਖੜ੍ਹਾ ਰਿਹਾ ਤੇ ਸਿਪਾਹੀ ਨੂੰ ਅੰਦਰ ਭੇਜ ਦਿੱਤਾ ਕਿ ਉਹ ਈਸ਼ਰ ਸਿੰਘ ਬਾਰੇ ਪਤਾ ਕਰੇ। ਸਿਪਾਹੀ ਨੇ ਪੁੱਛਿਆ ਈਸ਼ਰ ਸਿੰਘ ਕਿੱਥੇ ਹੈ? ਈਸ਼ਰ ਸਿੰਘ ਦੀ ਪਤਨੀ ਰਾਮ ਕੌਰ ਨੇ ਬਿਨਾਂ ਕਿਸੇ ਡਰ ਭੈਅ ਤੋਂ ਜਵਾਬ ਦਿੱਤਾ ਕਿ "ਅਗਲੇ ਅੰਦਰ।" ਸਿਪਾਹੀ ਨੇ ਇਹੋਂ ਗੱਲ ਥਾਣੇਦਾਰ ਨੂੰ ਜਾ ਦੱਸੀ ਤੇ ਉਹ ਆਪਣੀ ਪੁਲਿਸ ਦੀ ਟੀਮ ਨਾਲ ਘਰ ਅੰਦਰ ਜਾਣ ਦੀ ਥਾਂ ਬਾਹਰੋਂ ਹੀ ਵਾਪਿਸ ਚਲਿਆ ਗਿਆ। ਅਸਲ ਵਿਚ ਪੁਲਿਸ ਨੂੰ ਆਪ ਦੇ ਹਥਿਆਰ ਬੰਦ ਹੋਣ ਦਾ ਪਤਾ ਸੀ ਤੇ ਇਸੇ ਗੱਲੋਂ ਉਹ ਆਪ ਨੂੰ ਹੱਥ ਪਾਉਣ ਤੋਂ ਝਿਜਕਦੀ ਸੀ।

ਗ਼ਦਰ ਪਾਰਟੀ ਲਈ ਆਪ ਨੇ ਆਲੇ-ਦੁਆਲੇ ਇਲਾਕੇ ਵਿਚ ਅਣਥੱਕ ਕੰਮ ਕੀਤਾ ਜਿਸ ਦੇ ਫ਼ਲਸਰੂਪ ਢੁੱਡੀਕੇ ਪਿੰਡ ਗ਼ਦਰੀਆਂ ਦਾ ਗੜ੍ਹ ਬਣ ਗਿਆ। ਇਸ ਪ੍ਰਕਾਰ ਪਿੰਡ 'ਚੋਂ ਵੀ ਕਈ ਮੈਂਬਰ ਗ਼ਦਰ ਪਾਰਟੀ ਦੇ ਕਾਰਕੁੰਨ ਬਣ ਗਏ। ਜਿਸ ਤਰ੍ਹਾਂ ਪਾਖਰ ਸਿੰਘ, ਮਹਿੰਦਰ ਸਿੰਘ, ਸ਼ਾਮ ਸਿੰਘ, ਪਾਲਾ ਸਿੰਘ ਵੱਡਾ, ਪਾਲਾ ਸਿੰਘ ਛੋਟਾ ਅਤੇ ਮਾਸਟਰ ਫੇਰਾ ਸਿੰਘ ਦੇ ਨਾਂ ਵਰਣਨਯੋਗ ਹਨ। ਢੁੱਡੀਕਿਆਂ ਦੇ ਸਬ ਸੈਂਟਰ ਵਿਚ ਅਕਸਰ ਉੱਤਮ ਸਿੰਘ ਹਾਂਸ, ਜਵੰਦ ਸਿੰਘ ਨੰਗਲ ਕਲਾਂ, ਗਾਂਧਾ ਸਿੰਘ ਕੱਚਰ ਭੰਨ, ਨਿਧਾਨ ਸਿੰਘ ਚੁੱਘਾ, ਬੀਰ ਸਿੰਘ ਬਾਹੋਵਾਲ ਤੇ ਪ੍ਰੇਮ ਸਿੰਘ ਸੁਰ ਸਿੰਘ ਇਥੇ ਗੇੜਾ ਰੱਖਦੇ, ਅਰਾਮ ਕਰਦੇ ਤੇ ਵਿਚਾਰਾਂ ਕਰਦੇ।

ਮਾਲਵੇ ਦੇ ਗ਼ਦਰੀ ਆਗੂ 14 ਫਰਵਰੀ ਨੂੰ ਪਿੰਡ ਗੁੱਜਰਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਇਕ ਅਖੰਡਪਾਠ ਤੇ ਇਕੱਠੇ ਹੋਏ। ਅਖੰਡ ਪਾਠ ਦੇ ਭੋਗ ਤੋਂ ਬਾਅਦ ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਗਾਂਧਾ ਸਿੰਘ ਕਚਰਭੰਨ, ਭਾਈ ਉੱਤਮ ਸਿੰਘ ਹਾਂਸ, ਭਾਈ ਇੰਦਰ ਸਿੰਘ ਪੱਧਰੀ, ਸੰਤ ਰਣਧੀਰ ਸਿੰਘ, ਮਸਤਾਨ ਸਿੰਘ, ਲਾਭ ਸਿੰਘ ਨਾਰੰਗਵਾਲ, ਸੰਤਾ ਸਿੰਘ ਨੰਦਪੁਰ ਕਲੌਰ, ਅਤਰ ਸਿੰਘ ਸਕੀਮਪੁਰ (ਚੱਕ ਵਾਲ) ਹਰਨਾਮ ਸਿੰਘ ਕੌਮਾਗਾਟਾ ਮਾਰੂ, ਜਗਤ ਸਿੰਘ ਗੁੱਜਰਵਾਲ ਤੇ ਕਰਮ ਸਿੰਘ ਕੋਟਲਾ ਅਜਨੇਰ ਆਦਿ ਆਗੂ ਵਰਕਰਾਂ ਤੋਂ ਵੱਖਰੇ ਇਕੱਠੇ ਹੋਏ। ਸਮੁੱਚੀ ਵਿਚਾਰ ਤੋਂ ਬਾਅਦ ਭਾਰਤ ਵਿਚ ਗ਼ਦਰ ਕਰਨ ਲਈ 21 ਫਰਵਰੀ 1915 ਦਾ ਦਿਨ ਤੈਅ ਕੀਤਾ। ਪਰ ਇਸ ਤਾਰੀਖ ਬਾਰੇ ਕ੍ਰਿਪਾਲ ਸਿੰਘ ਨੇ ਪੁਲਿਸ ਨੂੰ ਜਾਣਕਾਰੀ ਦੇ ਦਿੱਤੀ। ਕ੍ਰਿਪਾਲ ਸਿੰਘ ਦੀ ਇਸ ਕਰਤੂਤ ਦਾ ਗ਼ਦਰੀ ਲੀਡਰਾਂ ਨੂੰ ਵੀ ਪਤਾ ਲੱਗ ਗਿਆ। ਜਿਸ ਕਰਕੇ ਗ਼ਦਰ ਦੀ ਤਾਰੀਖ 21 ਫਰਵਰੀ ਤੋਂ 19 ਫਰਵਰੀ 1915 ਦੋ ਦਿਨ ਪਹਿਲਾਂ ਕਰ ਦਿੱਤੀ। ਪਰ ਇਸ ਤਾਰੀਖ ਦਾ ਵੀ ਕ੍ਰਿਪਾਲ ਸਿੰਘ ਨੂੰ ਪਤਾ ਲੱਗ ਗਿਆ ਤੇ ਉਸਨੇ ਅੱਗੇ ਪੁਲਿਸ ਨੂੰ ਸੂਚਿਤ ਕਰ ਦਿੱਤਾ।

ਮਿਥੇ ਪ੍ਰੋਗਰਾਮ ਅਨੁਸਾਰ ਭਾਈ ਰਣਧੀਰ ਸਿੰਘ ਜਥੇਦਾਰ ਤੇ ਗ਼ਦਰੀ ਵਰਕਰ 19-02-1915 ਨੂੰ ਵੀ ਫਿਰੋਜ਼ਪੁਰ ਵੱਲ ਚੱਲ ਪਏ। ਫੌਜ ਦੀ ਛਾਉਣੀ ਦੇ ਨਜ਼ਦੀਕ ਪਹੁੰਚਣ ਲਈ ਇਨ੍ਹਾਂ ਨੇ ਰਸਤੇ ਵਿਚ ਹੀ ਢੋਲਕੀ ਤੇ ਛੈਣਿਆਂ ਨਾਲ ਕੀਰਤਨ ਕਰਨ ਦਾ ਢੰਗ ਵਰਤਿਆ। ਪੁਲਿਸ ਨੇ ਰਸਤੇ ਵਿਚ ਜੱਥੇ ਨੂੰ ਰੋਕਿਆ ਪਰ ਇਸ ਗੱਲ ਦੀ ਤਸੱਲੀ ਹੋਣ ਤੇ ਕਿ ਇਹ ਕੋਈ ਕੀਰਤਨੀ ਜੱਥਾ ਹੈ, ਇਨ੍ਹਾਂ ਨੂੰ ਅੱਗੇ ਜਾਣ ਦੀ ਆਗਿਆ ਦੇ ਦਿੱਤੀ।

ਉਥੇ ਪਹੁੰਚ ਕੇ ਕਰਤਾਰ ਸਿੰਘ ਸਰਾਭੇ ਨੇ ਛਾਉਣੀ ਅੰਦਰ ਜਾ ਕੇ ਪਤਾ ਕੀਤਾ ਤਾਂ ਉਥੋਂ ਪਹਿਲੇ ਸਾਰੇ ਫੌਜੀਆਂ ਦੀ ਬਦਲੀ ਹੋ ਚੁੱਕੀ ਸੀ। ਕਰਤਾਰ ਸਿੰਘ ਸਰਾਭੇ ਨੂੰ ਇਹ ਗੱਲ ਭਲੀਭਾਂਤ

ਖੁੜਕ ਗਈ ਕਿ ਉਨ੍ਹਾਂ ਦੇ ਗ਼ਦਰ ਦੀ ਸਕੀਮ ਫੇਲ੍ਹ ਹੋ ਗਈ ਹੈ।

ਜਦ ਇਸ ਤਰ੍ਹਾਂ ਗ਼ਦਰ ਫੇਲ ਹੋ ਗਿਆ ਤਾਂ ਫੜੋ ਫੜੀ ਤੋਂ ਬਾਅਦ ਬਚੇ ਗ਼ਦਰੀ ਲੀਡਰਾਂ ਨੇ ਨਾ ਦਿਲ ਛੱਡਿਆ ਤੇ ਨਾ ਹੀ ਹਿੰਮਤ ਹਾਰੀ। ਇਨ੍ਹਾਂ ਨੇ ਤਾਲਮੇਲ ਕਰਕੇ ਇਹ ਫੈਸਲਾ ਲਿਆ ਕਿ ਗੱਲ ਅਗਾਂਹ ਤੋਰਨ ਲਈ ਹਥਿਆਰ ਇਕੱਠੇ ਕੀਤੇ ਜਾਣ ਅਤੇ ਅੰਗਰੇਜ਼ਾਂ ਦੇ ਝੋਲੀ ਚੁੱਕਾਂ ਤੇ ਗਦਾਰਾਂ ਨੂੰ ਪੰਜਾਬ ਦੀ ਪਵਿੱਤਰ ਧਰਤੀ ਤੋਂ ਹੂੰਝ ਦਿੱਤਾ ਜਾਵੇ। ਇਸ ਫੈਸਲੇ ਵਿਚ ਭਾਈ ਈਸ਼ਰ ਸਿੰਘ ਢੁੱਡੀਕੇ, ਪ੍ਰੇਮ ਸਿੰਘ ਸੁਰ ਸਿੰਘ ਸਨ, ਭਾਈ ਬੰਤਾ ਸਿੰਘ ਸੰਘਵਾਲ, ਭਾਈ ਜਵੰਦ ਸਿੰਘ ਨੰਗਲ ਕਲਾਂ, ਭਾਈ ਬੀਰ ਸਿੰਘ ਬਾਹੋਵਾਲ, ਭਾਈ ਗਾਂਧਾ ਸਿੰਘ ਜਾਂ ਭਗਤ ਸਿੰਘ ਕੱਚਰਭੰਨ, ਭਾਈ ਉੱਤਮ ਸਿੰਘ ਹਾਂਸ, ਭਾਈ ਬੂਟਾ ਸਿੰਘ ਅਕਾਲਗੜ੍ਹ ਸੂਰਮਿਆਂ ਦੇ ਨਾਮ ਵਰਣਨਯੋਗ ਹਨ।

ਦੂਸਰੇ ਪਾਸੇ ਭਾਈ ਪਿਆਰਾ ਸਿੰਘ ਲੰਗੇਰੀ ਜੋ ਭਾਈ ਜਵੰਦ ਸਿੰਘ ਨੰਗਲ ਕਲਾਂ ਨਾਲ ਰਲ ਕੇ ਪਿੰਡਾਂ ਵਿਚ ਗ਼ਦਰ ਦਾ ਪ੍ਰਚਾਰ ਕਰਦਾ ਹੁੰਦਾ ਸੀ, ਉਸ ਦਾ ਪਿੰਡ ਬਿੰਜੋਂ ਦੇ ਸਾਧ ਦਾ ਡੇਰਾ ਉਸਦਾ ਟਿਕਾਣਾ ਸੀ। ਇਸ ਗੱਲ ਦਾ ਨੰਗਲ ਕਲਾਂ ਦੇ ਜ਼ੈਲਦਾਰ ਚੰਦਾ ਸਿੰਘ ਨੂੰ ਪਤਾ ਲੱਗ ਗਿਆ ਅਤੇ ਪਿਆਰਾ ਸਿੰਘ ਲੰਗੇਰੀ ਨੂੰ ਪੁਲਿਸ ਨੂੰ 12 ਅਪ੍ਰੈਲ 1915 ਨੂੰ ਫੜਾ ਦਿੱਤਾ। ਗ਼ਦਰੀਆਂ ਨੂੰ ਇਸ ਗੱਲ ਦਾ ਬੜਾ ਦੁੱਖ ਹੋਇਆ। ਇਸ ਦਾ ਬਦਲਾ ਲੈਣ ਲਈ ਭਾਈ ਈਸ਼ਰ ਸਿੰਘ ਆਪਣੇ ਸਾਥੀਆਂ ਨਾਲ ਕੁਝ ਦਿਨਾਂ ਬਾਅਦ ਹੀ ਨੰਗਲ ਕਲਾਂ ਪਿੰਡ ਪਹੁੰਚਿਆ ਤੇ ਜ਼ੈਲਦਾਰ ਨੂੰ ਅਵਾਜ਼ ਮਾਰੀ ਕਿ ਅਸੀਂ ਬੋਤਿਆਂ ਵਾਲੇ ਹਾਂ ਸਾਨੂੰ ਨੀਰੇ ਪੱਠੇ ਦੀ ਲੋੜ ਹੈ। ਜ਼ੈਲਦਾਰ ਚੰਦਾ ਸਿੰਘ ਨੇ ਜਦ ਦਰਵਾਜ਼ੇ ਵਿਚ ਬਾਹਰ ਆਇਆ ਤਾਂ ਉਸਨੂੰ ਗ਼ਦਰੀ ਸੂਰਮਿਆਂ ਨੇ ਗੋਲੀ ਮਾਰ ਦਿੱਤੀ। 25 ਅਪ੍ਰੈਲ 1915 ਦਾ ਦਿਨ ਸੀ, ਕੋਲ ਹੀ ਪਏ ਇਕ ਕੁੰਨੂ (ਕੁੱਪ) ਨੂੰ ਉਨ੍ਹਾਂ ਨੇ ਅੱਗ ਲਾ ਦਿੱਤੀ। ਰੌਲਾ ਪੈਣ ਤੇ ਪਿੰਡ ਦੇ ਲੋਕ ਦੌੜ ਕੇ ਆਏ ਤੇ ਅੱਗ ਬੁਝਾਉਣੀ ਸ਼ੁਰੂ ਕਰ ਦਿੱਤੀ। ਪਰਿਵਾਰ ਚੀਕ ਚਿਹਾੜਾ ਪਾ ਰਿਹਾ ਸੀ ਕਿ ਜ਼ੈਲਦਾਰ ਮਾਰਿਆ ਗਿਆ ਹੈ। ਪਰ ਪਰਿਵਾਰ ਦੀ ਕਿਸੇ ਨੇ ਸੁਣੀ ਨਾ ਸੁਣੀ ਤੇ ਲੋਕ ਅੱਗ ਬੁਝਾਉਣ ਹੀ ਲੱਗੇ ਰਹੇ।

ਇਸ ਸਮੇਂ ਵਿਚ ਗ਼ਦਰੀ ਸੂਰਮੇ ਬਚ ਕੇ ਨਿਕਲ ਗਏ। ਇਥੇ ਗ਼ਦਰੀ ਬਾਬਿਆਂ ਦੀ ਇਸ ਕਾਰਵਾਈ ਕਰਨ ਲਈ ਯੁੱਧਨੀਤਕ ਪੈਂਤੜੇ ਦੀ ਦਾਦ ਦੇਣੀ ਬਣਦੀ ਹੈ। ਪ੍ਰੰਤੂ ਇਸ ਕੇਸ ਵਿਚ ਭਾਈ ਜਵੰਦ ਸਿੰਘ ਮਫ਼ਰੂਰ ਕਰਾਰ ਦਿੱਤਾ ਗਿਆ। ਭਾਈ ਈਸ਼ਰ ਸਿੰਘ ਢੁੱਡੀਕੇ ਪੁਲਿਸ ਨਿਗ੍ਹਾ ਵਿਚ ਹੀ ਨਹੀਂ ਆਇਆ। ਇਸ ਤਰ੍ਹਾਂ ਕੇਸ ਬੰਤਾ ਸਿੰਘ ਸੰਘਵਾਲ ਤੇ ਬੂਟਾ ਸਿੰਘ ਅਕਾਲਗੜ੍ਹ ਜ਼ਿਲ੍ਹਾ ਲੁਧਿਆਣਾ ਤੇ ਚੱਲਿਆ ਜਿੰਨ੍ਹਾਂ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਭਾਵੇਂ ਇਸ ਮੁਕੱਦਮੇ ਵਿਚ ਕਾਫੀ ਤਕਨੀਕੀ ਕਚਿਆਈ ਸੀ। ਜ਼ੈਲਦਾਰ ਦਾ ਕਤਲ 25/04/1915 ਨੂੰ ਹੁੰਦਾ ਹੈ। ਇਸ ਅਨੁਸਾਰ ਹੀ ਪੁਲਿਸ ਇਨਵੈਸਟੀਗੇਸ਼ਨ ਕਰਦੀ ਹੈ। ਪਰ ਪੁਲਿਸ ਮੁਕੱਦਮਾ ਅਦਾਲਤ ਵਿਚ ਪੇਸ਼ ਕਰਨ ਦੀ ਤਾਰੀਖ 20/04/1915 ਪਾਉਂਦੀ ਹੈ ਜੋ ਕਿ ਕਤਲ ਹੋਣ ਤੋਂ 5 ਦਿਨ (ਪੰਜ ਦਿਨ) ਪਹਿਲਾਂ ਹੀ ਬਣਦਾ ਹੈ। ਇਸ ਗੱਲ ਤੋਂ ਪੁਲਿਸ ਦੀ ਕਾਹਲ ਨਜ਼ਰ ਆਉਂਦੀ ਹੈ ਤੇ ਅੰਗਰੇਜ਼ੀ ਸਰਕਾਰ ਦਾ ਮਾੜਾ ਇਰਾਦਾ ਵੀ ਕਿ ਗ਼ਦਰੀਆਂ ਨੂੰ ਫਾਂਸੀ ਲਾਉਣਾ ਹੀ ਲਾਉਣਾ ਹੈ, ਨਜ਼ਰ ਆਉਂਦਾ ਹੈ। ਜਦ ਕਿ ਇਸ ਮੁਕੱਦਮੇ ਵਿਚ ਇਸ ਵੱਡੀ ਖਾਮੀ ਦੇ ਆਧਾਰ ਤੇ ਗ਼ਦਰੀਆਂ ਨੂੰ ਬਰੀ ਕੀਤਾ ਜਾ ਸਕਦਾ ਸੀ।

ਜੱਜਾਂ ਅਨੁਸਾਰ 02/06/1915 ਨੂੰ ਗ਼ਦਰੀਆਂ ਦੀ ਇਕ ਗੁਪਤ ਮੀਟਿੰਗ ਢੁੱਡੀਕੇ ਵਿਖੇ ਦੌਧਰ ਵਾਲੀ ਕੱਸੀ ਤੇ ਹੋਈ। ਇਸ ਮੀਟਿੰਗ ਵਿਚ 05/06/1915 ਨੂੰ ਕਪੂਰਥੱਲੇ ਅਸਲਾ ਲੁੱਟਣ ਦਾ ਇਹ ਫੈਸਲਾ ਕੀਤਾ ਗਿਆ ਕਿ ਇਸ ਮੀਟਿੰਗ ਵਿਚ ਭਾਈ ਈਸ਼ਰ ਸਿੰਘ ਢੁੱਡੀਕੇ, ਬੰਤਾ ਸਿੰਘ ਸੰਘਵਾਲ (ਜਲੰਧਰ), ਬਾਬਾ ਪਾਲਾ ਸਿੰਘ ਵੱਡਾ ਢੁੱਡੀਕੇ, ਬਾਬਾ ਪਾਲਾ ਸਿੰਘ ਛੋਟਾ ਢੁੱਡੀਕੇ, ਸ਼ਾਮ ਸਿੰਘ ਢੁੱਡੀਕੇ; ਪਾਖਰ ਸਿੰਘ ਢੁੱਡੀਕੇ, ਅਰਜਨ ਸਿੰਘ ਜਗਰਾਉਂ, ਕਪੂਰ ਸਿੰਘ ਕਾਉਂਕੇ ਕਲਾਂ ਤੇ ਨੰਦ ਸਿੰਘ ਦੌਧਰ ਹਾਜ਼ਰ ਸਨ। ਜਦ ਮੁਕੱਦਮਾ ਚਲਿਆ ਕਪੂਰ ਸਿੰਘ ਬਰੀ ਕਰ ਦਿੱਤਾ ਗਿਆ ਤੇ ਨੰਦ ਸਿੰਘ ਦੌਧਰ ਵਾਅਦਾ ਮੁਆਫ ਗਵਾਹ ਬਣ ਗਿਆ। 05/06/1915 ਨੂੰ ਕਪੂਰਥਲੇ ਹਮਲੇ ਲਈ ਇਕੱਠੇ ਹੋਏ ਗ਼ਦਰੀਆਂ ਦੀ ਘੱਟ ਗਿਣਤੀ ਕਰਕੇ ਤੇ ਇਸ ਸਕੀਮ ਦਾ ਪੁਲਿਸ ਨੂੰ ਪਤਾ ਲੱਗ ਜਾਣ ਕਰਕੇ ਇਸ ਦੀ ਤਾਰੀਖ 12/06/1915 ਪਾਉਣ ਦਾ ਫੈਸਲਾ ਕਰ ਲਿਆ ਗਿਆ।

ਇਸ ਲਈ ਗ਼ਦਰੀਆਂ ਨੇ ਇਸ ਮਿਥੀ ਤਾਰੀਖ ਤੋਂ ਪਹਿਲੇ ਸਮੇਂ ਵਿਚ ਵੱਲੇ ਪੁਲ ਦੇ ਮੈਗਜ਼ੀਨ 'ਤੇ ਹਮਲਾ ਕਰਨ ਦਾ ਫੈਸਲਾ ਲਿਆ। ਰਾਤ ਦਾ ਸਮਾਂ ਸੀ। ਪੁੱਲ 'ਤੇ ਪਹਿਰਾ ਲੱਗਾ ਹੋਇਆ ਸੀ। ਇਥੇ 42 ਨੰ: ਦਿਉਲੀ ਪਲਟਣ ਦਾ ਪਹਿਰਾ ਸੀ। ਗ਼ਦਰੀ ਕਪੂਰਥਲੇ ਤੋਂ 2 ਟੋਲੀਆਂ ਵਿਚ ਹੋ ਗਏ ਸਨ। ਅਗਿਓਂ ਗਾਰਦ ਚੌਕੰਨੀ ਸੀ ਇਨ੍ਹਾਂ ਨੂੰ ਪਿਛੇ ਹਟਣਾ ਪਿਆ। ਅਗਲੀ ਰਾਤ 11 ਜੂਨ ਨੂੰ ਫਿਰ ਕੋਸ਼ਿਸ਼ ਕੀਤੀ ਗਈ। ਉਡੀਕਦਿਆਂ-ਉਡੀਕਦਿਆਂ ਅੱਧੀ ਰਾਤ ਤੋਂ ਮਗਰੋਂ 12 ਜੂਨ ਸ਼ੁਰੂ ਹੋ ਗਈ। ਦਾਅ ਲੱਗ ਨਹੀਂ ਰਿਹਾ ਸੀ। ਅਖੀਰ ਹੌਲੀ-ਹੌਲੀ ਲੰਮੇ ਪੈ ਕੇ ਘਾਹ ਵਿਚ ਗਾਰਦ ਵੱਲ ਨੂੰ ਖਿਸਕਦੇ-ਖਿਸਕਦੇ ਸੰਤਰੀ ਦੇ ਲਾਗੇ ਪੁੱਜ ਗਏ। ਅਖ਼ੀਰ ਰਾਤ ਇੱਕ ਵਜੇ ਇਕ ਮਾਲ ਗੱਡੀ ਆ ਗਈ। ਇਸ ਪ੍ਰਕਾਰ ਇਹ ਐਕਸ਼ਨ ਦਾ ਠੀਕ ਸਮਾਂ ਆ ਗਿਆ ਸੀ। ਜਵੰਦ ਸਿੰਘ ਤੇ ਬੰਤ ਸਿੰਘ ਨੇ ਸੰਤਰੀ ਨੂੰ ਪਿਸਤੌਲਾਂ ਦੀਆਂ ਗੋਲੀਆਂ ਨਾਲ ਢੇਰ ਕਰ ਦਿੱਤਾ। ਗੱਡੀ ਦੇ ਖੜਕੇ ਵਿਚ ਬਾਕੀ ਗਾਰਦ ਨੂੰ ਕੋਈ ਪਤਾ ਨਾ ਲੱਗਾ। ਇਸ ਰੌਲੇ ਵਿੱਚ ਹਵਾਲਦਾਰ ਨੂੰ ਸ਼ੱਕ ਪਿਆ। ਉਹ ਭੱਜ ਕੇ ਤੰਬੂ ਤੋਂ ਬਾਹਰ ਆ ਨਿਕਲਿਆ। ਕਾਲਾ ਸਿੰਘ ਨੇ ਰਾਈਫਲ ਦੀ ਗੋਲੀ ਨਾਲ ਉਸਨੂੰ ਪਾਰ ਬੁਲਾਇਆ ਅਤੇ 3 ਗਾਰਦ ਵਾਲੇ ਭੱਜ ਗਏ। ਇਸ ਤਰ੍ਹਾਂ ਇਹ ਗ਼ਦਰੀ ਯੋਧੇ ਗਾਰਦ ਦੇ ਸਾਰੇ ਹਥਿਆਰ ਲੈਣ ਵਿਚ ਕਾਮਯਾਬ ਹੋ ਗਏ। ਗਾਰਦ ਦੀਆਂ ਵਰਦੀਆਂ ਵੀ ਉਨ੍ਹਾਂ ਇਕੱਠੀਆਂ ਕਰਕੇ ਗੰਢ ਬੰਨ ਲਈ ਤਾਂ ਜੁ ਅੱਗੇ ਕੰਮ ਆ ਸਕਣ।

ਇਸ ਤਰ੍ਹਾਂ ਇਹ ਗ਼ਦਰੀ ਯੋਧੇ ਗਾਰਦ ਦੇ ਸਾਰੇ ਹਥਿਆਰ ਲੈਣ ਵਿਚ ਕਾਮਯਾਬ ਹੋ ਗਏ। ਪਰ ਚਿੱਟੀ (ਜ਼ਿਲ੍ਹਾ ਜਲੰਧਰ) ਦੀਆਂ ਗ੍ਰਿਫ਼ਤਾਰੀਆਂ ਕਾਰਨ 12 ਜੂਨ ਨੂੰ ਕਪੂਰਥਲੇ ਦਾ ਹਮਲਾ ਵੀ ਰਹਿ ਗਿਆ। ਜਦ 05-06-1915 ਨੂੰ ਕਪੂਰਥਲੇ ਮਿਥੇ ਪ੍ਰੋਗਰਾਮ ਅਨੁਸਾਰ ਇਕੱਠੇ ਹੋਏ ਤਾਂ ਈਸ਼ਰ ਸਿੰਘ ਅੰਦਰ ਬੈਰਕਾਂ ਵਿਚ ਚਲਿਆ ਗਿਆ। ਹਮਲੇ ਦਾ ਫੈਸਲਾ ਤਾਂ ਭਾਵੇਂ 12 ਜੂਨ ਤੱਕ ਮੁਲਤਵੀ ਕਰ ਦਿੱਤਾ ਪਰ ਈਸ਼ਰ ਸਿੰਘ ਫਿਰ ਵੀ ਉਥੋਂ ਬੰਬ ਲਿਆਉਣ 'ਚ ਸਫਲ ਹੋ ਗਿਆ।

ਰੂਪੋਸ਼ ਅਵਸਥਾ ਦੌਰਾਨ ਆਪ ਉੱਤਮ ਸਿੰਘ ਹਾਂਸ ਨਾਲ ਫਰੀਦਕੋਟ ਰਿਆਸਤ ਦੇ ਇਕ ਪਿੰਡ ਜਿਊਣ ਸਿੰਘ ਵਾਲਾ ਵਿਖੇ ਇੱਕ ਸਾਧ ਦੇ ਡੇਰੇ ਵਿਚ ਰਹਿੰਦੇ ਸਨ। ਕਈ ਲਿਖਾਰੀਆਂ ਨੇ ਗ੍ਰਿਫਤਾਰੀ ਵਾਲੇ ਪਿੰਡ ਦਾ ਨਾਂ ਮਹਿਮਾ ਸਰਜਾ/ਮਹਿਮਾਂ ਭਗਵਾਨਾਂ ਦਾ ਜ਼ਿਕਰ ਕੀਤਾ ਹੈ। ਡੇਰੇ

ਵਿਚ ਸਬਜੀ ਬਨਾਉਣ ਲਈ ਉਹ ਬਾਹਰ ਖੇਤਾਂ ਵਿਚ ਗੁਆਰੇ ਦੀਆਂ ਫਲੀਆਂ ਤੋੜਨ ਲਈ ਦੋਨੋਂ ਜਣੇ ਗਏ ਹੋਏ ਸਨ। ਉਥੋਂ ਕਿਸੇ ਪਿੰਡ ਦੇ ਕਿਸੇ ਆਦਮੀ ਨੇ ਉਨ੍ਹਾਂ ਨੂੰ ਦੇਖ ਲਿਆ ਤੇ ਕੋਲ ਜਾ ਕੇ ਉਨ੍ਹਾਂ ਨਾਲ ਗੱਲ ਸ਼ੁਰੂ ਕਰ ਦਿੱਤੀ। ਗੱਲਬਾਤ ਦੌਰਾਨ ਉਸੇ ਉਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਜਦ ਸੰਨਿਆਸੀ ਹੋ ਗਏ ਤਾਂ ਸਬਜ਼ੀਆਂ ਬਣਾਉਣ ਦੀ ਕੀ ਲੋੜ ਹੈ? ਪਿੰਡ 'ਚੋਂ ਗਜ਼ਾ ਕਰ ਲਿਆ ਕਰੋ। ਪਰ ਇਸ ਤੇ ਬਾਬਾ ਜੀ ਨੇ ਜੁਆਬ ਦਿੱਤਾ ਕਿ ਖਾਲਸੇ ਦਾ ਕੰਮ ਮੰਗ ਕੇ ਖਾਣਾ ਨਹੀਂ ਉਹ ਹਮੇਸ਼ਾ ਮਾਰ ਕੇ ਹੀ ਖਾਂਦੇ ਹਨ। ਬਾਬਾ ਜੀ ਦੀ ਇਸ ਗੱਲ ਤੇ ਉਸ ਆਦਮੀ ਨੂੰ ਇਨ੍ਹਾਂ 'ਤੇ ਸ਼ੱਕ ਹੋ ਗਿਆ ਤੇ ਉਸਨੇ ਪੁਲਿਸ ਨੂੰ ਖ਼ਬਰ ਕਰ ਦਿੱਤੀ। ਥੋੜੀ ਦੇਰ ਬਾਅਦ ਪੁਲਿਸ ਆ ਗਈ ਜਦ ਕਿ ਅਜੇ ਉਹ ਗੁਆਰੇ ਦੇ ਖੇਤ ਵਿਚ ਹੀ ਸਨ। ਅਸਲ ਵਿਚ ਇਨ੍ਹਾਂ ਬਾਬਿਆਂ ਨੂੰ ਪੁਲਿਸ ਦਾ ਘੇਰਾ ਪਹਿਲਾਂ ਹੀ ਪੈ ਚੁੱਕਾ ਸੀ। ਇਹ ਆਦਮੀ ਤਾਂ ਸਿਰਫ਼ ਉਨ੍ਹਾਂ ਪਾਸ ਉਨ੍ਹਾਂ ਨੂੰ ਗੱਲਾਂ 'ਚ ਉਲਝਾਉਣ ਲਈ ਹੀ ਆਇਆ ਸੀ। ਪੁਲਿਸ ਸਿਵਲ ਵਰਦੀ ਵਿਚ ਆਈ, ਜੇ ਪੁਲਿਸ ਵਰਦੀ ਵਿਚ ਹੁੰਦੀ ਤਾਂ ਬਾਬਿਆਂ ਨੂੰ ਦੂਰੋਂ ਹੀ ਪਤਾ ਲਗ ਜਾਣਾ ਸੀ ਤੇ ਬਚਾਅ ਲਈ ਕੋਈ ਉਪਰਾਲਾ ਕਰਦੇ। ਪਰ ਪੁਲਿਸ ਤਾਂ ਉਨ੍ਹਾਂ ਨਜ਼ਦੀਕ ਆ ਚੁੱਕੀ ਸੀ ਉਨ੍ਹਾਂ ਦਾ ਡੇਰਾ ਇਥੋਂ ਕਾਫੀ ਦੂਰ ਸੀ। ਉਨ੍ਹਾਂ ਦੇ ਹਥਿਆਰ ਵੀ ਉਥੇ ਹੀ ਪਏ ਸਨ ਨਹੀਂ ਤਾਂ ਉਹ ਉਥੋਂ ਵੀ ਮੁਕਾਬਲਾ ਕਰਦੇ। ਪੁਲਿਸ ਵਾਲਿਆਂ ਨੇ ਕੋਲ ਆ ਕੇ ਕਿਹਾ ਕਿ ਸਾਡੀਆਂ ਮੱਝਾਂ ਗੁਆਚੀਆਂ ਹਨ, ਤੁਸੀਂ ਤਾਂ ਨਹੀਂ ਦੇਖੀਆਂ? ਪਰ ਬਾਬਿਆਂ ਨੂੰ ਉਨ੍ਹਾਂ ਦੇ ਪੁਲਿਸ ਵਾਲੇ ਹੋਣ ਕਰਕੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿ ਗਈ ਸੀ। ਇਸ ਲਈ ਉਨ੍ਹਾਂ ਨੇ ਕਿਹਾ ਕਿ ਅਸੀਂ ਹੀ ਤੁਹਾਡੀਆਂ ਮੱਝਾਂ ਹਾਂ, ਇਸ ਲਈ ਫੜ੍ਹ ਲਵੋ। ਹਥਿਆਰਾਂ ਦੀ ਅਣਹੋਂਦ ਕਰਕੇ ਬਾਬੇ ਕੋਈ ਮੁਕਾਬਲਾ ਨਹੀਂ ਕਰ ਸਕੇ ਨਹੀਂ ਤਾਂ ਪੁਲਿਸ ਵਾਲਿਆਂ ਨੂੰ ਉਥੇ ਹੀ ਹੱਥ ਦਿਖਾ ਦਿੰਦੇ। ਇਸ ਤਰ੍ਹਾਂ ਇਨ੍ਹਾਂ ਦੋਨਾਂ ਬਾਬਿਆਂ ਦੀ ਮਿਤੀ 19-09-15 ਨੂੰ ਗ੍ਰਿਫਤਾਰੀ ਹੋਈ। ਉਨ੍ਹਾਂ ਪਾਸੋਂ ਡੇਰੇ 'ਚੋਂ ਇੱਕ ਆਟੋਮੈਟਿਕ ਪਿਸਤੌਲ ਤੇ ਕਾਰਤੂਸ ਬਰਾਮਦ ਕੀਤੇ ਗਏ। ਇਸ ਪ੍ਰਕਾਰ ਉਨ੍ਹਾਂ ਉਪਰ ਲਾਹੌਰ ਸਾਜਿਸ਼ ਕੇਸ ਨੰ: 2 ਦੇ ਨਾਮ ਦਾ ਕੇਸ ਚੱਲਿਆ।

ਬਾਬਾ ਈਸ਼ਰ ਸਿੰਘ ਤੇ ਬਾਬਾ ਚੂਹੜ ਸਿੰਘ ਵੀ ਜੇਲ੍ਹ ਵਿਚ ਇਕੱਠੇ ਸਨ। ਬਾਬਾ ਚੂਹੜ ਸਿੰਘ ਨੇ ਬਾਬਾ ਈਸ਼ਰ ਸਿੰਘ ਨਾਲ ਸਲਾਹ ਬਣਾਈ ਕਿ ਆਪਾਂ ਕਿਉਂ ਨਾ ਕੁਝ ਕਬੀਲਦਾਰੀ ਦੇ ਕੰਮ ਇਥੇ ਹੀ ਨਜਿੱਠ ਲਈਏ ਅਤੇ ਰਿਸ਼ਤੇਦਾਰੀਆਂ ਪਾ ਲਈਏ। ਇਸ ਤਰ੍ਹਾਂ ਚੂਹੜ ਸਿੰਘ ਦੀ ਪੋਤਰੀ ਮਹਿੰਦਰ ਕੌਰ ਦਾ ਰਿਸ਼ਤਾ ਬਾਬਾ ਈਸ਼ਰ ਸਿੰਘ ਦੇ ਪੁੱਤਰ ਖੇਮ ਸਿੰਘ ਉਰਫ ਭਾਗ ਸਿੰਘ ਨਾਲ ਕਰਨਾ ਤਹਿ ਕਰ ਲਿਆ। ਦੋਨੋਂ ਬੱਚੇ ਅਜੇ ਛੋਟੀ ਉਮਰ ਦੇ ਹੀ ਸਨ। ਇਸ ਲਈ ਮਹਿੰਦਰ ਕੌਰ ਦੇ ਪਿਤਾ ਕਿਸ਼ਨ ਸਿੰਘ ਤੇ ਮਾਤਾ ਭਗਵਾਨ ਕੌਰ ਦੀ ਸਹਿਮਤੀ ਸੀ। ਇਨ੍ਹਾਂ ਬੱਚਿਆਂ ਦੀ ਦਾਦੀ ਚੰਦ ਕੌਰ ਨੇ ਵੀ ਬਾਬਾ ਚੂਹੜ ਸਿੰਘ ਦੇ ਬੋਲ ਪੁਗਾਉਣ ਲਈ ਸਹਿਮਤੀ ਦਿੱਤੀ ਹੋਈ ਸੀ। ਕਿਸ਼ਨ ਸਿੰਘ ਨੂੰ ਪੁਲਿਸ ਅੱਡ ਫੜ ਕੇ ਲੈ ਗਈ ਸੀ ਅਤੇ ਉਸ ਤੇ ਪੁਲਿਸ ਨੇ ਘੋਰ ਤਸ਼ੱਦਦ ਕੀਤਾ ਅਤੇ 9-9 ਘੰਟੇ ਪੁੱਠਾ ਲਮਕਾ ਕੇ ਰੱਖਿਆ ਗਿਆ। ਉਸ ਦੀ ਪੁੱਤਰੀ ਮਹਿੰਦਰ ਕੌਰ ਦੇ ਦੱਸਣ ਮੁਤਾਬਕ ਕ੍ਰਿਸ਼ਨ ਸਿੰਘ ਦੇ ਪੁੱਠਾ ਲਮਕਾਉਣ ਸਮੇਂ ਕੇਸ ਵੀ ਥੱਲੇ ਕਿਸੇ ਚੀਜ਼ ਨਾਲ ਬੰਨ੍ਹ ਦਿੱਤੇ ਗਏ ਸਨ ਤਾਂ ਜੋ ਸਰੀਰਕ ਤਸ਼ੱਦਦ ਝੱਲਦੇ ਸਮੇਂ ਉਹ ਆਪਣੀਆਂ ਬਾਹਾਂ ਦਾ ਪ੍ਰਯੋਗ ਨਾ ਕਰ ਸਕੇ। ਇਹ ਮਹਿੰਦਰ ਕੌਰ ਜੋ ਕਿਸ਼ਨ ਸਿੰਘ ਦੀ ਸਭ ਤੋਂ ਛੋਟੀ ਧੀ ਸੀ ਜੋ ਸਹਿਜਾਪੁਰ (ਨੇੜੇ ਬਸੀਆਂ) ਵਿਆਹੀ ਹੋਈ ਹੈ ਅਤੇ ਜਿੰਦਾ ਹੈ। ਉਸਦੇ ਦੱਸਣ ਅਨੁਸਾਰ ਹੀ ਜਦ ਉਸਨੂੰ ਪੁੱਛਿਆ

ਗਿਆ ਕਿ ਤੇਰੀ ਵੱਡੀ ਭੈਣ ਦਾ ਨਾਮ ਵੀ ਮਹਿੰਦਰ ਕੌਰ ਸੀ ਤੇ ਤੇਰਾ ਨਾਮ ਵੀ ਮਹਿੰਦਰ ਕੌਰ ਹੈ, ਅਜਿਹਾ ਕਿਉਂ ਹੈ? ਉਸਨੇ ਕਿਹਾ ਕਿ ਉਹ ਜਦੋਂ ਬਾਬਾ ਈਸ਼ਰ ਸਿੰਘ ਦੇ ਪੁੱਤਰ ਭਾਗ ਸਿੰਘ ਨੂੰ ਮੰਗੀ ਹੋਈ ਸੀ ਉਸ ਦੌਰਾਨ ਹੀ ਉਸਦੀ ਮੌਤ ਹੋ ਗਈ ਤਾਂ ਮੇਰੇ ਮਾਤਾ-ਪਿਤਾ ਨੇ ਉਸਦੀ ਜਗ੍ਹਾ ਮੇਰੀ ਭੈਣ ਰਣਬੀਰ ਕੌਰ ਦਾ ਰਿਸ਼ਤਾ ਉਸ ਜਗ੍ਹਾ ਕਰ ਦਿੱਤਾ। ਜਦ ਬਾਅਦ ਵਿਚ ਮੇਰਾ ਜਨਮ ਹੋਇਆ ਤਾਂ ਘਰਦਿਆਂ ਨੇ ਮੇਰਾ ਨਾਮ ਵੀ ਮਹਿੰਦਰ ਕੌਰ ਰੱਖ ਦਿੱਤਾ ਤੇ ਕਿਹਾ ਕਿ ਆਪਣੀ ਮਹਿੰਦਰ ਕੌਰ ਮੁੜ ਆਈ।

ਦੋਨੋਂ ਬੱਚੇ ਜਦ ਵਿਆਹੁਣ ਯੋਗ ਹੋਏ ਤਾਂ ਇਸ ਸੰਸਾਰ ਵਿਚ ਨਾ ਚੂਹੜ ਸਿੰਘ ਲੀਲ ਪੱਖੋਵਾਲ ਰਿਹਾ ਤੇ ਨਾ ਹੀ ਬਾਬਾ ਈਸ਼ਰ ਸਿੰਘ ਜਿਉਂਦਾ ਰਿਹਾ। ਈਸ਼ਰ ਸਿੰਘ ਨੂੰ 18 ਜੂਨ 1916 ਫਾਂਸੀ ਹੋ ਚੁੱਕੀ ਸੀ। ਬਾਬਿਆਂ ਦੇ ਇਸ ਇਕਰਾਰ ਨੂੰ ਪੂਰਾ ਕਰਨ ਲਈ ਬਾਬਾ ਰੂੜ ਸਿੰਘ ਚੂਹੜਚੱਕ ਨੇ ਦੋਨਾਂ ਦੇ ਵਿਆਹ ਦੀ ਰਸਮ ਨਿਭਾਈ। ਇਸ ਗੱਲ ਤੋਂ ਜ਼ਾਹਰ ਹੁੰਦਾ ਹੈ ਕਿ ਗ਼ਦਰੀ ਬਾਬੇ ਜਿਥੇ ਦੇਸ਼ ਲਈ ਸਮਰਪਤ ਸਨ, ਉਥੇ ਉਹ ਆਪਣੇ ਪਰਿਵਾਰਕ ਸੰਬੰਧਾਂ ਤੇ ਮਸਲਿਆਂ ਪ੍ਰਤੀ ਕਿੰਨੇ ਗੰਭੀਰ ਸਨ।

ਇਥੇ ਇਹ ਵੀ ਵਰਣਨਯੋਗ ਹੈ ਕਿ ਬਾਬਾ ਪਾਲਾ ਸਿੰਘ ਛੋਟੇ ਨੂੰ ਬਾਬਾ ਈਸ਼ਰ ਸਿੰਘ ਦੇ ਫਾਂਸੀ ਲੱਗਣ ਤੋਂ ਬਾਅਦ ਇਹ ਅਭਾਸ ਹੋਇਆ ਕਿ ਈਸ਼ਰ ਸਿੰਘ ਉਸਨੂੰ ਮਿਲਣ ਆਇਆ ਹੈ। ਉਸਨੇ ਪਾਲਾ ਸਿੰਘ ਨੂੰ ਕਿਹਾ ਕਿ ਅਜ਼ਾਦੀ ਦੀ ਜੰਗ ਜਾਰੀ ਰਹਿਣੀ ਚਾਹੀਦੀ ਹੈ।

ਸਿੱਖਿਆ ਦੀ ਮਹੱਤਤਾ ਨੂੰ ਸਮਝਦੇ ਹੋਏ ਬਾਬਾ ਸੋਹਣ ਸਿੰਘ ਭਕਨਾ ਨੇ ਗ਼ਦਰੀ ਬਾਬਿਆਂ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਆਪਣੇ ਪਿੰਡ ਆਪਣੇ ਘਰ ਇਕ ਸਕੂਲ ਆਸ਼ਰਮ ਵਜੋਂ ਖੋਲ੍ਹ ਦਿੱਤਾ, ਜਿਸ ਵਿਚ ਮਾਤਾ ਰਣਬੀਰ ਕੌਰ ਤੇ ਉਸਦੇ ਭਰਾ ਸੇਵਕ ਸਿੰਘ ਨੇ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਇਸ ਪ੍ਰਕਾਰ ਮਾਤਾ ਰਣਬੀਰ ਕੌਰ ਦੇ ਜੀਵਨ ਤੇ ਬਾਬਾ ਸੋਹਨ ਸਿੰਘ ਭਕਨਾ ਦੀ ਸਖ਼ਸ਼ੀਅਤ ਦਾ ਗਹਿਰਾ ਪ੍ਰਭਾਵ ਸੀ। ਮਾਤਾ ਰਣਬੀਰ ਕੌਰ ਬਾਅਦ ਵਿਚ ਵੀ ਗ਼ਦਰ ਲਹਿਰ ਨਾਲ ਜੁੜੀ ਰਹੀ। ਬਾਬਾ ਸੋਹਣ ਸਿੰਘ ਭਕਨਾ ਅਕਸਰ ਜਦੋਂ ਇਧਰ ਮਾਲਵੇ ਵੱਲ ਆਉਂਦੇ ਜਾਂ ਬਾਬਾ ਰੂੜ ਸਿੰਘ ਦੀ ਬਰਸੀ 'ਤੇ ਆਉਂਦੇ ਤਾਂ ਮਾਤਾ ਰਣਬੀਰ ਕੌਰ ਦੇ ਘਰ ਢੁੱਡੀਕੇ ਵਿਖੇ ਜ਼ਰੂਰ ਮਿਲ ਕੇ ਜਾਂਦੇ ਕਿਉਂਕਿ ਮਾਤਾ ਰਣਬੀਰ ਕੌਰ ਬਾਬਾ ਈਸ਼ਰ ਸਿੰਘ ਦੀ ਨੂੰਹ ਸੀ ਅਤੇ ਉਨ੍ਹਾਂ ਦੇ ਆਸ਼ਰਮ ਵਿਚ ਪੜ੍ਹੀ ਸੀ। ਇਸੇ ਖਿਆਲ ਕਰਕੇ ਉਹ ਕਈ ਵੇਰ ਢੁੱਡੀਕੇ ਘਰ ਆਏ।

ਈਸ਼ਰ ਸਿੰਘ ਬਾਬਾ ਜੀ ਦੇ ਕੇਸ ਦੀ ਮਿਤੀ 30/03/1916 ਨੂੰ ਸੁਣਵਾਈ ਖਤਮ ਹੋਈ ਅਤੇ ਅਖੀਰ 18 ਜੂਨ 1916 ਨੂੰ ਉਨ੍ਹਾਂ ਨੂੰ ਸੈਂਟਰਲ ਜੇਲ੍ਹ ਲਾਹੌਰ ਵਿਚ ਸਮੇਤ ਚਾਰ ਹੋਰ ਗ਼ਦਰੀ ਯੋਧਿਆਂ ਦੇ ਫਾਂਸੀ ਲਗਾ ਦਿੱਤੀ ਗਈ। ਇਸ ਤਰ੍ਹਾਂ ਦੇਸ਼ ਦੇ ਇਨ੍ਹਾਂ ਮਹਾਨ ਸੰਗਰਾਮੀ ਯੋਧਿਆਂ ਨੇ ਹੱਸ ਕੇ ਫਾਂਸੀ ਦਾ ਰੱਸਾ ਚੁੰਮਿਆ, ਆਪਣੇ ਗੱਲ ਵਿਚ ਪਾਇਆ ਤੇ ਆਪਣੀ ਜ਼ਿੰਦਗੀ ਦੇਸ਼ ਤੋਂ ਨਿਛਾਵਰ ਕਰ ਦਿੱਤੀ। ਅੰਗਰੇਜ਼ ਸਰਕਾਰ ਨੇ ਉਨ੍ਹਾਂ ਦੀਆਂ ਲਾਸ਼ਾਂ ਵਾਰਸਾਂ ਨੂੰ ਨਹੀਂ ਦਿੱਤੀਆਂ।

ਫਾਂਸੀ ਤੋਂ ਬਾਅਦ ਘਰ ਵਿਚ ਕੋਈ ਸਿਆਣਾ ਕਮਾਊ ਬੰਦਾ ਨਹੀਂ ਰਿਹਾ ਸੀ। ਭਾਗ ਸਿੰਘ ਅਜੇ ਉਮਰ ਦੀ ਮੁੱਢਲੀ ਅਵਸਥਾ ਵਿਚ ਹੀ ਸੀ। ਉਸਨੂੰ ਤਾਂ ਆਪਣੇ ਬਾਪ ਦੇ ਚਿਹਰੇ ਦੀ ਵੀ ਪਛਾਣ ਨਹੀਂ ਸੀ। ਘਰ ਦੀ ਆਰਥਿਕ ਹਾਲਤ ਬਹੁਤ ਮਾੜੀ ਸੀ। ਸਰਕਾਰੀ ਦਹਿਸ਼ਤ ਦੇ ਡਰ ਕਾਰਨ ਆਮ ਲੋਕ ਵੀ ਸਹਿਯੋਗ ਜਾਂ ਸਹਾਇਤਾ ਕਰਨ ਤੋਂ ਕੰਨੀ ਕਤਰਾਉਂਦੇ ਸਨ। ਬਾਬਾ ਜੀ ਦੇ

ਸਹੁਰਾ ਫੁੰਮਣ ਸਿੰਘ ਝੱਖੜਵਾਲ ਵਾਲਿਆਂ ਨੇ ਇਸ ਪਰਿਵਾਰ ਦੇ ਸਿਰ 'ਤੇ ਹੱਥ ਰੱਖਿਆ। ਮਾਤਾ ਰਾਮ ਕੌਰ ਨੂੰ ਕਿਹਾ ਕਿ ਤੂੰ ਇਥੇ ਢੁੱਡੀਕੇ ਹੀ ਰਹਿਣਾ ਹੈ। ਸੱਸ ਸਹੁਰੇ ਦੀ ਸੇਵਾ ਕਰਨੀ ਹੈ ਅਤੇ ਭਾਗ ਸਿੰਘ ਦੀ ਪਰਵਿਸ਼ ਧਿਆਨ ਨਾਲ ਕਰਕੇ ਪੜ੍ਹਾਉਣਾ ਹੈ। ਉਸ ਸਮੇਂ ਉਨ੍ਹਾਂ ਨੇ ਮਾਤਾ ਰਾਮ ਕੌਰ ਨੂੰ ਪਫ ਨਾਮ ਦੀ ਸਿਲਾਈ ਮਸ਼ੀਨ ਜੋ ਕਿ ਜਰਮਨ ਦੀ ਬਣੀ ਹੋਈ ਸੀ, ਕੱਪੜੇ ਸਿਊਣ ਲਈ ਲੈ ਕੇ ਦਿੱਤੀ ਤਾਂ ਜੋ ਪਰਿਵਾਰ ਕੱਪੜੇ ਸਿਉਂ ਕੇ ਗੁਜ਼ਾਰਾ ਕਰ ਸਕੇ। ਮਾਤਾ ਰਾਮ ਕੌਰ ਨੇ ਆਪਣੇ ਮਾਪਿਆਂ ਦੀ ਗੱਲ ਮੰਨਦੇ ਹੋਏ ਢੁੱਡੀਕੇ ਵਾਲਿਆਂ ਦੇ ਘਰ ਨੂੰ ਵਸਦਾ ਰੱਖਣ ਲਈ ਸਿਰੜ ਨਾਲ ਮਿਹਨਤ ਕੀਤੀ ਅਤੇ ਭਾਗ ਸਿੰਘ ਦੀ ਚੰਗੀ ਪਾਲਣਾ ਪੋਸ਼ਣਾ ਕੀਤੀ। ਉਸ ਨੇ ਉਸ ਸਮੇਂ ਭਾਗ ਸਿੰਘ ਨੂੰ ਮੈਟ੍ਰਿਕ ਤੱਕ ਵਿਦਿਆ ਦੁਆਈ। ਮੈਟ੍ਰਿਕ ਪਾਸ ਵਿਅਕਤੀ ਉਸ ਸਮੇਂ ਤਹਿਸੀਲਦਾਰ ਲੱਗਦਾ ਸੀ ਪਰ ਭਾਗ ਸਿੰਘ ਗ਼ਦਰੀ ਬਾਬਿਆਂ ਦਾ ਪੁੱਤਰ ਹੋਣ ਕਰਕੇ ਇਸ ਸਹੂਲਤ ਤੋਂ ਵੀ ਵਾਂਝਾ ਰਹਿ ਗਿਆ। ਪੜ੍ਹਿਆ ਲਿਖਿਆ ਹੋਣ ਦੇ ਬਾਵਜੂਦ ਵੀ ਉਸਨੂੰ ਆਪਣੀ ਸਾਰੀ ਉਮਰ ਤੰਗੀਆਂ ਤੁਰਸ਼ੀਆਂ ਨਾਲ ਸੰਘਰਸ਼ ਕਰਨਾ ਪਿਆ।

ਆਪ ਦੇ ਪਰਿਵਾਰ ਦੀ ਦੇਸ਼ ਪ੍ਰਤੀ ਇੰਨੀ ਕੁਰਬਾਨੀ ਹੋਣ ਦੇ ਬਾਵਜੂਦ ਵੀ ਸਰਕਾਰ ਨੇ ਜਾਂ ਇਤਿਹਾਸ ਪ੍ਰਤੀ ਚੇਤੰਨ ਲੋਕਾਂ ਨੇ ਆਜ਼ਾਦੀ ਤੋਂ ਬਾਅਦ ਪਰਿਵਾਰ ਨੂੰ ਕੋਈ ਬਣਦਾ ਮਾਣ ਸਨਮਾਨ ਜਾਂ ਮਾਇਕ ਸਹਾਇਤਾ ਨਹੀਂ ਦਿੱਤੀ।

***

# ਬਾਬਾ ਈਸ਼ਰ ਸਿੰਘ ਸ਼ਹੀਦ

*ਲੇਖਕ ਸ. ਭਾਗ ਸਿੰਘ ਸਪੁੱਤਰ ਗ਼ਦਰੀ ਸ਼ਹੀਦ ਭਾਈ ਈਸ਼ਰ ਸਿੰਘ ਢੁੱਡੀਕੇ ਦਾ ਇਹ ਲੇਖ 'ਢੁੱਡੀਕੇ ਦੇ ਗ਼ਦਰੀ ਬਾਬੇ' ਨਾਮੀ ਪੁਸਤਕ ਵਿਚੋਂ ਧੰਨਵਾਦ ਸਹਿਤ ਪ੍ਰਾਪਤ ਕੀਤਾ ਹੈ। ਸ. ਭਾਗ ਸਿੰਘ ਦਾ ਜਨਮ ਹੋਇਆ ਤਾਂ ਭਾਈ ਈਸ਼ਰ ਸਿੰਘ ਜੇਲ੍ਹ ਵਿਚ ਸਨ। ਇਨ੍ਹਾਂ ਨੇ ਆਪਣੇ ਪੁੱਤਰ ਦਾ ਅਜੇ ਮੂੰਹ ਵੀ ਨਹੀਂ ਸੀ ਵੇਖਿਆ ਕਿ ਇਨ੍ਹਾਂ ਨੂੰ ਹਕੂਮਤ ਨੇ ਫਾਂਸੀ ਚਾੜ੍ਹ ਦਿੱਤਾ। ਇਨ੍ਹਾਂ ਨੇ ਇਥੇ ਇਸ ਲੇਖ ਵਿਚ ਆਪਣੇ ਪਿਤਾ ਜੀ ਦਾ ਜਨਮ 1881 ਵਿਚ ਦੱਸਿਆ ਹੈ। ਇਹੋ ਲੇਖ ਇਸੇ ਸਾਲ 'ਕੌਮੀ ਲਹਿਰ' ਵਿਚ ਵੀ ਛਪਿਆ ਜਿੱਥੇ ਜਨਮ ਦਾ ਸਾਲ 1836 ਲਿਖਿਆ ਹੈ। ਇਕ ਸਾਲ ਵਿਚ ਛਪੇ ਇਕੋ ਲੇਖ ਵਿਚ ਜਨਮ ਬਾਰੇ ਵੱਖ-ਵੱਖ ਸਾਲ ਕਿਵੇਂ ਛਪ ਗਏ? ਇਥੇ ਇਹ ਨਿਰਣਾ ਤਾਂ ਨਹੀਂ ਲਿਆ ਜਾ ਸਕਦਾ। ਸੰਭਵ ਹੈ ਕਿ 'ਕੌਮੀ ਲਹਿਰ' ਵਾਲੇ ਲੇਖ ਵਿਚ ਛਪਾਈ ਵੇਲੇ ਗਲਤ ਛਪ ਗਿਆ ਹੋਵੇ ਅਤੇ ਪੁਸਤਕ ਦੇ ਸੰਪਾਦਕ ਲਾਜਪਤ ਰਾਏ ਸੇਂਟਨਰੀ ਕਾਲਜ ਢੁੱਡੀਕੇ ਸਥਿਤ ਹੋਣ ਕਾਰਨ ਉਥੋਂ ਦੇ ਸਥਾਨਕ ਲੋਕਾਂ ਤੋਂ ਹਾਸਲ ਜਾਣਕਾਰੀ ਤੇ ਅਧਾਰਤਿ ਦਿੱਤਾ ਹੋਵੇ। ਪਰੰਤੂ ਸ. ਅਮਰਜੀਤ ਸਿੰਘ ਪੋਤਰਾ ਗ਼ਦਰੀ ਸ਼ਹੀਦ ਭਾਈ ਈਸ਼ਰ ਸਿਘ ਦੇ ਹੁਣ ਦੱਸਣ ਮੁਤਾਬਕ ਘਰੋਂ ਇਕ ਹੱਥ ਲਿਖਤ ਮਿਲੀ ਹੈ ਜਿਸ ਵਿਚ ਉਨ੍ਹਾਂ ਦੀ ਜਨਮ ਮਿਤੀ 30 ਮਾਰਚ 1888 ਲਿਖੀ ਹੋਈ ਹੈ। ਇਸ ਲਈ ਇਨ੍ਹਾਂ ਦੀ ਜਨਮ ਮਿਤੀ ਸੰਪਾਦਕ ਨੇ ਉਨ੍ਹਾਂ ਦੇ ਪੋਤਰੇ ਦੇ ਦੱਸਣ ਅਨੁਸਾਰ ਬਦਲੀ ਹੈ। **-ਸੰਪਾਦਕ***

ਆਪ ਜੀ ਦਾ ਜਨਮ 30 ਮਾਰਚ 1888 ਨੂੰ ਸਰਦਾਰ ਸੱਜਨ ਸਿੰਘ ਦੇ ਘਰ ਮਾਤਾ ਧਰਮ ਕੌਰ ਜੀ ਦੀ ਕੁੱਖੋਂ ਪਿੰਡ ਢੁਡੀਕੇ ਥਾਣਾ ਮੋਗਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਆਪ ਜੀ ਦੇ ਦੋ ਭਾਈ ਇਕ ਆਪ ਤੋਂ ਵੱਡਾ ਤੇ ਦੂਸਰਾ ਆਪ ਤੋਂ ਛੋਟਾ ਸੀ। ਆਪਨੇ ਗੁਰਮੁਖੀ ਦੀ ਵਿਦਿਆ ਪਿੰਡ ਦੇ ਡੇਰੇ ਵਿਚ ਹੀ ਪਾਈ। ਆਪ ਗੁਰੂ ਗਰੰਥ ਸਾਹਿਬ ਜੀ ਦੇ ਪਾਠੀ ਸਨ। ਆਪ 20 ਸਾਲ ਦੀ ਉਮਰ ਤੱਕ ਆਪਣੇ ਪਿਤਾ ਨਾਲ

ਖੇਤੀਬਾੜੀ ਦਾ ਕੰਮ ਕਰਦੇ ਰਹੇ। ਆਪ ਬੜੇ ਮਿੱਤਰ ਹਿਤੈਸ਼ੀ ਸਨ। ਇਕ ਵੇਰੀ ਪਲੇਗ ਦੀ ਬੀਮਾਰੀ ਬਹੁਤ ਫੈਲੀ ਹੋਈ ਸੀ। ਉਹਨਾਂ ਦੇ ਮਿੱਤਰ ਦੇ ਪਲੇਗ ਦਾ ਫੋੜਾ ਨਿਕਲ ਆਇਆ ਹੋਰ ਸਭ ਲੋਕ ਪਿੰਡੋਂ ਬਾਹਰ ਚਲੇ ਗਏ ਸਨ ਤੇ ਪਿੰਡ ਵਿਚ ਕੋਈ ਨਹੀਂ ਸੀ। ਆਪ ਆਪਣੇ ਮਿੱਤਰ ਦੇ ਨਾਲ ਹੀ ਪੈਂਦੇ ਰਹੇ ਤੇ ਉਸਦੀ ਸੰਭਾਲ ਕਰਦੇ ਰਹੇ, ਆਪ ਨੇ ਲਾਗ ਦੀ ਬੀਮਾਰੀ ਦੀ ਕੋਈ ਪਰਵਾਹ ਨਾ ਕੀਤੀ ਤੇ ਮਿੱਤਰਤਾ ਦੀ ਪਾਲਨਾ ਕੀਤੀ।

ਜਦ ਆਮ ਲੋਕ ਰੋਜ਼ਗਾਰ ਦੀ ਖਾਤਰ ਕੈਨੇਡਾ ਜਾਣ ਲੱਗੇ ਤਾਂ ਆਪ ਭੀ 1907 ਵਿਚ ਪਿੰਡ ਦੇ ਹੋਰ ਸਾਥੀਆਂ ਨਾਲ ਰਲ ਕੇ ਕੈਨੇਡਾ ਅਪੜੇ ਤੇ ਚਾਰ ਸਾਲ ਉਥੇ ਰਹੇ। ਜਦ ਆਪ ਕੈਨੇਡਾ ਵਿਚ ਸਨ ਤਾਂ ਆਪ ਦੇ ਦੋਨੋਂ ਭਾਈ ਅਕਾਲ ਚਲਾਣਾ ਕਰ ਗਏ ਤੇ ਬੁੱਢੇ ਮਾਂ-ਬਾਪ ਘਰ ਰਹਿ ਗਏ।

ਆਪ ਜੀ ਦਾ ਅਨੰਦ ਕਾਰਜ ਬੀਬੀ ਰਾਮ ਕੌਰ ਸਪੁਤਰੀ ਭਾਈ ਫੁੰਮਨ ਸਿੰਘ ਪਿੰਡ ਝੱਖੜ ਵਾਲੇ ਹੋਇਆ। ਦੂਜੀ ਵੇਰ ਦਸੰਬਰ 1912 ਵਿਚ ਕੈਨੇਡਾ ਗਏ ਤੇ ਕੁਝ ਦੇਰ ਉਥੇ ਕੰਮ ਕਰਨ ਤੋਂ ਮਗਰੋਂ ਜਦ ਕੈਨੇਡਾ ਵਿਚ ਗ਼ਦਰ ਪਾਰਟੀ ਬਣਾਈ ਗਈ ਜਿਸ ਦਾ ਮੁੱਖ ਮੰਤਵ ਹਿੰਦੁਸਤਾਨ ਨੂੰ ਆਜ਼ਾਦ ਕਰਾਣਾ ਸੀ ਇਸ ਪਾਰਟੀ ਦੇ ਕਰਤਾ ਧਰਤਾ (ਅਥਵਾਂ ਸਿਰਜਨ ਵਾਲੇ) ਲਾਲਾ ਹਰਦਿਆਲ ਐਮ.ਏ., ਬਾਬਾ ਸੋਹਣ ਸਿੰਘ ਜੀ ਭਕਨਾ ਤੇ ਸ਼ਹੀਦ ਕਰਤਾਰ ਸਿੰਘ ਜੀ ਸਰਾਭਾ ਸਨ। ਆਪ ਵੀ ਇਸ ਪਾਰਟੀ ਦੇ ਮੈਂਬਰ ਬਣ ਗਏ। ਬਸ ਇਥੋਂ ਹੀ ਆਪਦੇ ਦਿਲ ਵਿਚ ਦੇਸ਼ ਆਜ਼ਾਦੀ ਲਈ ਜਜ਼ਬਾਤੀ ਰੌਆਂ ਨੇ ਵਗਣਾ ਸ਼ੁਰੂ ਕਰ ਦਿੱਤਾ ਅਤੇ ਆਜ਼ਾਦੀ ਦੇ ਪੱਕੇ ਆਸ਼ਕ ਬਣ ਗਏ। ਪਾਰਟੀ ਦੀ ਤਰਫੋਂ ਫੈਸਲਾ ਹੋਇਆ ਕਿ ਦੇਸ਼ ਵਿਚ ਜਾ ਕੇ ਪਹਿਲਾਂ ਲੋਕਾਂ ਨੂੰ ਅੰਗਰੇਜ਼ ਗਵਰਨਮੈਂਟ ਦੇ ਉਲਟ ਜਾਗਰਤੀ ਦੇਈਏ ਤੇ ਨਾਲ ਉਨ੍ਹਾਂ ਤੋਂ ਦੇਸ਼ ਨੂੰ ਆਜ਼ਾਦ ਕਰਵਾਈਏ। ਹਿੰਦੁਸਤਾਨ ਉੱਤੇ ਬਦੇਸ਼ੀ ਗੋਰਿਆਂ ਦਾ ਰਾਜ ਜੋ ਕਿ ਨਿਰਦਇਅਤਾ ਅਤੇ ਅਤਿਆਚਾਰ ਦਾ ਇਕ ਸੋਮਾ ਸੀ, ਆਪ ਜੀ ਤੋਂ ਝੱਲਿਆ ਨਾ ਗਿਆ। ਆਪ 1915 ਨੂੰ ਹੀ ਆਪਣੇ ਪਿਆਰੇ ਦੇਸ਼ ਵਾਪਸ ਆ ਗਏ।

ਘਰ ਪਹੁੰਚਣ ਤੇ ਪੁਲੀਸ ਨੇ ਆਪ ਦਾ ਪਿਛਾ ਕਰਨਾ ਸ਼ੁਰੂ ਕਰ ਦਿੱਤਾ। ਕੁਝ ਦਿਨ ਘਰ ਠਹਿਰਨ ਤੋਂ ਮਗਰੋਂ ਆਪ ਅੰਡਰ-ਗਰਾਊਂਡ ਹੋ ਗਏ। ਘਰ ਉੱਤੇ ਕਈ ਵਾਰੀ ਛਾਪਾ ਮਾਰਿਆ ਗਿਆ ਪਰ ਆਪ ਪੁਲਿਸ ਦੇ ਹੱਥ ਨਾ ਆਏ। ਇਕ ਵੇਰੀ ਪੁਲਸ ਦਾ ਦਸਤਾ ਘਰ ਆਇਆ, ਥਾਣੇਦਾਰ ਨੇ ਸਿਪਾਹੀ ਨੂੰ ਘਰ ਪਤਾ ਕਰਨ ਲਈ ਭੇਜਿਆ। ਸਿਪਾਹੀ ਨੇ ਪੁਛਿਆ ਕਿ, "ਈਸ਼ਰ ਸਿੰਘ ਕਿਥੇ ਹੈ" ਤਾਂ ਬੀਬੀ ਰਾਮ ਕੌਰ ਜੀ ਨੇ ਨਿਧੜਕ ਉਤਰ ਦਿੱਤਾ 'ਅਗਲੇ ਅੰਦਰ ਹੈ'। ਇਸ ਸਿਪਾਹੀ ਨੇ ਥਾਣੇਦਾਰ ਨੂੰ ਜਾ ਦੱਸਿਆ ਤਾਂ ਉਹ ਉਸੇ ਵੇਲੇ ਵਾਪਸ ਚਲੇ ਗਏ ਇਹ ਇਹਨਾਂ ਦੇ ਘਰ ਵਾਲਿਆਂ ਦੀ ਨਿਡਰਤਾ ਸੀ।

ਆਪ ਜਦ ਮਫ਼ਰੂਰ ਸਨ ਉਦੋਂ ਜਦ ਕਦੇ ਵੀ ਪਿੰਡ ਆਉਂਦੇ ਤਾਂ ਜਿਥੇ ਲੋਕਾਂ ਦਾ ਕੁਝ ਇਕੱਠ ਦੇਖਦੇ ਤਾਂ ਨਿਧੜਕ ਹੋ ਕੇ ਅੰਗਰੇਜ਼ਾਂ ਦੇ ਵਿਰੁੱਧ ਪ੍ਰਚਾਰ ਅਰੰਭ ਕਰ ਦਿੰਦੇ

ਸਨ। ਆਪ ਜੀ ਦੇ ਮਾਤਾ ਪਿਤਾ ਜੀ ਨੂੰ ਕਈ ਵੇਰ ਡਰਾਇਆ ਧਮਕਾਇਆ ਗਿਆ, ਪਰ ਆਪ ਉਹਨਾਂ ਦੇ ਹੱਥ ਨਾ ਆਏ। ਆਪ ਲਗਾਤਾਰ 6 ਮਹੀਨੇ ਗੁਪਤ ਰੂਪ ਵਿਚ ਫਿਰਦੇ ਰਹੇ ਅਤੇ ਆਪਣੀ ਪਾਰਟੀ ਨੂੰ ਜਥੇਬੰਦ ਅਤੇ ਮਜ਼ਬੂਤ ਬਣਾਉਂਦੇ ਰਹੇ। ਆਪ ਦੇ ਸਾਥੀ ਭਾਈ ਰਾਘੋ ਸਿੰਘ (ਉਰਫ ਉੱਤਮ ਸਿੰਘ) ਜਿਹਨਾਂ ਦਾ ਪਿੰਡ ਹਾਂਸ ਸੀ, ਸਦਾ ਸੰਗ ਰਹਿੰਦੇ ਸਨ।

ਅਖੀਰ ਇਕ ਦਿਨ ਫਰੀਦਕੋਟ ਰਿਆਸਤ ਵਿਚ ਸਬਜ਼ੀ ਵਾਸਤੇ ਗੁਵਾਰੇ ਦੀਆਂ ਫਲ਼ੀਆਂ ਤੋੜਦੇ ਹੋਇਆਂ ਨੂੰ ਪੁਲਿਸ ਨੇ ਜੋ ਸਫੇਦ ਕੱਪੜੇ ਪਹਿਨੇ ਹੋਏ ਸੀ ਇਸ ਤਰ੍ਹਾਂ ਕਹਿ ਕੇ ਇਥੇ ਸਾਡੀਆਂ ਮੱਝਾਂ ਗੁੰਮ ਗਈਆਂ ਹਨ 'ਕਿਤੇ ਆਪ ਨੇ ਤਾਂ ਨਹੀਂ ਦੇਖੀਆਂ' ਤਾਂ ਆਪ ਨੇ ਉੱਤਰ ਦਿੱਤਾ ਕਿ, "ਤੁਹਾਡੀਆਂ ਮੱਝਾਂ ਅਸੀਂ ਹੀ ਹਾਂ।" ਇਸ ਵੇਲੇ ਆਪ ਤੇ ਆਪ ਦੇ ਇਕ ਸਾਥੀ ਆਪਦੀ ਕੁਝ ਰਿਹਾਇਸ਼ ਤੋਂ ਕੁਝ ਦੂਰ ਸਨ ਨਹੀਂ ਤਾਂ ਪੁਲੀਸ ਨੂੰ ਉਨ੍ਹੀਂ ਪੈਰੀਂ ਵਾਪਸ ਮੋੜਦੇ। ਪਹਿਲਾਂ ਆਪ ਨੂੰ ਲੁਧਿਆਣਾ ਜੇਲ੍ਹ ਅਤੇ ਫਿਰ ਲਾਹੌਰ ਭੇਜਿਆ ਗਿਆ ਫਿਰ ਆਪ ਉੱਤੇ 28 ਨਵੰਬਰ 1915 ਨੂੰ ਡੀਫੈਂਸ ਆਫ ਇੰਡੀਆ ਐਕਟ ਅਨੁਸਾਰ ਸਾਜਿਸ਼ ਕੇਸ ਨੰਬਰ ਦੋ ਚਲਾਇਆ ਗਿਆ। ਆਪ ਨੇ ਕਿਸੇ ਰਿਸ਼ਤੇਦਾਰ ਜਾਂ ਦੋਸਤ ਦਾ ਨਾਂ ਤੱਕ ਨਹੀਂ ਲਿਆ। ਸਿਰਫ ਇਹੀ ਦੱਸਿਆ ਕਿ ਮੈਂ ਹੋਟਲਾਂ ਵਿਚੋਂ ਰੋਟੀ ਖਾਂਦਾ ਰਿਹਾ ਤੇ ਖੇਤਾਂ ਵਿਚ ਰਹਿੰਦਾ ਰਿਹਾ। 6 ਮਹੀਨੇ ਕੇਸ ਚਲਦਾ ਰਿਹਾ।

ਅਖ਼ੀਰ ਆਪ ਜੀ ਨੂੰ ਤਿੰਨ ਜੱਜਾਂ ਦੇ ਕਮਿਸ਼ਨ ਨੇ 30 ਮਾਰਚ 1916 ਨੂੰ ਫਾਂਸੀ ਦਾ ਹੁਕਮ ਦਿੱਤਾ। ਜੇਲ੍ਹ ਅੰਦਰ ਆਪ ਸਦਾ ਪੰਜਾਂ ਬਾਣੀਆਂ ਦਾ ਪਾਠ ਕਰਦੇ ਰਹਿੰਦੇ ਸਨ। 18 ਜੂਨ 1916 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਐਤਵਾਰ ਦੇ ਦਿਨ ਆਪ ਨੂੰ ਫ਼ਾਂਸੀ ਲਾ ਦਿੱਤਾ ਗਿਆ ਅਤੇ ਘਰਦਿਆਂ ਨੂੰ ਲਾਸ਼ ਤੱਕ ਵੀ ਨਹੀਂ ਦਿੱਤੀ।

***

# ਗ਼ਦਰੀ ਬਾਬਿਆਂ ਦਾ ਪਿੰਡ ਢੁੱਡੀਕੇ

-ਹਰੀ ਸਿੰਘ ਢੁੱਡੀਕੇ

ਪੰਜਾਬ ਦੇ ਮੋਗਾ ਜ਼ਿਲ੍ਹੇ ਦਾ ਪਿੰਡ ਢੁੱਡੀਕੇ ਹਿੰਦੋਸਤਾਨ ਦਾ ਇਤਿਹਾਸਕ ਪਿੰਡ ਹੈ। ਇਹ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੇ ਜਨਮ ਅਸਥਾਨ ਹੋਣ ਦੇ ਨਾਲ ਦਸ ਗ਼ਦਰੀ ਬਾਬਿਆਂ ਦੀ ਜਨਮ ਭੂਮੀ ਹੈ। ਦੇਸ਼ ਦੀ ਸੰਪੂਰਨ ਆਜ਼ਾਦੀ ਦਾ ਨਾਅਰਾ ਲਾਉਣ ਵਾਲੀ ਗ਼ਦਰ ਪਾਰਟੀ ਦਾ ਇਹ ਸਬ ਸੈਂਟਰ ਵੀ ਰਿਹਾ। ਆਜ਼ਾਦੀ ਸੰਗਰਾਮ ਦੀਆਂ ਵੱਖ-ਵੱਖ ਲਹਿਰਾਂ ਨਾਲ ਜੁੜੇ ਇਸ ਪਿੰਡ ਦਾ ਇਤਿਹਾਸ ਮਾਣਮੱਤਾ ਹੈ। ਸੰਨ 1911-12 ਵਿੱਚ ਪਿੰਡ ਦੇ ਲੋਕ ਰਾਜਸੀ ਤੌਰ 'ਤੇ ਜਾਗਰਿਤ ਹੋ ਗਏ ਸਨ। ਕੈਨੇਡਾ ਵਿੱਚ ਰੋਜ਼ੀ ਰੋਟੀ ਲਈ ਗਏ ਈਸ਼ਰ ਸਿੰਘ ਤੇ ਪਾਖਰ ਸਿੰਘ ਗ਼ਦਰ ਪਾਰਟੀ ਨਾਲ ਜੁੜ ਕੇ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨ ਲੱਗ ਪਏ। ਗ਼ਦਰ ਪਾਰਟੀ ਦੇ ਪ੍ਰੋਗਰਾਮ ਅਨੁਸਾਰ ਈਸ਼ਰ ਸਿੰਘ ਤੇ ਪਾਖਰ ਸਿੰਘ ਆਪਣੇ ਹੋਰ ਸਾਥੀਆਂ ਨਾਲ ਵਤਨ ਪਰਤ ਆਏ। ਉਨ੍ਹਾਂ ਗ਼ਦਰ ਪਾਰਟੀ ਦਾ ਸੁਨੇਹਾ ਘਰ-ਘਰ ਪਹੁੰਚਾਉਣ ਲਈ ਦਿਨ ਰਾਤ ਕੰਮ ਕੀਤਾ। ਈਸ਼ਰ ਸਿੰਘ ਫਿਰੋਜ਼ਪੁਰ ਜ਼ਿਲ੍ਹੇ ਦਾ ਗ਼ਦਰ ਪਾਰਟੀ ਵੱਲੋਂ ਮੁਖੀ ਥਾਪ ਦਿੱਤਾ ਸੀ। ਪਿੰਡ ਵਿੱਚ ਗ਼ਦਰ ਪਾਰਟੀ ਦਾ ਯੂਨਿਟ ਕਾਇਮ ਹੋ ਗਿਆ। ਪਾਲਾ ਸਿੰਘ ਵੱਡਾ, ਪਾਲਾ ਸਿੰਘ ਛੋਟਾ, ਸ਼ਾਮ ਸਿੰਘ, ਮਾਸਟਰ ਫੇਰਾ ਸਿੰਘ, ਰੂੜ ਸਿੰਘ, ਮਹਿੰਦਰ ਸਿੰਘ, ਸੁੰਦਰ ਸਿੰਘ ਤੇ ਅਤਰ ਸਿੰਘ ਗ਼ਦਰ ਪਾਰਟੀ ਲਈ ਕੰਮ ਕਰਨ ਲੱਗੇ। ਪਿੰਡ ਦੀਆਂ ਰਾਜਸੀ ਸਰਗਮੀਆਂ ਵੇਖ ਕੇ ਅੰਗਰੇਜ਼ੀ ਸਰਕਾਰ ਨੇ ਲਾਗਲੇ ਪਿੰਡ ਚੂਹੜਚੱਕ ਵਿਖੇ ਪੁਲੀਸ ਦੀ ਤਾਜ਼ੀਰੀ ਚੌਂਕੀ ਬਿਠਾ ਦਿੱਤੀ ਜਿਸ ਦਾ ਖਰਚਾ ਦੋਹਾਂ ਪਿੰਡਾਂ ਉੱਤੇ ਪਾਇਆ ਜਾਂਦਾ ਸੀ ਪਰ ਫਿਰ ਵੀ ਗ਼ਦਰੀਆਂ ਨੇ ਆਪਣੀ ਸਰਗਰਮੀ ਜਾਰੀ ਰੱਖੀ। ਪਿੰਡ ਵਿੱਚ ਜਗਤ ਸਿੰਘ ਸੁਰ ਸਿੰਘ, ਗਾਂਧਾ ਸਿੰਘ ਕੱਚਰਭੰਨ, ਨਿਧਾਨ ਸਿੰਘ ਚੁੱਘਾ, ਰੂੜ ਸਿੰਘ ਚੂਹੜਚੱਕ, ਉਤਮ ਸਿੰਘ ਹਾਂਸ, ਅਰਜਨ ਸਿੰਘ ਜਗਰਾਉਂ, ਬੂਟਾ ਸਿੰਘ, ਨੰਦ ਸਿੰਘ ਕੈਲੇ, ਗੁਰਮੁਖ ਸਿੰਘ ਲਲਤੋਂ ਤੇ ਜਵੰਦ ਸਿੰਘ ਨੰਗਲ ਕਲਾਂ ਲਗਾਤਾਰ ਆਉਂਦੇ ਜਾਂਦੇ ਰਹੇ।

ਗ਼ਦਰ ਪਾਰਟੀ ਦੇ ਹੁਕਮ ਅਨੁਸਾਰ 19 ਫਰਵਰੀ 1915 ਨੂੰ ਪਿੰਡ ਢੁੱਡੀਕੇ ਦੇ ਗ਼ਦਰੀ ਫਿਰੋਜ਼ਪੁਰ ਛਾਉਣੀ ਉੱਤੇ ਹਮਲਾ ਕਰਨ ਲਈ ਤਿਆਰੀ ਕਰਕੇ ਗਏ। ਕਪੂਰਥਲੇ ਤੇ ਵੱਲਾ ਪੁਲ ਦੇ ਸਾਕੇ ਵਿੱਚ ਵੀ ਭਾਗ ਲਿਆ। ਦੋਰਾਹੇ ਪੁਲ ਉੱਤੇ ਹਥਿਆਰ ਖੋਹਣ ਲਈ ਇਕੱਠੇ ਹੋ ਕੇ ਗਏ। ਕਰਤਾਰ ਸਿੰਘ ਸਰਾਭੇ ਦੇ ਨਾਲ ਰਲ ਕੇ ਕਈ ਡਾਕਿਆਂ ਵਿੱਚ

ਭਾਗ ਲਿਆ ਪਰ ਪਾਰਟੀ ਦੀ ਨੀਤੀ ਸੀ ਕਿ ਡਾਕੇ ਦਾ ਰੁਪਿਆ ਵਾਪਸ ਮੋੜਾਂਗੇ। ਇਸ ਗੱਲ ਨੂੰ ਸਭ ਨੇ ਪਹਿਲ ਦਿੱਤੀ। ਈਸ਼ਰ ਸਿੰਘ ਨੂੰ ਆਪਣੇ ਸਾਥੀ ਉਤਮ ਸਿੰਘ ਨਾਲ ਰਲ ਕੇ ਰੂਪੋਸ਼ ਹੋਣਾ ਪਿਆ। ਇਸੇ ਦੌਰਾਨ ਇਹ ਦੋਵੇਂ ਗ਼ਦਰੀ ਪਿੰਡ ਮਹਿਮਾ ਸਰਜਾ ਤੋਂ ਅੰਗਰੇਜ਼ੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਏ। ਪਿੰਡ ਦੇ ਦੂਜੇ ਗ਼ਦਰੀ ਵੀ ਗ੍ਰਿਫਤਾਰ ਕਰ ਲਏ ਗਏ। ਲਾਹੌਰ ਸਾਜਿਸ਼ ਕੇਸ ਨੰ: 2 ਅਧੀਨ ਇਨ੍ਹਾਂ ਉੱਤੇ ਮੁਕੱਦਮਾ ਚਲਾਇਆ ਗਿਆ। ਅਠਾਰਾਂ ਜੂਨ 1916 ਨੂੰ ਈਸ਼ਰ ਸਿੰਘ ਤੇ ਰੂੜ ਸਿੰਘ ਨੂੰ ਲਾਹੌਰ ਵਿੱਚ ਫਾਂਸੀ ਦਿੱਤੀ ਗਈ। ਪਾਖਰ ਸਿੰਘ ਨੂੰ ਉਮਰ ਕੈਦ, ਬਾਬਾ ਪਾਲਾ ਸਿੰਘ (ਛੋਟਾ) ਨੂੰ ਕਾਲੇਪਾਣੀ ਦੀ ਸਜ਼ਾ, ਸ਼ਾਮ ਸਿੰਘ ਨੂੰ ਤਿੰਨ ਸਾਲ, ਪਾਲਾ ਸਿੰਘ (ਵੱਡਾ) ਨੂੰ ਤਿੰਨ ਸਾਲ, ਮਹਿੰਦਰ ਸਿੰਘ ਨੂੰ ਤਿੰਨ ਸਾਲ, ਸੁੰਦਰ ਸਿੰਘ ਨੂੰ ਦੋ ਸਾਲ ਤੇ ਬਾਬਾ ਅਤਰ ਸਿੰਘ ਛੇ ਮਹੀਨੇ ਹਵਾਲਾਤ ਵਿਚ ਰਹੇ। ਮਾਸਟਰ ਫੇਰਾ ਸਿੰਘ ਨੂੰ ਦੋ ਸਾਲ ਦੀ ਸਜ਼ਾ ਹੋਈ।

ਪਿੰਡ ਦੇ ਗ਼ਦਰੀਆਂ ਦੀ ਮੱਦਦ ਕਰਨ ਬਦਲੇ ਪਿੰਡ ਦੇ ਬਿਸ਼ਨ ਸਿੰਘ, ਜੀਵਾ ਸਿੰਘ, ਕਾਲਾ ਸਿੰਘ ਤੇ ਬੂੜ ਸਿੰਘ ਲੰਬੜਦਾਰਾਂ ਦੀਆਂ ਲੰਬੜਦਾਰੀਆਂ ਤੋੜੀਆਂ ਗਈਆਂ। ਪਿੰਡ ਦੇ ਹੋਰ ਵੀ ਦੇਸ਼ ਭਗਤ ਸਨ ਜਿਨ੍ਹਾਂ ਨੇ ਬਹੁਤ ਤਸੀਹੇ ਜਰੇ। ਇੰਦਰ ਸਿੰਘ, ਬੱਗਾ ਸਿੰਘ, ਜੀਵਨ ਸਿੰਘ, ਮੇਵਾ ਸਿੰਘ ਤੇ ਪਰੇਮ ਸਿੰਘ ਕੌਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰ ਸਨ ਜਿਹੜੇ ਕਈ ਮਹੀਨੇ ਬਾਹਰ ਭਟਕਦੇ ਰਹੇ। ਇਨ੍ਹਾਂ ਤੋਂ ਬਿਨਾਂ ਪਿੰਡ ਦੇ ਦਸ ਆਦਮੀ ਅਜ਼ਾਦ ਹਿੰਦ ਫੌਜ ਵਿਚ ਸੇਵਾ ਕਰਦੇ ਰਹੇ। ਬਾਬਾ ਹਰਨਾਮ ਸਿੰਘ ਨੇ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਤੇ ਬਾਬਾ ਹਰੀ ਸਿੰਘ ਨੇ ਜੈਤੋ ਦੇ ਮੋਰਚੇ ਵਿੱਚ ਸ਼ਹੀਦੀ ਪ੍ਰਾਪਤ ਕੀਤੀ।

ਪਿੰਡ ਢੁੱਡੀਕੇ ਨੇ ਜਿਥੇ ਰਾਜਸੀ ਪਿੜ ਅੰਦਰ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ ਉਥੇ ਸਾਹਿਤਕ ਖੇਤਰ ਵਿਚ ਵੀ ਢੁੱਡੀਕੇ ਦਾ ਵਿਸ਼ੇਸ਼ ਨਾਂ ਹੈ। ਪੰਜਾਬੀ ਦੇ ਸਿਰਮੌਰ ਨਾਵਲਕਾਰ ਜਸਵੰਤ ਸਿੰਘ ਕੰਵਲ ਪਿੰਡ ਢੁੱਡੀਕੇ ਦਾ ਮਾਣ ਹਨ। ਉਨ੍ਹਾਂ ਦੀ ਜੀਵਨ ਸਾਥਣ ਡਾ. ਜਸਵੰਤ ਗਿੱਲ ਨੇ ਔਰਤ ਜਾਤੀ ਲਈ ਪੰਜਾਬੀ ਸਾਹਿਤ ਵਿੱਚ ਵੱਖਰੀ ਕਿਸਮ ਦਾ ਸਾਹਿਤ ਰਚ ਕੇ ਆਪਣੀ ਪਹਿਚਾਣ ਬਣਾਈ। ਇਨ੍ਹਾਂ ਤੋਂ ਬਿਨਾਂ ਡਾ. ਅਜੀਤ ਸਿੰਘ, ਡਾ. ਦਰਸ਼ਨ ਗਿੱਲ, ਡਾ. ਗੁਰਚਰਨ ਸਿੰਘ, ਡਾ. ਬਿਕਰਮ ਗਿੱਲ, ਡਾ. ਜੁਗਿੰਦਰ ਨਹਿਰੂ, ਡਾ. ਪਰਮਿੰਦਰ ਸਿੰਘ, ਡਾ. ਅਮਰਜੀਤ, ਯੁਵਰਾਜ ਰਤਨ, ਰਘਬੀਰ ਸਿੰਘ, ਸਤਿਨਾਮ ਸਿੰਘ ਸੰਦੇਸ਼ੀ, ਪ੍ਰੋ. ਕੰਵਲਜੀਤ ਸਿੰਘ, ਗੁਰਚਰਨ ਢੁੱਡੀਕੇ, ਹਰੀ ਸਿੰਘ ਢੁੱਡੀਕੇ ਤੇ ਆਤਮਾ ਸਿੰਘ ਹੋਰ ਵੀ ਸਾਹਿਤਕ ਨਾਮ ਹਨ ਜਿਨ੍ਹਾਂ ਨੇ ਸਾਹਿਤਕ ਖੇਤਰ ਵਿਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ।

ਪਿੰਡ ਢੁੱਡੀਕੇ ਹੁਣ ਤਾਂ ਆਧੁਨਿਕ ਸਹੂਲਤਾਂ ਵਾਲਾ ਪਿੰਡ ਹੈ। ਪਿੰਡ ਵਿੱਚ ਪੰਜਾਬ ਨੈਸ਼ਨਲ ਬੈਂਕ, ਜਲ ਘਰ, ਦਾਣਾ ਮੰਡੀ, ਟੈਲੀਫੋਨ ਐਕਸਚੇਂਜ, ਆਧੁਨਿਕ ਸ਼ਮਸ਼ਾਨ ਭੂਮੀ, ਕਮਿਊਨਿਟੀ ਹਾਲ, ਨੈਸਲੇ ਡੇਅਰੀ, ਸਬ ਪੋਸਟ ਆਫਿਸ, ਪ੍ਰਾਇਮਰੀ ਹੈਲਥ ਸੈਂਟਰ, ਆਰ.ਓ. ਪਲਾਂਟ, ਸਿਲਾਈ ਕਢਾਈ ਤੇ ਕੰਪਿਊਟਰ ਸਿਖਲਾਈ ਸੈਂਟਰ,

ਸਹਿਕਾਰੀ ਸਭਾ ਅਤੇ ਲਾਇਬਰੇਰੀ ਦੀਆਂ ਸਹੂਲਤਾਂ ਉਪਲਬਧ ਹਨ। ਪਿੰਡ ਵਿਚ ਹਰ ਸਾਲ 26-27-28 ਜਨਵਰੀ ਨੂੰ ਤਿੰਨ ਦਿਨਾਂ ਲਾਲਾ ਲਾਜਪਤ ਰਾਏ ਖੇਡ ਮੇਲਾ ਮਨਾਇਆ ਜਾਂਦਾ ਹੈ। ਇਸ ਦੇ ਨਾਲ ਹੀ ਪਿਛਲੇ ਕਈ ਸਾਲਾਂ ਤੋਂ ਪਿੰਡ ਢੁੱਡੀਕੇ ਦੇ ਗ਼ਦਰੀ ਸ਼ਹੀਦਾਂ ਤੇ ਦੇਸ਼ ਭਗਤਾਂ ਦੀ ਯਾਦ ਵਿਚ 'ਮੇਲਾ ਗ਼ਦਰੀ ਬਾਬਿਆਂ ਦਾ' ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ, ਜਿਸ ਦਾ ਪ੍ਰਬੰਧ 'ਦੇਸ਼ ਭਗਤ ਗ਼ਦਰੀ ਬਾਬੇ ਯਾਦਗਾਰੀ ਕਮੇਟੀ ਢੁੱਡੀਕੇ' ਵੱਲੋਂ ਲੋਕਾਂ ਦੇ ਸਹਿਯੋਗ ਨਾਲ ਕੀਤਾ ਜਾਂਦਾ ਹੈ। ਕਮੇਟੀ ਵੱਲੋਂ ਹਰ ਸਾਲ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਰੰਗਦਾਰ ਤੇ ਚੰਗੀ ਜਾਣਕਾਰੀ ਵਾਲਾ ਸੋਵੀਨਰ ਛਾਪ ਕੇ ਲੋਕਾਂ ਵਿੱਚ ਮੁਫ਼ਤ ਵੰਡਿਆ ਜਾਂਦਾ ਹੈ। ਗ਼ਦਰੀ ਬਾਬਿਆਂ ਦੇ ਮੇਲੇ ਉੱਤੇ ਸ਼ਹੀਦਾਂ ਤੇ ਦੇਸ਼ ਭਗਤਾਂ ਬਾਰੇ ਉਸਾਰੂ ਨਾਟਕ ਕਰਵਾਏ ਜਾਂਦੇ ਹਨ। ਇਸ ਤੋਂ ਬਿਨਾਂ ਗ਼ਦਰੀ ਬਾਬਿਆਂ ਬਾਰੇ ਭਾਸ਼ਨ ਦੇਣ ਲਈ ਬਾਹਰੋਂ ਵਿਦਵਾਨਾਂ ਨੂੰ ਵੀ ਬੁਲਾਇਆ ਜਾਂਦਾ ਹੈ।

ਪਿੰਡ ਢੁੱਡੀਕੇ ਵਿੱਚ ਸ਼ੁਰੂ ਤੋਂ ਲੈ ਕੇ ਆਪਸੀ ਪਰੇਮ ਤੇ ਭਰਾਤਰੀ ਭਾਵ ਬਣਿਆ ਰਿਹਾ ਹੈ। ਪਿੰਡ ਦੇ ਪਿਛੋਕੜ ਵੱਲ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਪਿੰਡ ਢੁੱਡੀਕੇ ਮੁੱਖ ਤੌਰ 'ਤੇ ਗਿੱਲਾਂ ਦਾ ਪਿੰਡ ਹੈ ਜਿਨ੍ਹਾਂ ਦੀਆਂ ਪਿੰਡ ਵਿੱਚ ਕੌਲੂ, ਝੰਡਾ, ਨੱਥੂ, ਕਪੂਰਾ ਤੇ ਬਾਜਾ ਪੰਜ ਪੱਤੀਆਂ ਹਨ। ਛੇਵੀਂ ਪੱਤੀ ਹੇਰ੍ਹ ਹੈ। ਹੇਰ੍ਹਾਂ ਦਾ ਪਿਛੋਕੜ ਪਿੰਡ ਹੇਰ੍ਹ ਨਾਲ ਹੈ। ਪਿੰਡ ਦੇ ਪੁਰਾਣੇ ਨਕਸ਼ੇ ਤੋਂ ਪਤਾ ਲੱਗਦਾ ਹੈ ਕਿ ਹੇਰ੍ਹ ਵੀ ਗਿੱਲਾਂ ਦੇ ਸਮਕਾਲੀ ਹਨ। ਪਿੰਡ ਬੱਝਣ ਬਾਰੇ ਕੁੱਝ ਜਾਣਕਾਰੀ ਮਿਲਦੀ ਹੈ। ਜੱਟਾਂ ਦੇ ਗਿੱਲ ਗੋਤ ਦੇ ਬਾਨੀ ਗਿੱਲਪਾਲ ਦੀ ਨੌਵੀਂ ਪੀੜ੍ਹੀ ਵਿੱਚ ਢੁੱਡੀ ਗਿੱਲ ਹੋਇਆ। ਇਹ ਅੱਠ ਭਰਾ ਸਨ। ਵੱਡੇ ਭਰਾ ਸ਼ਾਹਣੀ ਦੀ ਪੰਜਵੀਂ ਪੀੜ੍ਹੀ ਵਿੱਚ ਮੋਗਾ ਨੇ ਜਨਮ ਲਿਆ ਜਿਸ ਦੇ ਨਾਂ ਉੱਤੇ ਪਿੰਡ ਮੋਗਾ ਬੰਨ੍ਹਿਆ ਜਿਹੜਾ ਅੱਜਕੱਲ ਪੰਜਾਬ ਦਾ ਮਸ਼ਹੂਰ ਸ਼ਹਿਰ ਹੈ। ਢੁੱਡੀ ਦੀ ਪੀੜ੍ਹੀ ਵਿੱਚੋਂ ਮੋਗਾ ਦਾ ਸਮਕਾਲੀ ਮਨਸੂਰ ਸੀ। ਮਨਸੂਰ ਦੀ ਚੌਥੀ ਪੀੜ੍ਹੀ ਵਿਚ ਗੁਰਦਾਸ, ਬਾਸੋ ਤੇ ਸਲੇਮ ਸ਼ਾਹ ਹੋਏ। ਤਿੰਨੇ ਭਰਾਵਾਂ ਦੀ ਔਲਾਦ ਨੇ ਗੁਰਦਾਸ ਦੇ ਪੁੱਤਰ ਭੂਮੀਏ ਨਾਲ ਰਲ ਕੇ ਸੰਨ 1580 ਤੋਂ 1590 ਦੇ ਦਰਮਿਆਨ ਪਿੰਡ ਦੀ ਮੋਹੜੀ ਗੱਡੀ। ਗਿੱਲ ਤੇ ਹੇਰ੍ਹਾਂ ਤੋਂ ਬਿਨਾਂ ਹੋਰ ਸੰਧੂ, ਧਾਲੀਵਾਲ, ਧਨੋਏ, ਗਰੇਵਾਲ, ਪੰਨੂੰ, ਔਲਖ, ਬਾਸੀ, ਭੁੱਲਰ, ਸਰਾਂ ਤੇ ਢੀਂਡਸੇ ਗੋਤ ਦੇ ਪਰਿਵਾਰ ਵੱਸਦੇ ਹਨ।

ਪਛੜੀਆਂ ਸ਼੍ਰੇਣੀਆਂ ਵਿੱਚ ਦਰਜੀ, ਮਿਸਤਰੀ, ਮਹਿਰੇ, ਸੱਧਰ, ਪਰਜਾਪਤ, ਤੇਲੀ, ਬਾਜ਼ੀਗਰ ਤੇ ਵਰਾਗੀ ਪਰਿਵਾਰ ਹਨ। ਮਹਾਜਨ, ਅਰੋੜੇ ਤੇ ਸੁਨਿਆਰ ਪਰਿਵਾਰ ਵੀ ਘੁੱਗ ਵਸਦੇ ਹਨ। ਅਨੁਸੂਚਿਤ ਜਾਤੀ ਵਿੱਚੋਂ ਰਮਦਾਸੀਏ ਸਿੱਖ ਤੇ ਮਜ਼੍ਹਬੀ ਸਿੱਖਾਂ ਦੇ ਬਹੁਤ ਪਰਿਵਾਰ ਹਨ। ਮਜ਼੍ਹਬੀ ਸਿੱਖਾਂ ਦੇ ਚਾਰ ਵਿਹੜੇ ਹਨ। ਮਜ਼੍ਹਬੀ ਸਿੱਖਾਂ ਤੇ ਰਮਦਾਸੀਏ ਸਿੱਖਾਂ ਵਿੱਚੋਂ ਕਈ ਲੜਕੇ-ਲੜਕੀਆਂ ਚੰਗੇ ਪੜ੍ਹੇ ਲਿਖੇ ਹਨ। ਕਈ ਪਰਿਵਾਰ ਕੈਨੇਡਾ, ਅਸਟਰੇਲੀਆ ਤੇ ਹੋਰ ਦੇਸ਼ਾਂ ਵਿੱਚ ਵੀ ਚਲੇ ਗਏ ਹਨ। ਜੱਟ ਸਿੱਖਾਂ ਵਿੱਚੋਂ ਤਾਂ ਵੱਡੀ ਗਿਣਤੀ ਵਿਚ ਪਰਿਵਾਰ ਅਮਰੀਕਾ ਤੇ ਕੈਨੇਡਾ ਵਿਚ ਵੱਸਦੇ ਹਨ ਪਰ ਪਿੰਡ ਦੇ ਬਾਹਰ

ਚਲੇ ਗਏ ਲੋਕਾਂ ਦੀ ਖੂਬੀ ਹੈ ਕਿ ਉਨ੍ਹਾਂ ਨੇ ਆਪਣੇ ਪਿੰਡ ਨੂੰ ਭੁਲਾਇਆ ਨਹੀਂ। ਇਹ ਲੋਕ ਹਰ ਸਾਲ ਸਿਆਲਾਂ ਵਿਚ ਖੇਡ ਮੇਲੇ ਉੱਤੇ ਤੇ ਗ਼ਦਰੀ ਬਾਬਿਆਂ ਦੇ ਮੇਲੇ ਉੱਤੇ ਜ਼ਰੂਰ ਪਿੰਡ ਆਉਂਦੇ ਹਨ। ਐਨ.ਆਰ.ਆਈ. ਵੀਰਾਂ ਦਾ ਪਿੰਡ ਦੇ ਵਿਕਾਸ ਵਿੱਚ ਬਹੁਤ ਵੱਡਾ ਯੋਗਦਾਨ ਹੈ।

ਪਿੰਡ ਦੀਆਂ ਵਿਦਿਅਕ ਸੰਸਥਾਵਾਂ ਦੀ ਗੱਲ ਕਰਨੀ ਵੀ ਬਣਦੀ ਹੈ। ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਦਾ ਨਾਂ ਗ਼ਦਰੀ ਸ਼ਹੀਦ ਬਾਬਾ ਈਸ਼ਰ ਸਿੰਘ ਦੇ ਨਾਂ ਉੱਤੇ ਅਤੇ ਸਰਕਾਰੀ ਸੀ: ਸੈਕੰਡਰੀ ਸਕੂਲ ਦਾ ਨਾਂ ਬਾਬਾ ਪਾਖਰ ਸਿੰਘ ਦੇ ਨਾਂ ਉੱਤੇ ਰੱਖਿਆ ਹੈ। ਪਿੰਡ ਵਿੱਚ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਇਕ ਲਾਟ ਯਾਦਗਾਰ ਤੇ ਇਕ ਗੇਟ ਬਣਿਆ ਹੋਇਆ ਹੈ। ਦੇਸ਼ ਭਗਤ ਗ਼ਦਰੀ ਬਾਬੇ ਯਾਦਗਾਰੀ ਕਮੇਟੀ ਢੁੱਡੀਕੇ ਦਾ ਇਹ ਯਤਨ ਹੈ ਕਿ ਪਿੰਡ ਵਿੱਚ ਗ਼ਦਰੀ ਬਾਬਿਆਂ ਦੀ ਯਾਦ ਵਿੱਚ ਇੱਕ ਢੁਕਵੀਂ ਯਾਦਗਾਰ ਬਣਾਈ ਜਾਵੇ। ਸ਼ਾਲਾ! ਪਿੰਡ ਢੁੱਡੀਕੇ ਵਿੱਚ ਅਧੂਰੇ ਪਏ ਵਿਕਾਸ ਦੇ ਕੰਮ ਪੂਰੇ ਹੋਣ ਤੇ ਪਿੰਡ ਤਰੱਕੀ ਦੀਆਂ ਲੀਹਾਂ ਵੱਲ ਵਧਦਾ ਰਹੇ।

***

# ਪਿੰਡ ਢੁੱਡੀਕੇ ਦੇ ਹੋਰ ਗ਼ਦਰੀ

-ਹਰੀ ਸਿੰਘ ਢੁੱਡੀਕੇ

## (ੳ) ਗ਼ਦਰੀ ਦੇਸ਼ ਭਗਤ ਬਾਬਾ ਪਾਲਾ ਸਿੰਘ ਢੁੱਡੀਕੇ

ਗ਼ਦਰੀ ਦੇਸ਼ ਭਗਤ ਬਾਬਾ ਪਾਲਾ ਸਿੰਘ ਦਾ ਜਨਮ ਪਿਤਾ ਸ. ਬੱਗਾ ਸਿੰਘ ਦੇ ਘਰ 1885 ਈ. ਵਿੱਚ ਪਿੰਡ ਢੁੱਡੀਕੇ ਵਿਖੇ ਹੋਇਆ। ਬਚਪਨ ਵਿੱਚ ਹੀ ਪਿਤਾ ਦਾ ਸਾਇਆ ਸਿਰ ਉੱਤੋਂ ਉੱਠ ਗਿਆ। ਘਰ ਦੀ ਆਰਥਿਕ ਹਾਲਤ ਚੰਗੀ ਨਹੀਂ ਸੀ। ਅਠਾਰਾਂ ਸਾਲ ਦੀ ਉਮਰ 'ਚ ਰੋਜ਼ੀ ਰੋਟੀ ਲਈ ਆਪਣੇ ਮਾਮੇ ਕੋਲ ਹਾਂਗਕਾਂਗ ਪਹੁੰਚ ਗਏ। ਉਥੇ ਆਪ ਦਾ ਮੇਲ ਗ਼ਦਰ ਪਾਰਟੀ ਦੇ ਪ੍ਰਚਾਰਕ ਭਾਈ ਭਗਵਾਨ ਸਿੰਘ ਨਾਲ ਹੋ ਗਿਆ। ਭਗਵਾਨ ਸਿੰਘ ਨੇ ਦੱਸਿਆ ਕਿ ਅਮਰੀਕਾ ਵਿੱਚ ਗ਼ਦਰ ਪਾਰਟੀ ਦੀ ਬੁਨਿਆਦ ਰੱਖੀ ਗਈ ਹੈ। ਗ਼ਦਰ ਪਾਰਟੀ ਨੇ ਭਾਰਤ ਵਿੱਚੋਂ ਅੰਗਰੇਜ਼ਾਂ ਨੂੰ ਹਥਿਆਰਾਂ ਰਾਹੀਂ ਕੱਢ ਕੇ ਅਜ਼ਾਦੀ ਲਿਆਉਣ ਦਾ ਫੈਸਲਾ ਕੀਤਾ ਹੈ। ਤੂੰ ਪਿੰਡ ਮੁੜ ਜਾਹ ਤੇ ਹਥਿਆਰ ਚਲਾਉਣੇ ਸਿੱਖ ਲੈ! ਬਾਬਾ ਪਾਲਾ ਸਿੰਘ ਸ਼ੁਰੂ ਤੋਂ ਬਹੁਤ ਦ੍ਰਿੜ ਇਰਾਦੇ ਦਾ ਮਾਲਕ ਸੀ। ਇੱਕ ਪਾਸੇ ਘਰ ਵਿੱਚ ਆਰਥਿਕ ਤੰਗੀ ਸੀ ਤੇ ਦੂਜੇ ਪਾਸੇ ਦੇਸ਼ ਦੀ ਆਜ਼ਾਦੀ ਦਾ ਮਸਲਾ ਸੀ। ਭਗਵਾਨ ਸਿੰਘ ਦੀਆਂ ਗੱਲਾਂ ਨੇ ਉਸ ਉੱਤੇ ਜਾਦੂ ਵਾਂਗ ਅਸਰ ਕੀਤਾ ਸ੍ਰੀ। ਇਸ ਕਰਕੇ ਬਾਬਾ ਪਾਲਾ ਸਿੰਘ ਵਾਪਸ ਪਿੰਡ ਆ ਗਿਆ। ਉਸ ਦਾ ਕੱਦ ਲੰਬਾ ਸੀ ਤੇ ਸਰੀਰ ਮਜ਼ਬੂਤ। ਉਹ ਫੌਜ ਵਿੱਚ ਭਰਤੀ ਹੋ ਗਿਆ। ਇੱਕ ਸਾਲ ਬਾਅਦ ਉਹ ਫੌਜ ਵਿੱਚੋਂ ਛੁੱਟੀ ਕੱਟਣ ਆਇਆ। ਉਸ ਨੂੰ ਭਗਵਾਨ ਸਿੰਘ ਦੀਆਂ ਗੱਲਾਂ ਹਾਲੇ ਵੀ ਯਾਦ ਸਨ ਤੇ ਫਿਰ ਉਹ ਮੁੜ ਕੇ ਫੌਜ ਵਿਚ ਨਾ ਗਿਆ ਤੇ ਗ਼ਦਰ ਪਾਰਟੀ 'ਚ ਸ਼ਾਮਲ ਹੋ ਗਿਆ। ਉਨ੍ਹਾਂ ਦਿਨਾਂ ਵਿੱਚ ਬਾਬਾ ਰੂੜ ਸਿੰਘ ਚੂਹੜਚੱਕ ਦੇ ਪ੍ਰਭਾਵ ਸਦਕਾ ਇਲਾਕਾ ਢੁੱਡੀਕੇ ਤਾਂ ਗ਼ਦਰੀਆਂ ਦਾ ਗੜ੍ਹ ਬਣ ਗਿਆ ਸੀ। ਬਾਬਾ ਈਸ਼ਰ ਸਿੰਘ ਤੇ ਬਾਬਾ ਪਾਖਰ ਸਿੰਘ ਕੈਨੇਡਾ ਤੋਂ ਆ ਗਏ ਸਨ। ਪਿੰਡ ਢੁੱਡੀਕੇ ਵਿੱਚ ਗ਼ਦਰ ਪਾਰਟੀ ਦਾ ਯੂਨਿਟ ਕਾਇਮ ਹੋਇਆ ਤਾਂ ਪਿੰਡ ਦੇ ਹੀ ਦਸ ਬੰਦੇ ਇਸ ਵਿੱਚ ਸ਼ਾਮਲ ਹੋ ਗਏ। ਢੁੱਡੀਕੇ ਗ਼ਦਰ ਪਾਰਟੀ ਦਾ ਸਬ ਸੈਂਟਰ ਬਣ ਗਿਆ।

ਗ਼ਦਰ ਪਾਰਟੀ ਨੇ ਭਾਰਤੀ ਫੌਜ ਵਿੱਚ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਗੱਲ ਚਲਾਈ ਤਾਂ ਭਾਰਤੀ ਫੌਜ ਦਾ ਫੈਸਲਾ ਸੀ ਕਿ ਗ਼ਦਰੀ ਅੰਗਰੇਜ਼ਾਂ ਦੀਆਂ ਛਾਉਣੀਆਂ ਵਿੱਚੋਂ ਹਥਿਆਰ ਇਕੱਠੇ ਕਰਨ ਤੇ ਫੇਰ ਹੀ ਫੌਜ ਉਨ੍ਹਾਂ ਦਾ ਸਾਥ ਦੇਵੇਗੀ। ਇਸ ਕਰਕੇ

ਗ਼ਦਰੀਆਂ ਨੇ ਅੰਗਰੇਜ਼ਾਂ ਦੇ ਅਸਲਾਖਾਨਿਆਂ ਤੋਂ ਹਥਿਆਰ ਲੁੱਟਣ ਦਾ ਪ੍ਰੋਗਰਾਮ ਬਣਾ ਲਿਆ। ਹੋਰ ਥਾਵਾਂ ਵਾਂਗ ਹੀ ਕਪੂਰਥਲੇ ਉੱਤੇ ਹਮਲੇ ਦੀ ਸਕੀਮ ਬਣੀ ਤਾਂ ਉਸ ਜੱਥੇ ਵਿਚ ਬਾਬਾ ਪਾਲਾ ਸਿੰਘ ਵੀ ਸ਼ਾਮਲ ਸੀ। ਉਨ੍ਹਾਂ ਕੋਲ ਹਥਿਆਰ ਘੱਟ ਸਨ। ਵੱਲਾ ਪੁੱਲ ਤੋਂ ਹਥਿਆਰ ਖੋਹਣ ਦੀ ਯੋਜਨਾ ਗਈ। ਹਥਿਆਰ ਤਾਂ ਖੋਹ ਲਏ ਗਏ ਪਰ ਅੱਗੇ ਪੁਲਿਸ ਨਾਲ ਮੁੱਠਭੇੜ ਸ਼ੁਰੂ ਹੋ ਗਈ। ਗੋਲੀਆਂ ਚੱਲਦੀਆਂ ਰਹੀਆਂ। ਗ਼ਦਰੀ ਭੁੱਖੇ ਪਿਆਸੇ ਅੱਗੇ ਵੀ ਵਧਦੇ ਤੇ ਪੁਲਿਸ ਦੀਆਂ ਗੋਲੀਆਂ ਦਾ ਜਵਾਬ ਵੀ ਦਿੰਦੇ। ਬਹੁਤੇ ਗ਼ਦਰੀ ਫੜੇ ਗਏ ਪਰ ਬਾਬਾ ਪਾਲਾ ਸਿੰਘ ਬਚ ਕੇ ਨਿਕਲ ਗਿਆ। ਤਿੰਨੇ ਮਹੀਨੇ ਉਹ ਰੂਪੋਸ਼ ਰਹੇ ਪਰ ਅਖੀਰ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਲਾਹੌਰ ਸੈਂਟਰਲ ਜੇਲ੍ਹ ਵਿੱਚ ਉਨ੍ਹਾਂ ਉੱਤੇ ਮੁਕੱਦਮਾ ਚੱਲਿਆ। ਜੇਲ੍ਹ ਵਿੱਚ ਉਨ੍ਹਾਂ ਉੱਤੇ ਬੜੀ ਸਖ਼ਤੀ ਕੀਤੀ ਜਾਂਦੀ ਸੀ। ਇੱਕ ਸਾਲ ਬਾਅਦ ਬਾਬਾ ਪਾਲਾ ਸਿੰਘ ਨੂੰ ਵੀਹ ਸਾਲ ਦੀ ਸਖ਼ਤ ਸਜ਼ਾ ਸੁਣਾਈ ਗਈ। ਸੱਤ ਸਾਲ ਤੋਂ ਵੱਧ ਸਜ਼ਾ ਵਾਲੇ ਗ਼ਦਰੀਆਂ ਨੂੰ ਪੰਜਾਬ ਤੋਂ ਬਾਹਰ ਦੀਆਂ ਜੇਲ੍ਹਾਂ ਵਿੱਚ ਭੇਜਿਆ ਗਿਆ ਤੇ ਬਾਬਾ ਪਾਲਾ ਸਿੰਘ, ਇੰਦਰ ਸਿੰਘ ਸ਼ੇਖ ਦੌਲਤ, ਅਰਜਣ ਸਿੰਘ ਜਗਰਾਉਂ ਤੇ ਬਾਬਾ ਰਣਧੀਰ ਸਿੰਘ ਨਾਰੰਗਵਾਲ ਸਮੇਤ 32 ਗ਼ਦਰੀ ਸ਼ਾਮਲ ਸਨ। ਛੇ ਮਹੀਨੇ ਪਿੱਛੋਂ 32 ਹੋਰ ਗ਼ਦਰੀ ਇਸ ਜੇਲ੍ਹ ਵਿੱਚ ਆ ਗਏ।

ਹਜ਼ਾਰੀ ਬਾਗ ਜੇਲ੍ਹ ਅਧਿਕਾਰੀਆਂ ਦਾ ਗ਼ਦਰੀ ਕੈਦੀਆਂ ਨਾਲ ਵਤੀਰਾ ਬਹੁਤ ਸਖ਼ਤੀ ਵਾਲਾ ਸੀ। ਘਟੀਆ ਖਾਣਾ ਦਿੱਤਾ ਜਾਂਦਾ। ਨਿੱਕੀ-ਨਿੱਕੀ ਗੱਲ ਉੱਤੇ ਹੱਥਕੜੀ ਜਾਂ ਬੈਂਤਾਂ ਦੀ ਸਜ਼ਾ ਦਿੱਤੀ ਜਾਂਦੀ। ਬਾਬਾ ਪਾਲਾ ਸਿੰਘ ਦਾ ਵੀ ਜੇਲ੍ਹ ਵਾਰਡਨ ਨਾਲ ਕਈ ਵਾਰ ਟਾਕਰਾ ਹੋਇਆ। ਉਸਨੂੰ ਕਈ ਵਾਰ ਸਖ਼ਤ ਸਜ਼ਾ ਵੀ ਮਿਲੀ। ਬਾਬਾ ਰਣਧੀਰ ਸਿੰਘ ਉਸ ਨੂੰ ਦਲ ਸਿੰਘ ਆਖ ਕੇ ਬੁਲਾਇਆ ਕਰਦਾ ਸੀ ਤੇ ਦਲ ਸਿੰਘ ਵੀ ਆਪਣੇ ਸਾਥੀਆਂ ਦਾ ਮੋਹਰੀ ਬਣ ਕੇ ਰਿਹਾ। ਜੇਲ੍ਹਰ ਆਮ ਹੀ ਗ਼ਦਰੀਆਂ ਦੀ ਸ਼ਿਕਾਇਤ ਕਰਦਾ ਤੇ ਫਿਰ ਉੱਚ ਅਧਿਕਾਰੀ ਗ਼ਦਰੀਆਂ ਨੂੰ ਸਜ਼ਾਵਾਂ ਦਿੰਦੇ ਪਰ ਬਾਬਾ ਪਾਲਾ ਸਿੰਘ ਤੇ ਉਸ ਦੇ ਸਾਥੀ ਇਨ੍ਹਾਂ ਨੂੰ ਟਿੱਚ ਸਮਝਦੇ। ਇਕੱਠੇ ਹੋ ਕੇ ਜੇਲ੍ਹ ਵਿੱਚੋਂ ਦੌੜਨ ਦਾ ਫੈਸਲਾ ਕਰ ਲਿਆ। ਪੂਰੀ ਸਕੀਮ ਘੜ ਲਈ। ਮਿਥੀ ਹੋਈ ਸਕੀਮ ਅਨੁਸਾਰ ਜੇਲ੍ਹਰ ਤੋਂ ਚਾਬੀਆਂ ਦਾ ਗੁੱਛਾ ਖੋਹ ਕੇ ਲੋਹੇ ਦਾ ਗੇਟ ਖੋਲ੍ਹ ਲਿਆ। ਕਈ ਗ਼ਦਰੀ ਭੱਜ ਕੇ ਬਾਹਰਲੀ ਦੀਵਾਰ ਕੋਲ ਗਏ। ਪੰਜ-ਛੇ ਜਣੇ ਉਨ੍ਹਾਂ ਦੋ ਮੋਢਿਆਂ ਉੱਤੇ ਪੈਰ ਰੱਖ ਕੇ ਕੰਧ ਉੱਤੇ ਚੜ੍ਹ ਗਏ ਤੇ ਬਾਹਰ ਛਾਲਾਂ ਮਾਰ ਗਏ। ਜੇਲ੍ਹ ਵਿਚ ਪਤਾ ਲੱਗਣ ਉਤੇ ਅਲਾਰਮ ਵੱਜ ਗਿਆ। ਅੱਧੀ ਰਾਤ ਦਾ ਸਮਾਂ ਸੀ। ਇੱਕ ਗ਼ਦਰੀ ਨੇ ਇੱਕ ਸਿਪਾਹੀ ਦੇ ਜਿੰਦਰਾ ਜੜ ਦਿੱਤਾ। ਉਹ ਬੰਬ ਸਮਝ ਕੇ ਰੌਲਾ ਪਾਉਣ ਲੱਗਾ। ਏਨੇ ਵਿਚ ਹੋਰ ਗ਼ਦਰੀ ਕੰਧ ਟੱਪ ਗਏ। ਕਈਆਂ ਦੇ ਗਿੱਟੇ ਟੁੱਟ ਗਏ। ਕਿਸੇ ਦਾ ਗੋਡਾ ਟੁੱਟ ਗਿਆ। ਪੈਰ ਪਾਟ ਗਏ, ਜਿਹੜੇ ਭੱਜ ਸਕਦੇ ਸੀ ਉਨ੍ਹਾਂ ਨੂੰ ਡਿੱਗੇ ਪਏ ਸਾਥੀਆਂ ਨੂੰ ਭਜਾ ਦਿੱਤਾ। ਪਾਲਾ ਸਿੰਘ ਵੀ ਭੱਜ ਜਾਣ ਵਾਲਿਆਂ ਵਿਚ ਸ਼ਾਮਲ ਸੀ। ਸੰਘਣਾ ਜੰਗਲ, ਕੰਡੇਦਾਰ ਝਾੜੀਆਂ, ਹੱਥ ਮਾਰਿਆਂ ਨਹੀਂ ਸੀ ਦਿਸਦਾ। ਅਣਜਾਣਿਆਂ ਇਲਾਕਾ ਦੇਸ਼ ਦੀ ਅਜ਼ਾਦੀ ਦੀ

ਤੜਪ ਗ਼ਦਰੀਆ ਨੂੰ ਡਰਾਉਣੇ ਜੰਗਲ ਵਿਚ ਲੈ ਆਈ। ਬਾਬਾ ਪਾਲਾ ਸਿੰਘ ਆਪਣੇ ਸਾਥੀਆਂ ਨਾਲ ਝਾੜੀਆਂ ਵਿੱਚ ਛੁਪ ਕੇ ਬੈਠੇ ਰਹੇ। ਫਰਵਰੀ ਦੀ ਅੱਧੀ ਰਾਤ, ਪੂਰੀ ਠੰਢ। ਕੋਲ ਕਿਸੇ ਦੇ ਵੀ ਕੋਈ ਕੱਪੜਾ ਨਹੀਂ। ਲੱਤਾਂ ਬਾਹਾਂ ਦਾ ਸੱਟਾਂ ਨਾਲ ਬੁਰਾ ਹਾਲ ਪਰ ਇਹ ਦੇਸ਼ ਪ੍ਰੇਮੀ ਮੂੰਹੋਂ ਹਾਏ ਵੀ ਨਹੀਂ ਸਨ ਆਖਦੇ।

ਉਧਰ ਬਿਹਾਰ ਦੀ ਪੁਲਿਸ ਇਨ੍ਹਾਂ ਸੂਰਬੀਰਾਂ ਨੂੰ ਲੱਭ ਰਹੀ ਸੀ। ਦਿਨ ਚੜ੍ਹਦੇ ਨਾਲ ਇਸ ਇਲਾਕੇ ਵਿੱਚ ਹਾਹਾਕਾਰ ਮੱਚ ਗਈ। ਲੋਕ ਆਖ ਰਹੇ ਸਨ ਕਿ ਜੇਲ੍ਹ ਵਿੱਚੋਂ ਬਹੁਤ ਸਾਰੇ ਡਾਕੂ ਲੁਟੇਰੇ ਦੌੜ ਗਏ ਹਨ। ਗ਼ਦਰੀਆ ਦੀ ਬਿਹਾਰ ਦੇ ਲੋਕਾਂ ਨਾਲ ਵੀ ਝੜਪ ਹੋਈ। ਪਾਲਾ ਸਿੰਘ ਹੋਰਾਂ ਨੇ ਜੰਗਲ ਵਿੱਚੋਂ ਮਜ਼ਬੂਤ ਸੋਟੀਆਂ ਤੋੜ ਕੇ ਲੋਕਾਂ ਦਾ ਮੁਕਾਬਲਾ ਕੀਤਾ। ਅਖੀਰ ਬਿਹਾਰ ਦੀ ਪੁਲਿਸ ਨੇ ਉਨ੍ਹਾਂ ਨੂੰ ਮੁੜ ਗ੍ਰਿਫਤਾਰ ਕਰ ਲਿਆ। ਬਾਬਾ ਪਾਲਾ ਸਿੰਘ ਨੂੰ ਬਾਬਾ ਪਾਖਰ ਸਿੰਘ ਦੇ ਨਾਲ ਮਦਰਾਸ ਦੀ ਜੇਲ੍ਹ ਵਿੱਚ ਭੇਜ ਦਿੱਤਾ। ਕੁੱਝ ਚਿਰ ਪਿੱਛੋਂ ਬਾਬਾ ਪਾਲਾ ਸਿੰਘ ਨੂੰ ਮਹਾਂਰਾਸ਼ਟਰ ਦੀ ਜੇਲ੍ਹ ਅਕੋਲਾ ਵਿਚ ਭੇਜ ਦਿੱਤਾ ਗਿਆ। ਇਸ ਤਰ੍ਹਾਂ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਅੱਠ ਸਾਲ ਦੀ ਸਖ਼ਤ ਸਜ਼ਾ ਭੁਗਤ ਕੇ ਨੌਂਵੇਂ ਸਾਲ ਆਪਣੇ ਘਰ ਪਰਤੇ।

ਜੇਲ੍ਹ ਤੋਂ ਆ ਕੇ ਵੀ ਬਾਬਾ ਪਾਲਾ ਸਿੰਘ ਆਰਾਮ ਨਾਲ ਘਰ ਨਹੀਂ ਬੈਠੇ। ਉਨ੍ਹਾਂ ਦੇ ਇਕਲੌਤੇ ਪੁੱਤਰ ਸ. ਸਾਧੂ ਸਿੰਘ ਨੇ ਘਰ ਦਾ ਬੋਝ ਚੁੱਕ ਲਿਆ ਸੀ ਤੇ ਬਾਬਾ ਪਾਲਾ ਸਿੰਘ ਹੁਣ ਵੀ ਦੇਸ਼ ਸੇਵਾ ਵਿੱਚ ਸਰਗਰਮ ਸਨ। ਢੁੱਡੀਕੇ ਇਲਾਕੇ ਵਿੱਚ ਗ਼ਦਰੀਆਂ ਦੇ ਸਰਗਰਮ ਹੋਣ ਨਾਲ ਅੰਗਰੇਜ਼ ਸਰਕਾਰ ਨੇ ਪਿੰਡ ਚੂਹੜਚੱਕ ਵਿਖੇ ਪੁਲਿਸ ਚੌਂਕੀ ਬਣਾ ਦਿੱਤੀ ਸੀ ਜਿਸ ਦਾ ਸਾਰਾ ਖਰਚਾ ਢੁੱਡੀਕੇ ਤੇ ਚੂਹੜਚੱਕ ਨੂੰ ਪਾ ਦਿੱਤਾ ਜਾਂਦਾ ਸੀ। ਬਾਬਾ ਪਾਲਾ ਸਿੰਘ ਨੇ ਬਾਬਾ ਰੂੜ ਸਿੰਘ ਚੂਹੜਚੱਕ ਦੇ ਨਾਲ ਮਿਲ ਕੇ ਇਸ ਚੌਂਕੀ ਦਾ ਪੂਰਾ ਵਿਰੋਧ ਕੀਤਾ ਸੀ। ਪੰਜਾਬੀ ਸੂਬੇ ਦੇ ਮੋਰਚੇ ਸਮੇਂ ਵੀ ਉਨ੍ਹਾਂ ਨੇ ਗ੍ਰਿਫਤਾਰੀ ਦਿੱਤੀ ਉਨ੍ਹਾਂ ਨੂੰ ਇਕ ਸਾਲ ਦੀ ਕੈਦ ਤੇ 1500 ਰੁਪਏ ਜ਼ੁਰਮਾਨਾ ਕੀਤਾ ਗਿਆ।

ਪੰਜਾਬ ਸਰਕਾਰ ਨੇ ਆਜ਼ਾਦੀ ਘੁਲਾਟੀਆਂ ਦੀ ਪੈਨਸ਼ਨ ਲਾਈ ਪਰ ਬਾਬਾ ਜੀ ਨੇ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ। ਉਹ ਅਕਸਰ ਕਿਹਾ ਕਰਦੇ ਸਨ ਕਿ ਉਹ ਆਪਣੀ ਕੁਰਬਾਨੀ ਦਾ ਮੁੱਲ ਨਹੀਂ ਵੱਟਣਗੇ। ਬਾਬਾ ਰਣਧੀਰ ਸਿੰਘ ਨਾਰੰਗਵਾਲ ਉਨ੍ਹਾਂ ਦੇ ਘਰ ਆਏ। ਉਨ੍ਹਾਂ ਬਾਬਾ ਜੀ ਦੇ ਘਰ ਦੀ ਹਾਲਤ ਵੇਖ ਕੇ ਕਿਹਾ ਕਿ ਤੁਹਾਨੂੰ ਪੈਨਸ਼ਨ ਲੈਣੀ ਚਾਹੀਦੀ ਹੈ। ਇਸ ਕਰਕੇ ਉਨ੍ਹਾਂ ਬੜੀ ਮੁਸ਼ਕਲ ਨਾਲ ਪੈਨਸ਼ਨ ਸਵੀਕਾਰ ਕੀਤੀ। ਇਕ ਵਾਰ ਭਾਰਤ ਦੇ ਸਵ: ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਤਾਮਰ ਪੱਤਰ ਦੇਣ ਦਾ ਐਲਾਨ ਕੀਤਾ ਪਰ ਬਾਬਾ ਜੀ ਨੇ ਤਾਮਰ ਪੱਤਰ ਲੈਣ ਤੋਂ ਇਨਕਾਰ ਕਰ ਦਿੱਤਾ।

ਬਾਬਾ ਪਾਲਾ ਸਿੰਘ ਜੀ ਦੇਸ਼ ਦੀ ਮੌਜੂਦਾ ਸਥਿਤੀ ਤੋਂ ਖੁਸ਼ ਨਹੀਂ ਸਨ। ਉਹ ਇਸ ਰਾਜ ਨੂੰ ਮਲੇਛ ਰਾਜ ਆਖਿਆ ਕਰਦੇ ਸਨ। ਉਹ ਆਖਦੇ ਸਨ ਕਿ ਅੱਜ ਜੇ ਕਿਤੇ ਸਾਡੇ ਸ਼ਹੀਦ ਫੇਰ ਜਿਉਂਦੇ ਹੋ ਜਾਣ ਤਾਂ ਉਹ ਸਾਡੇ ਨੇਤਾਵਾਂ ਤੋਂ ਪੁੱਛਣ ਕਿ ਉਏ ਭਲੇਮਾਣਸੋ ਅਸੀਂ ਇਸ ਕਰਕੇ ਕੁਰਬਾਨੀਆਂ ਦਿੱਤੀਆਂ ਹਨ ਕਿ ਤੁਸੀਂ ਦੇਸ਼ ਨੂੰ ਲੁੱਟ ਕੇ ਖਾ ਜਾਉ।

ਬੇਰੁਜ਼ਗਾਰੀ ਵਧ ਰਹੀ ਹੈ, ਭ੍ਰਿਸ਼ਟਾਚਾਰ ਵਧ ਰਿਹਾ ਹੈ। ਫ਼ਿਕਰ ਹੈ ਕਿਸੇ ਨੂੰ? ਖਵਰੇ ਦੇਸ਼ ਦਾ ਕੀ ਬਣੇਗਾ! ਇਸ ਤਰ੍ਹਾਂ ਗੱਲਾਂ ਕਰਦੇ ਉਹ ਬਹੁਤ ਦੁਖੀ ਹੁੰਦੇ। ਇਸ ਗੈਰਤਮੰਦ ਇਨਸਾਨ ਤੇ ਸੂਰਬੀਰ ਅਜ਼ਾਦੀ ਘੁਲਾਟੀਏ ਦਾ 1986 ਈਸਵੀ ਵਿਚ ਦਿਹਾਂਤ ਹੋ ਗਿਆ। ਇਹ ਬਹੁਤ ਅਫਸੋਸ ਵਾਲੀ ਗੱਲ ਹੈ ਕਿ ਦੇਸ਼ ਦੀ ਆਜ਼ਾਦੀ ਲਈ ਜੂਝਣ ਵਾਲੇ ਸਿਰਲੱਥ ਯੋਧੇ ਦੀ ਕੋਈ ਢੁਕਵੀਂ ਯਾਦਗਾਰ ਨਹੀਂ ਹੈ।

## (ਅ) ਬਾਬਾ ਪਾਖਰ ਸਿੰਘ ਢੁਡੀਕੇ

ਬਾਬਾ ਪਾਖਰ ਸਿੰਘ ਦਾ ਜਨਮ ਪਿਤਾ ਸ: ਭਾਨ ਸਿੰਘ ਦੇ ਘਰ ਮਾਤਾ ਅਤਰ ਕੌਰ ਦੀ ਕੁੱਖੋਂ ਪਿੰਡ ਢੁੱਡੀਕੇ ਵਿਖੇ 1885 ਈਸਵੀਂ ਵਿੱਚ ਹੋਇਆ। ਹੋਰ ਪੰਜਾਬੀਆਂ ਵਾਂਗ ਆਪ ਵੀ ਰੋਜੀ ਰੋਟੀ ਦੀ ਭਾਲ ਵਿਚ ਕੈਨੇਡਾ ਗਏ ਸਨ ਜਿਥੇ ਆਪ ਗ਼ਦਰੀਆਂ ਦੇ ਸੰਪਰਕ ਵਿੱਚ ਆ ਗਏ ਤੇ 1914 ਈ: ਵਿੱਚ ਆਪ ਪਿੰਡ ਵਾਪਸ ਪਰਤ ਆਏ। ਪਿੰਡ ਢੁੱਡੀਕੇ ਵਿੱਚ ਗ਼ਦਰ ਪਾਰਟੀ ਦਾ ਇੱਕ ਯੂਨਿਟ ਕਾਇਮ ਹੋ ਗਿਆ ਤੇ ਬਾਬਾ ਪਾਖਰ ਸਿੰਘ ਵੀ ਗ਼ਦਰ ਪਾਰਟੀ ਵਿੱਚ ਸਰਗਰਮ ਹੋ ਗਏ। ਕਈ ਵਾਰ ਗ਼ਦਰੀਆਂ ਦੀ ਮੀਟਿੰਗ ਪਿੰਡੋਂ ਬਾਹਰ ਉਨ੍ਹਾਂ ਦੇ ਖੇਤ ਵਿੱਚ ਵੀ ਹੁੰਦੀ। ਗ਼ਦਰ ਪਾਰਟੀ ਦੀ ਕੇਂਦਰੀ ਕਮੇਟੀ ਨੇ ਦੇਸ਼ ਵਿੱਚੋਂ ਅੰਗਰੇਜ਼ਾਂ ਨੂੰ ਕੱਢਣ ਲਈ ਹਥਿਆਰਬੰਦ ਘੋਲ ਦਾ ਫੈਸਲਾ ਕਰ ਲਿਆ। ਹਥਿਆਰ ਇਕੱਠੇ ਕਰਨ ਲਈ ਅੰਗਰੇਜ਼ਾਂ ਦੀਆਂ ਵੱਖ-ਵੱਖ ਛਾਉਣੀਆਂ ਉੱਤੇ ਹਮਲੇ ਕਰਨ ਦੀ ਵਿਉਂਤ ਬਣਾ ਲਈ ਤਾਂ ਕਿ ਉੱਥੋਂ ਹਥਿਆਰ ਖੋਹ ਲਏ ਜਾਣ। ਉਨ੍ਹਾਂ ਹੀ ਹਥਿਆਰਾਂ ਨਾਲ ਦੇਸ਼ ਵਿੱਚ ਗ਼ਦਰ ਮਚਾਇਆ ਜਾਵੇਗਾ। ਅਜ਼ਾਦੀ ਇਸੇ ਤਰ੍ਹਾਂ ਹੀ ਪ੍ਰਾਪਤ ਹੋਵੇਗੀ। ਇਸ ਪ੍ਰੋਗਰਾਮ ਅਧੀਨ ਇਲਾਕਾ ਢੁੱਡੀਕੇ ਦੇ ਗ਼ਦਰੀਆਂ ਨੇ ਪਿੰਡ ਢੁੱਡੀਕੇ ਇਥੇ ਮੀਟਿੰਗ ਕਰਕੇ ਕਪੂਰਥਲੇ ਅਸਲਾਖਾਨੇ ਉੱਤੇ ਹਮਲਾ ਕਰਨ ਵਾਲੇ ਜੱਥੇ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ। ਇਸ ਜੱਥੇ ਵਿਚ ਢੁੱਡੀਕੇ ਦੇ ਭਾਈ ਈਸ਼ਰ ਸਿੰਘ, ਭਾਈ ਪਾਲਾ ਸਿੰਘ, ਭਾਈ ਸ਼ਾਮ ਸਿੰਘ ਤੇ ਬਾਬਾ ਪਾਖਰ ਸਿੰਘ ਸ਼ਾਮਲ ਸਨ। ਗਾਰਦ ਕੋਲੋਂ ਗ਼ਦਰੀਆਂ ਨੇ ਗੋਲੀਆਂ ਚਲਾ ਕੇ ਹਥਿਆਰ ਖੋਹ ਲਏ। ਗ਼ਦਰੀ ਕਪੂਰਥਲੇ ਨੂੰ ਚੱਲ ਪਏ। ਗ਼ਦਰੀ ਟੋਲੀਆਂ ਵਿੱਚ ਵੱਖ-ਵੱਖ ਦਿਸ਼ਾਵਾਂ ਨੂੰ ਹੋ ਤੁਰੇ। ਭੁੱਖੇ ਪਿਆਸੇ ਖਤਰਨਾਕ ਪੈਂਡਾ। ਮਗਰ ਪੁਲਿਸ ਲੱਗ ਗਈ। ਕਈ ਗ਼ਦਰੀ ਬਿਆਸ ਦਰਿਆ ਪਾਰ ਕਰਕੇ ਕਪੂਰਥਲੇ ਵੱਲ ਚਲੇ ਗਏ। ਕਈ ਤਰਨਤਾਰਨ ਵੱਲ ਵਧ ਗਏ। ਬਹੁਤੇ ਗ੍ਰਿਫਤਾਰ ਵੀ ਕਰ ਲਏ। ਕਈ ਬਚ ਕੇ ਨਿਕਲ ਗਏ। ਬਾਬਾ ਪਾਖਰ ਸਿੰਘ ਨੂੰ ਵੀ 18-6-1915 ਨੂੰ ਗ੍ਰਿਫਤਾਰ ਕਰਕੇ ਰਾਵਲਪਿੰਡੀ ਜੇਲ੍ਹ ਵਿੱਚ ਬੰਦ ਕਰ ਦਿੱਤਾ।

ਬਾਬਾ ਪਾਖਰ ਸਿੰਘ ਉੱਤੇ ਵੀ ਦੂਜੇ ਗ਼ਦਰੀਆਂ ਵਾਂਗ ਮੁਕੱਦਮਾ ਚੱਲਿਆ ਤੇ ਆਪ ਨੂੰ ਉਮਰ ਕੈਦ ਦੀ ਸਜ਼ਾ ਹੋਈ। ਬਾਬਾ ਪਾਖਰ ਸਿੰਘ ਪਿੰਡ ਢੁੱਡੀਕੇ ਦੇ ਹੀ ਬਾਬਾ ਪਾਲਾ ਸਿੰਘ ਦੇ ਨਾਲ ਹਜ਼ਾਰੀ ਬਾਗ ਜੇਲ੍ਹ ਵਿੱਚ ਭੇਜ ਦਿੱਤਾ। 8 ਮਾਰਚ 1918 ਦੀ ਰਾਤ ਨੂੰ ਗ਼ਦਰੀ ਹਜ਼ਾਰੀ ਬਾਗ ਜੇਲ੍ਹ ਤੋੜ ਕੇ ਫਰਾਰ ਹੋ ਗਏ। ਬਾਬਾ ਪਾਖਰ ਸਿੰਘ ਵੀ

ਉਨ੍ਹਾਂ ਵਿੱਚ ਸ਼ਾਮਲ ਸੀ ਪਰ ਉਸਨੂੰ ਫੇਰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਤੇ ਮਦਰਾਸ ਦੀ ਜੇਲ੍ਹ ਵਿਚ ਬੰਦ ਕਰ ਦਿੱਤਾ। ਜੇਲ੍ਹਾਂ ਵਿਚ ਆਪ ਉੱਤੇ ਬਹੁਤ ਸਖਤੀ ਕੀਤੀ ਜਾਂਦੀ ਸੀ ਪਰ ਆਪ ਜੇਲ੍ਹ ਵਿੱਚ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ। ਪੱਚੀ ਸਾਲ ਦੀ ਸਖ਼ਤ ਕੈਦ ਭੁਗਤ ਕੇ ਆਪ 1940 ਵਿਚ ਰਿਹਾ ਹੋਏ ਪਰ ਆਪ ਦੇਸ਼ ਦੀ ਅਜ਼ਾਦੀ ਲਈ ਜੂਝਦੇ ਰਹੇ। ਭਾਰਤ ਪਾਕਿਸਤਾਨ ਦੀ ਵੰਡ ਸਮੇਂ ਹੋਈ ਲੋਕਾਂ ਦੀ ਟੁੱਟ ਭੱਜ ਨੇ ਆਪ ਦੇ ਦਿਲ ਨੂੰ ਬੜੀ ਠੇਸ ਪਹੁੰਚਾਈ।

ਪਿੰਡ ਢੁੱਡੀਕੇ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਣਿਆ ਤਾਂ ਪਿੰਡ ਵਾਸੀਆਂ ਨੇ ਇਸ ਸਕੂਲ ਦਾ ਨਾਮ ਦੇਸ਼ ਭਗਤ ਬਾਬਾ ਪਾਖਰ ਸਿੰਘ ਦੇ ਨਾਮ ਉੱਤੇ ਰੱਖਿਆ। ਆਪ ਹਮੇਸ਼ਾਂ ਆਪਣੇ ਹੱਥ ਵਿੱਚ ਲੋਹੇ ਦਾ ਤੀਰ ਰੱਖਿਆ ਕਰਦੇ ਸਨ। ਬੜੇ ਗੰਭੀਰ ਤੇ ਨਿੱਘੇ ਸੁਭਾਅ ਦੇ ਮਾਲਕ ਸਨ। ਆਪ ਨੇ ਕਦੇ ਵੀ ਆਪਣੀ ਕੁਰਬਾਨੀ ਦਾ ਮੁੱਲ ਨਹੀਂ ਵੱਟਣਾ ਚਾਹਿਆ। ਆਪ ਨੇ ਬੜੀ ਲੰਬੀ ਉਮਰ ਭੋਗੀ। ਅੱਜ ਪਿੰਡ ਢੁੱਡੀਕੇ ਵਿਖੇ ਉਨ੍ਹਾਂ ਦੀ ਕੋਈ ਹੋਰ ਯਾਦਗਾਰ ਤਾਂ ਨਹੀਂ ਬਣੀ ਬੱਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਨ੍ਹਾਂ ਦੇ ਨਾਮ ਉੱਤੇ ਜ਼ਰੂਰ ਬੋਲਦਾ ਹੈ।

## (ੲ) ਬਾਬਾ ਪਾਲਾ ਸਿੰਘ (ਵੱਡਾ)

ਬਾਬਾ ਪਾਲਾ ਸਿੰਘ ਦਾ ਜਨਮ ਪਿਤਾ ਸ. ਕਾਲਾ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਪਿੰਡ ਢੁੱਡੀਕੇ ਵਿਖੇ ਸੰਨ 1885 ਵਿੱਚ ਹੋਇਆ। ਆਪ ਬਰਮਾ ਵਿੱਚ ਪੁਲੀਸ ਦੀ ਨੌਕਰੀ ਕਰਦੇ ਸਨ। ਉੱਥੇ ਹੀ ਆਪ ਦਾ ਮੇਲ ਗ਼ਦਰੀਆਂ ਨਾਲ ਹੋਇਆ ਤੇ ਆਪ ਗ਼ਦਰ ਪਾਰਟੀ ਵੱਲ ਖਿੱਚੇ ਗਏ। ਆਪ ਪੁਲੀਸ ਦੀ ਨੌਕਰੀ ਛੱਡ ਕੇ ਪਿੰਡ ਆ ਗਏ। ਏਥੇ ਪਿੰਡ ਵਿੱਚ ਈਸ਼ਰ ਸਿੰਘ, ਪਾਲਾ ਸਿੰਘ, ਪਾਖਰ ਸਿੰਘ ਤੇ ਪਿੰਡ ਦੇ ਹੋਰ ਨੌਜਵਾਨ ਗ਼ਦਰ ਪਾਰਟੀ ਵਿੱਚ ਸਰਗਰਮੀ ਨਾਲ ਕੰਮ ਕਰ ਰਹੇ ਸਨ। ਆਪ ਵੀ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਗਏ। ਪਿੰਡ ਢੁੱਡੀਕੇ ਗ਼ਦਰ ਪਾਰਟੀ ਦਾ ਗੜ੍ਹ ਬਣ ਚੁੱਕਾ ਸੀ। ਪਿੰਡ ਦੌਧਰ, ਚੂਹੜਚੱਕ, ਕਾਉਂਕੇ, ਸ਼ੇਖ ਦੌਲਤ, ਜਗਰਾਉਂ, ਹਾਂਸ ਕਲਾਂ ਤੇ ਹੋਰ ਦੂਰੋਂ-ਦੂਰੋਂ ਗ਼ਦਰੀ ਪਿੰਡ ਢੁੱਡੀਕੇ ਵਿਖੇ ਮੀਟਿੰਗਾਂ ਕਰਦੇ।

ਬਾਬਾ ਪਾਲਾ ਸਿੰਘ ਨੇ ਕਪੂਰਥਲੇ ਦੇ ਅਸਲਾਖਾਨੇ ਤੋਂ ਹਥਿਆਰ ਖੋਹਣ ਲਈ ਪਿੰਡ ਢੁੱਡੀਕੇ ਦੀ 5 ਜੂਨ ਵਾਲੀ ਮੀਟਿੰਗ ਵਿਚ ਭਾਗ ਲਿਆ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਕਪੂਰਥਲੇ ਵੱਡੀ ਗਿਣਤੀ ਵਿਚ ਗ਼ਦਰੀ ਪਹੁੰਚਣਗੇ। ਇਸ ਬਾਰੇ ਜਵੰਦ ਸਿੰਘ ਨੰਗਲ ਕਲਾਂ ਨੇ ਕਪੂਰਥਲੇ ਦੇ ਅਸਲਾਖਾਨੇ ਦੇ ਇੰਚਾਰਜ ਨਾਲ ਗੱਲ ਕਰ ਰੱਖੀ ਸੀ। ਉਸ ਇੰਚਾਰਜ ਦਾ ਕਹਿਣਾ ਸੀ ਕਿ ਗ਼ਦਰੀ ਵੱਧ ਤੋਂ ਵੱਧ ਆ ਕੇ ਹਮਲਾ ਕਰਨ ਤਾਂ ਕਿ ਉਹ ਡਰਦਾ ਹੋਇਆ ਆਪਣੇ ਆਪ ਅਸਲਾਖਾਨੇ ਦੀਆਂ ਚਾਬੀਆਂ ਫੜਾ ਦੇਵੇ ਪਰ ਕਪੂਰਥਲੇ ਥੋੜ੍ਹੀ ਗਿਣਤੀ ਵਿਚ ਗ਼ਦਰੀ ਪਹੁੰਚੇ, ਜਿਸ ਕਾਰਨ ਇਹ ਪ੍ਰੋਗਰਾਮ ਮੁਲਤਵੀ ਕਰ ਦਿੱਤਾ।

ਇਸ ਤੋਂ ਪਿੱਛੋਂ ਗ਼ਦਰੀਆਂ ਨੇ 11 ਜੂਨ 1915 ਨੂੰ ਅੰਮ੍ਰਿਤਸਰ ਨੇੜੇ ਵੱਲਾਂ ਪੁਲ ਤੋਂ ਇੱਕ ਗਾਰਦ ਕੋਲੋਂ ਰਾਈਫਲਾਂ ਖੋਹ ਲਈਆਂ, ਉੱਥੇ ਦੋ ਸੰਤਰੀ ਮਾਰੇ ਗਏ ਸੈਨ। ਗ਼ਦਰੀ ਬਿਆਸ ਦਰਿਆ ਵੱਲ ਆ ਗਏ। ਪਾਲਾ ਸਿੰਘ ਨੇ ਵੱਲਾ ਕਾਂਡ ਵਿਚ ਭਾਗ ਲਿਆ ਸੀ। ਈਸ਼ਰ ਸਿੰਘ ਤਾਂ ਰੂਪੋਸ਼ ਹੋ ਗਿਆ ਪਰ ਪਾਖਰ ਸਿੰਘ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਪਿੰਡ 'ਚ ਹੋਰ ਗ਼ਦਰੀਆਂ ਦੇ ਨਾਲ ਪਾਲਾ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ। ਪੁਲਿਸੀ ਨੇ ਆਪ ਦੇ ਉੱਤੇ ਬਹੁਤ ਤਸ਼ੱਦਦ ਕੀਤਾ। ਆਪ ਨੂੰ ਪਿੰਡ ਵਿਚ ਪਾਲਾ ਸਿੰਘ ਦੀ ਪੱਤੀ ਵਿਚਲੇ ਖੂਹ ਵਿੱਚ ਪੁੱਠਾ ਲਟਕਾਇਆ ਗਿਆ ਪਰ ਉਸ ਨੇ ਆਪਣੀ ਜ਼ੁਬਾਨ ਤੋਂ ਇੱਕ ਵੀ ਗ਼ਦਰੀ ਦਾ ਨਾਮ ਨਹੀਂ ਲਿਆ। ਆਪ ਉੱਤੇ ਲਾਹੌਰ ਸਾਜਿਸ਼ ਕੇਸ ਨੰ: 2 ਅਧੀਨ ਮੁਕੱਦਮਾ ਚੱਲਿਆ। ਆਪ ਨੂੰ ਤਿੰਨ ਸਾਲ ਦੀ ਕੈਦ ਹੋਈ। ਜੇਲ੍ਹ ਵਿੱਚ ਵੀ ਆਪ ਚੜ੍ਹਦੀ ਕਲਾ ਵਿੱਚ ਰਹੇ। ਮਿਤੀ 15-9-1969 ਈ: ਨੂੰ ਆਪ ਜੀ ਦਾ ਦਿਹਾਂਤ ਹੋ ਗਿਆ।

## (ਸ) ਮਾਸਟਰ ਫੇਰਾ ਸਿੰਘ

ਮਾਸਟਰ ਫੇਰਾ ਸਿੰਘ ਗ਼ਦਰ ਪਾਰਟੀ ਯੂਨਿਟ ਢੁੱਡੀਕੇ ਦੀ ਜਿੰਦ ਜਾਨ ਸੀ। ਆਪ ਦਾ ਜਨਮ ਕੋਟ ਸਰਦਾਰ ਝੰਡਾ ਸਿੰਘ ਜ਼ਿਲ੍ਹਾ ਸਿਆਲਕੋਟ (ਹੁਣ ਪਾਕਿਸਤਾਨ) ਵਿੱਚ ਹੋਇਆ। ਆਪ ਪਿੰਡ ਢੁੱਡੀਕੇ ਵਿਖੇ ਪ੍ਰਾਇਮਰੀ ਸਕੂਲ ਵਿਚ ਇੱਕ ਅਧਿਆਪਕ ਵਜੋਂ ਸੇਵਾ ਕਰ ਰਹੇ ਸਨ। ਆਪ ਨੇ ਗ਼ਦਰੀਆਂ ਦੇ ਸੰਪਰਕ ਵਿੱਚ ਆ ਕੇ ਗ਼ਦਰ ਪਾਰਟੀ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਆਪ ਦਾ ਮੁੱਖ ਕੰਮ ਪਿੰਡ ਵਿਚ ਗ਼ਦਰੀਆਂ ਦੀ ਮੀਟਿੰਗ ਕਰਵਾਉਂਦਾ ਸੀ। ਮਾਸਟਰ ਫੇਰਾ ਸਿੰਘ ਸਕੂਲ ਨੂੰ ਆਉਂਦਾ ਜਾਂਦਾ ਮੀਟਿੰਗ ਦੇ ਸੁਨੇਹੇ ਦੇ ਜਾਂਦਾ। ਉਹ ਮੀਟਿੰਗਾਂ ਇਕੋ ਥਾਂ ਨਹੀਂ ਸੀ ਕਰਦਾ। ਢੁੱਡੀਕੇ ਦੇ ਗ਼ਦਰੀ ਈਸ਼ਰ ਸਿੰਘ, ਪਾਲਾ ਸਿੰਘ ਤੇ ਪਾਖਰ ਸਿੰਘ ਦੇ ਖੇਤਾਂ ਵਿੱਚ ਮੀਟਿੰਗਾਂ ਰੱਖੀਆਂ ਜਾਂਦੀਆਂ। ਪਿੰਡ ਢੁੱਡੀਕੇ ਛੁਪਦੇ ਪਾਸੇ ਕਈ ਘੁਮਾਂ ਵਿੱਚ ਫੈਲਿਆ ਹੋਇਆ ਸੰਘਣੇ ਰੁੱਖਾਂ ਦਾ ਇਕ ਜੰਗਲ ਸੀ ਜਿਸ ਵਿੱਚ ਬਹੁਤ ਘਾਹ ਫੂਸ ਤੇ ਕਾਨੇ ਵੀ ਉੱਗੇ ਹੋਏ ਸਨ। ਲੋਕ ਇਸ ਨੂੰ ਖੁੰਡਾ ਆਖਦੇ ਸਨ। ਮਾ. ਫੇਰਾ ਸਿੰਘ ਕਈ ਵਾਰ ਮੀਟਿੰਗਾਂ ਦਾ ਪ੍ਰਬੰਧ ਖੁੰਡੇ ਵਿਚ ਕਰ ਦਿੰਦਾ ਤੇ ਕਈ ਵਾਰ ਰਾਤ ਨੂੰ ਮੀਟਿੰਗ ਪ੍ਰਾਇਮਰੀ ਸਕੂਲ ਵਿੱਚ ਰੱਖ ਲੈਂਦਾ। ਕਰਤਾਰ ਸਿੰਘ ਸਰਾਭਾ ਵੀ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਮੀਟਿੰਗ ਉੱਤੇ ਆਇਆ ਸੀ। ਅਮਰੀਕਾ ਤੋਂ ਵਾਪਸ ਆਇਆ ਰੁਲੀਆ ਸਿੰਘ ਸਰਾਭਾ ਕਰਤਾਰ ਸਿੰਘ ਸਰਾਭੇ ਨੂੰ ਪਹਿਲੀ ਵਾਰ ਢੁੱਡੀਕੇ ਹੀ ਮਿਲਿਆ ਸੀ।

ਇੱਕ ਵਾਰ ਢੁੱਡੀਕੇ ਦੇ ਪ੍ਰਾਇਮਰੀ ਸਕੂਲ ਵਿੱਚ ਪੁਲੀਸ ਨੇ ਛਾਪਾ ਆ ਮਾਰਿਆ। ਮਾਸਟਰ ਫੇਰਾ ਸਿੰਘ ਪਿੰਡ ਵਿੱਚ ਤੁਰਿਆ ਫਿਰਦਾ ਆਸੇ ਪਾਸੇ ਪੂਰੀ ਨਿਗਾਹ ਰੱਖਦਾ ਸੀ। ਉਸ ਨੇ ਸਕੂਲ ਵਿੱਚ ਪੁਲੀਸ ਦੇ ਪਹੁੰਚਣ ਤੋਂ ਪਹਿਲਾਂ ਹੀ ਸਾਰਾ ਗ਼ਦਰੀ ਸਾਹਿਤ ਤੇ ਹਥਿਆਰ ਕਿਸੇ ਹੋਰ ਜਗ੍ਹਾ ਲਕੋ ਦਿੱਤੇ ਸਨ। ਅੰਗਰੇਜ਼ ਸਰਕਾਰ ਨੂੰ ਆਪ ਦੇ ਬਾਰੇ

ਇਤਲਾਹ ਮਿਲ ਚੁੱਕੀ ਸੀ। ਅੰਗਰੇਜ਼ੀ ਪੁਲੀਸ ਨੇ ਪਿੰਡ ਦੇ ਪ੍ਰਾਇਮਰੀ ਸਕੂਲ ਨੂੰ ਗ਼ਦਰੀਆਂ ਦਾ ਅੱਡਾ ਮੰਨ ਕੇ ਮਾਸਟਰ ਫੇਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਆਪ ਦੇ ਉੱਤੇ ਵੀ ਬਹੁਤ ਤਸ਼ੱਦਦ ਕੀਤਾ ਗਿਆ। ਲਾਹੌਰ ਸਾਜ਼ਿਸ਼ ਨੰ: 2 ਵਾਲੇ ਕੇਸ ਵਿਚ ਆਪ ਨੂੰ ਦੋ ਸਾਲ ਦੀ ਸਖ਼ਤ ਸਜ਼ਾ ਹੋਈ।

ਆਪ ਬਾਅਦ ਵਿਚ ਆਪੇ ਪਿੰਡ ਚਲੇ ਗਏ ਸਨ। ਪਿੰਡ ਢੁੱਡੀਕੇ ਵਿਚ ਤਾਂ ਉਹ ਵਿਦਿਅਕ ਮਹਿਕਮੇ ਵਿਚ ਸੇਵਾ ਕਰਦੇ ਸਨ ਪਰ ਇਸ ਦੇ ਨਾਲ ਉਨ੍ਹਾਂ ਗ਼ਦਰ ਪਾਰਟੀ ਨਾਲ ਜੁੜ ਕੇ ਦੇਸ਼ ਦੀ ਅਜ਼ਾਦੀ ਲਈ ਵੀ ਕੰਮ ਕੀਤਾ। ਇਸ ਬਦਲੇ ਪਿੰਡ ਢੁੱਡੀਕੇ ਨਿਵਾਸੀ ਉਨ੍ਹਾਂ ਨੂੰ ਦਿਲੋਂ ਯਾਦ ਰੱਖਦੇ ਹਨ।

## (ਹ) ਬਾਬਾ ਅਤਰ ਸਿੰਘ

ਆਪ ਜੀ ਦਾ ਜਨਮ ਪਿਤਾ ਨਰਾਇਣ ਸਿੰਘ ਦੇ ਘਰ ਮਾਤਾ ਸੰਤ ਕੌਰ ਦੀ ਕੁੱਖੋਂ ਪਿੰਡ ਢੁੱਡੀਕੇ ਵਿਖੇ ਹੋਇਆ। ਆਪ ਚੜ੍ਹਦੀ ਉਮਰੇ ਹਾਂਗਕਾਂਗ ਵਿੱਚ ਆ ਗਏ ਸਨ। ਏਥੇ ਆਪ ਇੱਕ ਗੁਰਦੁਆਰੇ ਵਿੱਚ ਗਰੰਥੀ ਵਜੋਂ ਸੇਵਾ ਕਰਨ ਲੱਗੇ। ਹਾਂਗਕਾਂਗ ਵਿੱਚ ਗ਼ਦਰ ਪਾਰਟੀ ਦੇ ਆਗੂ ਤੇ ਵਰਕਰ ਆਮ ਹੀ ਆਉਂਦੇ ਸਨ। ਗੁਰਦੁਆਰੇ ਵਿੱਚ ਗ਼ਦਰੀਆਂ ਦੇ ਭਾਸ਼ਨ ਵੀ ਹੁੰਦੇ। ਏਥੋਂ ਹੀ ਆਪ ਨੂੰ ਦੇਸ਼ ਸੇਵਾ ਦੀ ਲਗਨ ਲੱਗੀ ਤੇ ਆਪ ਗ਼ਦਰ ਪਾਰਟੀ ਨਾਲ ਜੁੜ ਗਏ। ਆਪ ਨਾਮਸੰਗ ਜਹਾਜ਼ ਰਾਹੀਂ ਭਾਰਤ ਵਾਪਸ ਆਏ ਸਨ। ਆਪ ਜੀ ਦੀ ਗ਼ਦਰ ਪਾਰਟੀ ਵਿੱਚ ਸਰਗਰਮੀ ਵੇਖ ਕੇ ਅੰਗਰੇਜ਼ੀ ਸਰਕਾਰ ਨੇ ਆਪ ਨੂੰ ਛੇ ਮਹੀਨੇ ਹਵਾਲਾਤ ਵਿੱਚ ਰੱਖਿਆ ਪਰ ਉਸ ਤੋਂ ਬਾਅਦ ਵੀ ਆਪ ਗ਼ਦਰ ਪਾਰਟੀ ਵਿੱਚ ਕੰਮ ਕਰਦੇ ਰਹੇ। ਪਿੰਡ ਵਿੱਚ ਗ਼ਦਰੀਆਂ ਦੀ ਯਾਦ ਵਿੱਚ ਦੌਧਰ ਪਿੰਡ ਵਾਲੇ ਪਾਸੇ ਇੱਕ ਯਾਦਗਾਰੀ ਲਾਟ ਬਣੀ ਹੋਈ ਹੈ। ਬਾਬਾ ਅਤਰ ਸਿੰਘ ਦੇ ਪਰਿਵਾਰ ਵੱਲੋਂ ਯਾਦਗਾਰੀ ਲਾਟ ਲਈ ਚਾਲੀ ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਗਈ ਸੀ। ਇਹ ਪਰਿਵਾਰ ਹੁਣ ਵੀ ਦੇਸ਼ ਭਗਤ ਗ਼ਦਰੀ ਬਾਬੇ ਯਾਦਗਾਰੀ ਕਮੇਟੀ ਢੁੱਡੀਕੇ ਦੀ ਲਗਾਤਾਰ ਸਹਾਇਤਾ ਕਰ ਰਿਹਾ ਹੈ।

## (ਕ) ਬਾਬਾ ਸੁੰਦਰ ਸਿੰਘ

ਆਪ ਦਾ ਜਨਮ ਪਿੰਡ ਢੁੱਡੀਕੇ ਵਿਖੇ ਪਿਤਾ ਦੇਵਾ ਸਿੰਘ ਦੇ ਘਰ ਹੋਇਆ। ਬਾਹਰੋਂ ਆ ਕੇ ਆਪ ਪਿੰਡ ਦੇ ਗ਼ਦਰੀਆਂ ਨਾਲ ਜੁੜ ਕੇ ਦੇਸ਼ ਦੀ ਆਜ਼ਾਦੀ ਲਈ ਕੰਮ ਕਰਨ ਲੱਗੇ। ਆਪ ਉੱਤੇ ਪਾਖਰ ਸਿੰਘ ਢੁੱਡੀਕੇ ਦਾ ਬਹੁਤ ਪ੍ਰਭਾਵ ਸੀ। ਆਪ ਸਿੱਧੇ ਸਾਦੇ ਆਦਮੀ ਸਨ। ਪਿੰਡ ਦੀ ਹਰ ਮੀਟਿੰਗ ਵਿੱਚ ਭਾਗ ਲੈਂਦੇ ਸਨ। ਆਪ ਨੇ 5 ਜੂਨ ਢੁੱਡੀਕੇ ਦੀ ਵਿਸ਼ੇਸ਼ ਮੀਟਿੰਗ ਵਿਚ ਭਾਗ ਲਿਆ। ਕਪੂਰਥਲੇ ਤੇ ਵੱਲਾ ਪੁਲ ਵਾਲੇ ਕਾਂਡ ਵਿਚ ਸ਼ਾਮਲ ਹੋਏ। ਸਰਕਾਰ ਆਪ ਨੂੰ ਬਹੁਤ ਖਤਰਨਾਕ ਸਮਝਦੀ ਸੀ ਦੂਜੇ ਸਾਥੀਆਂ ਨਾਲ ਆਪ ਨੂੰ ਵੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਆਪ ਉੱਤੇ ਬਹੁਤ ਤਸ਼ੱਦਦ

ਕੀਤਾ ਗਿਆ। ਆਪ ਨੇ ਗ਼ਦਰੀਆਂ ਦਾ ਬਹੁਤ ਸਾਥ ਦਿੱਤਾ। ਆਪ ਨੂੰ ਗ਼ਦਰ ਪਾਰਟੀ ਵਿੱਚ ਭਾਗ ਲੈਣ ਕਰਕੇ ਦੋ ਸਾਲ ਦੀ ਸਖ਼ਤ ਸਜ਼ਾ ਹੋਈ। ਆਪ ਦੇ ਘਰ ਤਿੰਨ ਲੜਕਿਆਂ ਦਲਬਾਰ ਸਿੰਘ, ਕਰਤਾਰ ਸਿੰਘ ਤੇ ਜੁਗਿੰਦਰ ਸਿੰਘ ਨੇ ਜਨਮ ਲਿਆ।

## (ਖ) ਬਾਬਾ ਸ਼ਾਮ ਸਿੰਘ

ਬਾਬਾ ਸ਼ਾਮ ਸਿੰਘ ਦਾ ਜਨਮ ਸ. ਭੋਲਾ ਸਿੰਘ ਦੇ ਘਰ ਪਿੰਡ ਢੁੱਡੀਕੇ ਵਿਖੇ ਹੋਇਆ। ਆਪ ਦਾ ਘਰ ਗ਼ਦਰੀ ਈਸ਼ਰ ਸਿੰਘ ਦੇ ਘਰ ਦੇ ਨੇੜੇ ਹੀ ਸੀ, ਜਿਸ ਕਰਕੇ ਇਨ੍ਹਾਂ ਵਿੱਚ ਬਹੁਤ ਨੇੜਤਾ ਸੀ। ਈਸ਼ਰ ਸਿੰਘ ਦੇ ਭਾਰਤ ਵਾਪਸ ਆਉਣ ਨਾਲ ਆਪ ਵੀ ਉਸ ਦੇ ਨਾਲ ਰਲ ਕੇ ਗ਼ਦਰ ਪਾਰਟੀ ਵਿਚ ਕੰਮ ਕਰਨ ਲੱਗੇ। ਈਸ਼ਰ ਸਿੰਘ ਨੂੰ ਬਾਹਰ ਜਾਣ ਵੇਲੇ ਪਿੰਡ ਦੇ ਲੰਬੜਦਾਰ ਨੂੰ ਹਾਜ਼ਰੀ ਲਵਾ ਕੇ ਜਾਣਾ ਪੈਂਦਾ ਸੀ। ਪੁਲੀਸ ਉਸ ਉੱਤੇ ਕਰੜੀ ਨਿਗ੍ਹਾ ਰੱਖਦੀ ਸੀ ਤੇ ਸ਼ਾਮ ਸਿੰਘ ਹਰ ਵੇਲੇ ਈਸ਼ਰ ਸਿੰਘ ਦੀ ਨਿਗਰਾਨੀ ਰੱਖਦਾ ਸੀ। ਉਹ ਬਾਹਰ ਅੰਦਰ ਵੀ ਈਸ਼ਰ ਸਿੰਘ ਨੂੰ ਛੱਡ ਕੇ ਆਉਂਦਾ ਸੀ। ਸ਼ਾਮ ਸਿੰਘ ਕਪੂਰਥਲੇ ਅਸਲਾ ਲੁੱਟਣ ਸਮੇਂ ਵੀ ਗ਼ਦਰੀਆਂ ਦੇ ਨਾਲ ਗਿਆ ਸੀ ਤੇ ਵੱਲਾ ਪੁਲ ਦੇ ਸਾਕੇ ਸਮੇਂ ਵੀ ਉਹ ਵੱਲਾ ਪੁਲ ਉੱਤੇ ਗ਼ਦਰੀਆ ਦੇ ਨਾਲ ਸ਼ਾਮਲ ਹੋਇਆ ਸੀ। ਸ਼ਾਮ ਸਿੰਘ ਰਿਸ਼ਟ ਪੁਸ਼ਟ ਜਵਾਨ ਸੀ। ਵੱਲਾ ਪੁਲ ਤੋਂ ਸਾਰੇ ਗ਼ਦਰੀ ਇਧਰ ਉਧਰ ਚਲੇ ਗਏ ਪਰ ਬਹੁਤੇ ਬਿਆਸ ਦਰਿਆ ਵੱਲ ਵਧੇ। ਰਾਤ ਨੂੰ ਉਹ ਦਰਿਆ ਦੇ ਝੱਲ ਵਿੱਚ ਹੀ ਲੁੱਕ ਕੇ ਬੈਠੇ ਰਹੇ।

ਬਿਆਸ ਦਰਿਆ ਤੋਂ ਬਚ ਕੇ ਸ਼ਾਮ ਸਿੰਘ ਆਪਣੇ ਸਾਥੀਆਂ ਨਾਲ ਕਸ਼ਟ ਸਹਿੰਦੇ ਹੋਏ ਪਿੰਡ ਪਹੁੰਚੇ। ਪਿੰਡ ਦੇ ਪਾਖਰ ਸਿੰਘ ਨੂੰ ਸਭ ਤੋਂ ਪਹਿਲਾਂ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਪਿੰਡ ਦੇ ਹੀ ਇਕ ਮੁਖਬਰ ਨੇ ਹੋਰ ਗ਼ਦਰੀਆਂ ਦੇ ਵੀ ਨਾਂ ਲਏ। ਸ਼ਾਮ ਸਿੰਘ ਨੂੰ ਵੀ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਆਪ ਉੱਤੇ ਤਸ਼ੱਦਦ ਵੀ ਕੀਤਾ ਗਿਆ। ਆਪ ਨੂੰ ਤਿੰਨ ਸਾਲ ਦੀ ਸਖ਼ਤ ਸਜ਼ਾ ਹੋਈ। ਪਿੰਡ ਦੇ ਮਹਾਨ ਦੇਸ਼ ਭਗਤਾਂ ਵਿਚ ਆਪ ਦਾ ਨਾਂ ਮਾਣ ਨਾਲ ਲਿਆ ਜਾਂਦਾ ਹੈ।

## (ਗ) ਬਾਬਾ ਮਹਿੰਦਰ ਸਿੰਘ

ਆਪ ਜੀ ਦਾ ਜਨਮ ਪਿਤਾ ਨੰਦ ਸਿੰਘ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਪਿੰਡ ਢੁੱਡੀਕੇ ਵਿਖੇ ਹੋਇਆ। ਆਪ ਦਾ ਘਰ ਗ਼ਦਰੀ ਬਾਬਾ ਪਾਖਰ ਸਿੰਘ ਦੇ ਘਰ ਦੇ ਨੇੜੇ ਹੀ ਸੀ। ਆਪ ਉੱਤੇ ਵੀ ਬਾਬਾ ਪਾਖਰ ਸਿੰਘ ਦਾ ਕਾਫੀ ਪ੍ਰਭਾਵ ਪਿਆ। ਆਪ ਦਾ ਜਨਮ ਇੱਕ ਖੁਸ਼ਹਾਲ ਪਰਿਵਾਰ ਵਿੱਚ ਹੋਇਆ ਸੀ ਪਰ ਆਪ ਨੂੰ ਗ਼ਦਰ ਪਾਰਟੀ ਦੇ ਪ੍ਰੋਗਰਾਮ ਨੇ ਤੇ ਗ਼ਦਰੀਆਂ ਦੇ ਸਾਥ ਨੇ ਦੇਸ਼ ਭਗਤੀ ਦੇ ਰਾਹ ਵੱਲ ਤੋਰ ਲਿਆ। ਆਪ ਨੇ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਕੇ ਸਰਗਰਮੀ ਨਾਲ ਕੰਮ ਕੀਤਾ। ਪਿੰਡ ਦੇ ਹੋਰ ਸਾਥੀਆਂ ਨਾਲ ਆਪ ਨੂੰ ਵੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਆਪ ਨੂੰ ਤਿੰਨ ਸਾਲ

ਦੀ ਸਖ਼ਤ ਸਜ਼ਾ ਹੋਈ।

ਆਪ ਕੈਦ ਕੱਟ ਕੇ ਰਿਹਾਅ ਹੋ ਕੇ ਪਿੰਡ ਢੁੱਡੀਕੇ ਆ ਗਏ। ਆਪ ਨੇ ਆਪਣੀ ਰਾਜਸੀ ਸਰਗਰਮੀ ਉਸੇ ਤਰ੍ਹਾਂ ਜਾਰੀ ਰੱਖੀ। ਸੰਨ 1966 ਵਿੱਚ ਆਪ ਅਕਾਲ ਚਲਾਣਾ ਕਰ ਗਏ। ਆਪ ਜੀ ਦਾ ਪਰਿਵਾਰ ਦੇਸ਼ ਭਗਤ ਗ਼ਦਰੀ ਬਾਬੇ ਯਾਦਗਾਰੀ ਕਮੇਟੀ ਨੂੰ ਸਮੇਂ ਸਮੇਂ ਸਹਾਇਤਾ ਦਿੰਦਾ ਆ ਰਿਹਾ ਹੈ। ਪਿਛਲੇ ਸਮੇਂ ਬਾਬਾ ਜੀ ਦੇ ਪਰਿਵਾਰ ਨੇ ਆਪ ਜੀ ਦੀ ਯਾਦ ਵਿਚ ਯਾਦਗਾਰੀ ਲਾਟ ਦੇ ਗੇਟ ਦੀ ਸੇਵਾ ਕਰਵਾਈ ਸੀ।

***

# ਸ਼ਤਾਬਦੀ ਵਰ੍ਹਾ:1916--2016

| ਨੰ. | ਤਾਰੀਖ | ਮਹੀਨਾ | ਸਾਲ | ਵੇਰਵਾ |
|---|---|---|---|---|
| 1 | 5 | ਜਨਵਰੀ | 1916 | ਸ਼ਹੀਦੀ ਬੂੰਦੇ ਖਾਂ (ਰੰਗੂਨ ਜੇਲ੍ਹ 'ਚ ਸ਼ਹੀਦ) |
| 2 | 20 | ਜਨਵਰੀ | 1916 | ਸ਼ਹੀਦੀ ਭੋਲਾ ਨਾਥ ਚੈਟਰਜੀ |
| 3 | 10 | ਫਰਵਰੀ | 1916 | ਪੰਡਿਤ ਸੋਹਨ ਲਾਲ ਪਾਠਕ ਨੂੰ ਬਰਮਾ ਵਿੱਚ ਫਾਂਸੀ |
| 4 | 8 | ਮਾਰਚ | 1916 | ਸ਼ਹੀਦੀ ਗਾਂਧਾ ਸਿੰਘ ਕੱਚਰਭੰਨ |
| 5 | 21 | ਮਾਰਚ | 1916 | ਸ਼ਹੀਦੀ ਹੌਲਦਾਰ ਜਲੇਸ਼ਵਰ ਸਿੰਘ (*Hanged in Delhi Jail*) |
| 6 | 16 | ਮਈ | 1916 | ਗ਼ਦਰੀ ਪ੍ਰੇਮ ਸਿੰਘ (ਸੁਰ ਸਿੰਘ) ਨੂੰ ਫਾਂਸੀ |
| 7 | 16 | ਮਈ | 1916 | ਗ਼ਦਰੀ ਇੰਦਰ ਸਿੰਘ (ਪੱਧਰੀ) ਨੂੰ ਫਾਂਸੀ |
| 8 | 18 | ਜੂਨ | 1916 | ਦੂਜੇ ਲਾਹੌਰ ਸਾਜ਼ਿਸ਼ ਕੇਸ ਵਿੱਚ ਰੂੜ ਸਿੰਘ (ਤਲਵੰਡੀ ਦੁਸਾਂਝ, ਫਿਰੋਜ਼ਪੁਰ) ਨੂੰ ਫਾਂਸੀ। |
| 9 | 18 | ਜੂਨ | 1916 | ਦੂਜੇ ਲਾਹੌਰ ਸਾਜ਼ਿਸ਼ ਕੇਸ ਵਿੱਚ ਈਸ਼ਰ ਸਿੰਘ (ਢੁੱਡੀਕੇ,ਫਿਰੋਜ਼ਪੁਰ) ਨੂੰ ਫਾਂਸੀ |
| 10 | 18 | ਜੂਨ | 1916 | ਦੂਜੇ ਲਾਹੌਰ ਸਾਜ਼ਿਸ਼ ਕੇਸ ਵਿੱਚ ਬੀਰ ਸਿੰਘ (ਬਾਹੋਵਾਲ, ਹੁਸ਼ਿਆਰਪੁਰ) ਨੂੰ ਫਾਂਸੀ। |
| 11 | 18 | ਜੂਨ | 1916 | ਦੂਜੇ ਲਾਹੌਰ ਸਾਜ਼ਿਸ਼ ਕੇਸ ਵਿੱਚ ਰੰਗਾ ਸਿੰਘ (ਖੁਰਦਪੁਰ, ਜਲੰਧਰ) ਨੂੰ ਫਾਂਸੀ। |
| 12 | 18 | ਜੂਨ | 1916 | ਦੂਜੇ ਲਾਹੌਰ ਸਾਜ਼ਿਸ਼ ਕੇਸ ਵਿੱਚ ਉਤਮ ਸਿੰਘ (ਹਾਂਸ ਕਲਾਂ, ਲੁਧਿਆਣਾ) ਨੂੰ ਫਾਂਸੀ। |
| 13 | 2 | ਅਗਸਤ | 1916 | ਸ਼ਹੀਦੀ ਕ੍ਰਾਂਤੀਕਾਰੀ ਨਗੇਂਦਰ ਚਕਰਵਰਤੀ (ਬੰਬ ਬਣਾਉਂਦੇ ਸਮੇਂ ਸ਼ਹੀਦ) |
| 14 | 14 | ਨਵੰਬਰ | 1916 | ਬਰਮਾ ਸਾਜਿਸ਼ ਕੇਸ ਦੇ ਗ਼ਦਰੀਆਂ ਦੀ ਸ਼ਹਾਦਤ :ਹਰਨਾਮ ਸਿੰਘ (ਸਾਹਰੀ, ਹੁਸ਼ਿਆਰਪੁਰ) ਮਾਂਡਲੇ ਜੇਲ੍ਹ ਵਿੱਚ ਫਾਂਸੀ |
| 15 | 14 | ਨਵੰਬਰ | 1916 | ਬਰਮਾ ਸਾਜਿਸ਼ ਕੇਸ ਦੇ ਗ਼ਦਰੀਆਂ ਦੀ ਸ਼ਹਾਦਤ : ਨਰੈਣ ਸਿੰਘ (ਬੱਲੋਂ, ਪਟਿਆਲਾ ਰਿਆਸਤ) ਮਾਂਡਲੇ ਜੇਲ੍ਹ ਵਿੱਚ ਫਾਂਸੀ |
| 16 | 15 | ਨਵੰਬਰ | 1916 | ਬਰਮਾ ਸਜ਼ਿਸ਼ ਕੇਸ ਦੇ ਗ਼ਦਰੀਆਂ ਦੀ ਸ਼ਹਾਦਤ : ਚਾਲੀਆ ਰਾਮ (ਸਾਹਨੇਵਾਲ, ਲੁਧਿਆਣਾ) ਮਾਂਡਲੇ ਜੇਲ੍ਹ ਵਿੱਚ ਫਾਂਸੀ |
| 17 | 15 | ਨਵੰਬਰ | 1916 | ਬਰਮਾ ਸਜ਼ਿਸ਼ ਕੇਸ ਦੇ ਗ਼ਦਰੀਆਂ ਦੀ ਸ਼ਹਾਦਤ : ਵਸਾਵਾ ਸਿੰਘ (ਵਾੜਾ, ਹੁਸ਼ਿਆਰਪੁਰ) ਮਾਂਡਲੇ ਜੇਲ੍ਹ ਵਿੱਚ ਫਾਂਸੀ |
| 18 | 16 | ਨਵੰਬਰ | 1916 | ਬਰਮਾ ਸਜ਼ਿਸ਼ ਕੇਸ ਦੇ ਗ਼ਦਰੀਆਂ ਦੀ ਸ਼ਹਾਦਤ : ਨਰੰਜਣ ਸਿੰਘ (ਸੰਗਤਪੁਰਾ, ਲੁਧਿਆਣਾ) ਮਾਂਡਲੇ ਜੇਲ੍ਹ ਵਿੱਚ ਫਾਂਸੀ |
| 19 | 16 | ਨਵੰਬਰ | 1916 | ਬਰਮਾ ਸਜ਼ਿਸ਼ ਕੇਸ ਦੇ ਗ਼ਦਰੀਆਂ ਦੀ ਸ਼ਹਾਦਤ : ਪਾਲਾ ਸਿੰਘ (ਸ਼ੇਰਪੁਰ, ਲੁਧਿਆਣਾ) ਮਾਂਡਲੇ ਜੇਲ੍ਹ ਵਿੱਚ ਫਾਂਸੀ |
| 20 | 30 | ਨਵੰਬਰ | 1916 | ਸ਼ਹੀਦੀ ਕ੍ਰਾਂਤੀਕਾਰੀ ਸ਼ਰਧਾ ਕਾਂਤ ਮਿੱਤਰਾ (ਜੇਲ੍ਹ 'ਚ ਸ਼ਹੀਦ) |
| 21 | | ਨਵੰਬਰ | 1916 | ਸ਼ਹੀਦੀ ਕ੍ਰਾਂਤੀਕਾਰੀ ਕੇਸ਼ਵ ਲਾਲ ਡੇਅ (ਜੇਲ੍ਹ 'ਚ ਸ਼ਹੀਦ) |
| 22 | 4 | ਦਸੰਬਰ | 1916 | ਸ਼ਹੀਦੀ ਕ੍ਰਾਂਤੀਕਾਰੀ ਵਿਰੇਂਦਰ ਮੁਖਰਜੀ (ਜੇਲ੍ਹ 'ਚ ਸ਼ਹੀਦ) |
| 23 | 10 | ਦਸੰਬਰ | 1916 | ਸ਼ਹੀਦੀ ਕ੍ਰਾਂਤੀਕਾਰੀ ਸੁਰੇਂਦਰ ਨਾਥ ਕਾਰ (ਜੇਲ੍ਹ 'ਚ ਸ਼ਹੀਦ) |

*ਤਿਆਰ ਕਰਤਾ : ਬਲਵਿੰਦਰ ਕੌਰ ,ਲਾਇਬਰੇਰੀਅਨ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ।*

# ਹਜਾਰੀ ਬਾਗ ਜੇਲ੍ਹ ਦੀਆਂ ਸਜ਼ਾਵਾਂ ਭੁਗਤਣ ਵਾਲੇ ਦੇਸ਼ ਭਗਤ


ਰਣਧੀਰ ਸਿੰਘ ਨਾਰੰਗਵਾਲ


ਹਰਨਾਮ ਸਿੰਘ ਕਾਲਾ ਸੰਘਿਆਂ


ਬੋਘ ਸਿੰਘ ਝਾੜ ਸਾਹਿਬ


ਸੁੱਚਾ ਸਿੰਘ ਚੋਹਲਾ ਸਾਹਿਬ


ਹਰਨਾਮ ਸਿੰਘ ਗੁੱਜਰਵਾਲ


ਪਾਖਰ ਸਿੰਘ ਢੁੱਡੀਕੇ


ਕਿਰਪਾ ਸਿੰਘ ਲੌਂਗਮਜਾਰੀ


ਠਾਕਰ ਸਿੰਘ ਠੱਠੀਆਂ


ਸੱਜਣ ਸਿੰਘ ਨਾਰੰਗਵਾਲ


ਮੰਗਲ ਸਿੰਘ ਵਲਟੋਹਾ


ਪਾਲਾ ਸਿੰਘ ਢੁੱਡੀਕੇ


ਹਰਭਜਨ ਸਿੰਘ ਚਮਿੰਡਾ


ਅਰਜਨ ਸਿੰਘ ਜਗਰਾਉਂ


ਗੁੱਜਰ ਸਿੰਘ ਭਕਨਾ


ਜੱਸਾ ਸਿੰਘ ਝਾੜ ਸਾਹਿਬ


ਸ਼ੇਰ ਸਿੰਘ ਠੀਕਰੀਵਾਲਾ


ਪਾਲਾ ਸਿੰਘ ਢੁੱਡੀਕੇ


ਮਹਿੰਦਰ ਸਿੰਘ ਢੁੱਡੀਕੇ


ਸ਼ਾਮ ਸਿੰਘ ਢੁੱਡੀਕੇ


ਅਤਰ ਸਿੰਘ ਧੀਕਮਪੁਰ


*1-2 Desh Bhagat Yadgar Building*
*G.T. Road, Jalandhar, Punjab, India*
*Phone : 98140-87063*
*5aabparkashan@gmail.com*
*www.5aabparkashan.com*

₹ 40